PUNJABI UNIVERSITY PATIALA

**ਬੀ.ਏ ਭਾਗ ਤੀਜਾ** **ਸੁਰੱਖਿਆ ਅਤੇ ਯੁੱਧਨੀਤੀ ਅਧਿਐਨ**

**ਸਮੈਸਟਰ – ਪੰਜਵਾਂ**

**ਯੂਨਿਟ ਨੰਬਰ : 1**

**ਪਾਠ ਨੰਬਰ :**

1.1 : ਰਾਸ਼ਟਰੀ ਸੁਰੱਖਿਆ : ਸਿਧਾਂਤਕ ਪੱਖ

1.2 : ਰਾਸ਼ਟਰੀ ਸੁਰੱਖਿਆ ਦੇ ਤੱਤ

1.3 : ਵੰਡ ਦੇ ਭੂ–ਰਾਜਨੀਤਿਕ ਪ੍ਰਭਾਵ
- 1.3.1 ਪਾਕਿਸਤਾਨ ਨਾਲ ਸਬੰਧਿਤ ਭਾਰਤ ਦੀਆਂ ਸੁਰੱਖਿਆ ਸਮੱਸਿਆਵਾਂ
- 1.3.2 ਚੀਨ ਨਾਲ ਸਬੰਧਿਤ ਭਾਰਤ ਦੀਆਂ ਸੁਰੱਖਿਆ ਸਮੱਸਿਆਵਾਂ

1.4 : ਹਿੰਦ ਮਹਾਂਸਾਗਰ ਅਤੇ ਭਾਰਤ ਦੀ ਸੁਰੱਖਿਆ
- (i) ਹਿੰਦ ਮਹਾਂਸਾਗਰ ਦੀ ਭੂ–ਰਾਜਨੀਤਕ ਮਹੱਤਤਾ
- (ii) ਹਿੰਦ ਮਹਾਂਸਾਗਰ ਅਤੇ ਭਾਰਤ ਦੀ ਰਾਜਨੀਤਿਕ ਅਤੇ ਆਰਥਿਕ ਸੁਰੱਖਿਆ
- (iii) ਨੇਵੀ ਅਤੇ ਸਮੁੰਦਰੀ ਤੱਟ ਰੱਖਿਅਕਾਂ ਦਾ ਰੋਲ

1.5 : ਭਾਰਤ ਦੀ ਪ੍ਰਮਾਣੂ ਨੀਤੀ
- (i) ਉਦੇਸ਼
- (ii) ਨੀਤੀ
- (iii) ਭਾਰਤੀ ਪ੍ਰਮਾਣੂ ਸਮਰੱਥਾ

**ਨੋਟ:– ਵਿਦਿਆਰਥੀ ਵਿਭਾਗੀ ਵੈਬਸਾਈਟ www.pbidde.org ਤੋਂ ਸਿਲੇਬਸ ਡਾਊਨਲੋਡ ਕਰ ਸਕਦੇ ਹਨ।**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸਭ ਹੱਕ ਰਾਖਵੇਂ ਹਨ)

# ਰਾਸ਼ਟਰੀ ਸੁਰੱਖਿਆ ਦੀ ਧਾਰਨਾ

**(Concept of National Security)**

**ਭੂਮਿਕਾ :–** ਕਿਸੇ ਦੇਸ਼ ਦੀ ਪ੍ਰਭੁਤਾ ਅਤੇ ਖੇਤਰੀ ਏਕਤਾ ਨੂੰ ਕਿਸੇ ਬਾਹਰੀ ਹਮਲੇ ਤੋਂ ਬਚਾਉਣ ਨੂੰ ਰਾਸ਼ਟਰੀ ਸੁਰੱਖਿਆ ਕਹਿੰਦੇ ਹਨ। ਸੁਰੱਖਿਆ ਤਾਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੇ ਸਾਡੀਆਂ ਸੈਨਾਵਾਂ ਕਿਸੇ ਵੀ ਖਤਰੇ ਦਾ ਮੁਕਾਬਲਾ ਕਰ ਸਕਣ ਯੋਗ ਹੋਣ ਤੇ ਸਾਡੇ ਬਾਹਰੀ ਦੇਸ਼ਾਂ ਨਾਲ ਸੰਬੰਧ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ, ਜੋ ਸਾਡੀ ਸਰਹੱਦਾਂ ਤੇ ਸਥਿਰਤਾ ਬਣਾ ਸਕਣ।

ਇਸ ਤੋਂ ਪਹਿਲਾਂ ਕਿ ਅਸੀਂ ਰਾਸ਼ਟਰੀ ਸੁਰੱਖਿਆ, ਇਸ ਦੇ ਸਿਧਾਂਤ ਜਾਂ ਇਸ ਦੇ ਤੱਤਾਂ ਦੀ ਵਿਆਖਿਆ ਕਰੀਏ ਸਾਨੂੰ ਸਮਝਣਾ ਚਾਹੀਦਾ ਹੈ ਕਿ ਰਾਸ਼ਟਰ ਕਿਸ ਨੂੰ ਆਖਦੇ ਹਨ।

ਰਾਸ਼ਟਰ ਸ਼ਬਦ, ਲੈਟਿਨ ਸ਼ਬਦ 'ਨੇਸ਼ਨ' (Nation) ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਹੈ ਪੈਦਾ ਹੋਣਾ (Born)। ਇਹ ਇਸ ਨੂੰ ਇਕ ਜਾਤੀ ਜਾਂ ਨਸਲੀ ਭਾਵ ਦਿੰਦਾ ਹੈ।

ਸ਼ਬਦ ਵਿਗਿਆਨ ਅਨੁਸਾਰ ਰਾਸ਼ਟਰ ਵਿਚ ਲੋਕ ਇਕ ਸਾਂਝੇ ਸਮੂਹ ਵਿਚੋਂ ਆਏ ਹਨ। ਜਦੋਂ ਇਸ ਭਾਵ ਵਿਚ ਲਿਆ ਜਾਂਦਾ ਹੈ ਕਿ ਰਾਸ਼ਟਰ ਦਾ ਅਰਥ ਹੈ ਕਿ ਲੋਕ, ਖੂਨ ਦੇ ਰਿਸ਼ਤੇ ਕਾਰਨ ਇਕ ਸਮਾਜ ਵਿਚ ਬੰਨ੍ਹੇ ਹੋਏ ਹਨ। ਪਰੰਤੂ ਸਮਾਜ ਵਿਚ ਖੂਨ ਦੀ ਭਿੰਨਤਾ ਹੁੰਦੀ ਹੈ ਜੋ ਕਿ ਆਧੁਨਿਕ ਪ੍ਰਵਾਸਣ ਅਤੇ ਆਪਸ ਵਿਚ ਰਲਣ ਮਿਲਣ ਕਾਰਨ ਉਤਪੰਨ ਹੁੰਦੀ ਹੈ। ਇਸੇ ਫਲਸਰੂਪ ਹੀ ਭਾਰਤ, ਯੂਐਸ.ਏ, ਯੂ.ਕੇ. ਆਦਿ ਦੇ ਸਮਾਜ ਵਿਚ ਕਈ ਨਸਲਾਂ ਜਾਂ ਮਿਲੇ ਖੂਨ ਦੀ ਬਣੀਆਂ ਹਨ। ਇਸ ਤਰ੍ਹਾਂ ਰਾਸ਼ਟਰ ਦੀ ਨਸਲੀ ਤੌਰ ਤੇ ਕੋਈ ਮਹੱਤਤਾ ਨਹੀਂ।

ਇਕ ਸਮਾਜਿਕ ਸ਼ਾਸਤਰੀ ਅਤੇ ਸੁਰੱਖਿਆ ਸਿਧਾਂਤਾਂ ਤੋਂ ਜਾਣੂ ਵਿਅਕਤੀ ਲਈ 'ਰਾਸ਼ਟਰ' ਇਕ ਸਰਬ ਸੱਤਾਧਾਰੀ ਰਾਜ ਹੈ ਅਤੇ ਉਹ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੰਦੇ ਹਨ, ''ਕਿ ਰਾਸ਼ਟਰ ਥੋੜ੍ਹੇ ਜਾਂ ਬਹੁਤ ਲੋਕਾਂ ਦੀ ਇਕ ਬਰਾਦਰੀ ਹੈ, ਜਿਨ੍ਹਾਂ ਕੋਲ ਸਥਾਈ ਰੂਪ ਵਿੱਚ ਇਕ ਨਿਸ਼ਚਿਤ ਇਲਾਕਾ ਹੈ ਜਿਹੜੇ ਕਿ ਬਾਹਰੀ ਨਿਯੰਤਰਣ ਤੋਂ ਥੋੜ੍ਹੀ ਜਾਂ ਪੂਰੀ ਤਰ੍ਹਾਂ ਆਜ਼ਾਦ ਹਨ ਅਤੇ ਉਨ੍ਹਾਂ ਦੀ ਆਪਣੀ ਸੰਗਠਿਤ ਸਰਕਾਰ ਹੈ ਜਿਸ ਦਾ ਕਿ ਇਸ ਦੇ ਨਿਵਾਸੀ ਹੁਕਮ ਮੰਨਣ ਦੇ ਆਦਿ ਹਨ।''

ਇਸ ਤਰ੍ਹਾਂ ਰਾਸ਼ਟਰ ਇਕ ਅਨੁਭਾਵਿਕ ਚੀਜ਼ ਨਹੀਂ ਹੈ ਅਤੇ ਇਹ ਦੇਖੀ ਨਹੀਂ ਜਾ ਸਕਦੀ। ਪਰੰਤੂ ਜੋ ਅਨੁਭਾਵਿਕ ਤੌਰ ਤੇ ਦੇ ਖਿਆ ਜਾ ਸਕਦਾ ਹੈ, ਉਹ ਵਿਅਕਤੀ ਹਨ ਜਿਹੜੇ ਕਿ ਰਾਸ਼ਟਰ ਨਾਲ ਸੰਬੰਧਿਤ ਹੁੰਦੇ ਹਨ।

ਇਸ ਤਰ੍ਹਾਂ ਰਾਸ਼ਟਰ ਬਹੁਤ ਸਾਰੇ ਵਿਅਕਤੀਆਂ ਤੋਂ ਬਣਿਆ ਹੈ, ਜਿਨ੍ਹਾਂ ਦੀਆਂ ਕੁਝ ਸਾਂਝੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਅਤੇ ਇਨ੍ਹਾਂ ਵਿਸ਼ੇਸ਼ਤਾਵਾਂ ਕਾਰਨ ਹੀ ਉਹ ਰਾਸ਼ਟਰ ਦੇ ਮੈਂਬਰ ਹਨ। ਇਕ ਰਾਸ਼ਟਰ ਦੇ ਮੈਂਬਰ ਹੋਣ ਦੇ ਨਾਤੇ ਸੋਚਣ, ਮਹਿਸੂਸ ਕਰਨ ਅਤੇ ਉਸ ਸਮਰੱਥਾ ਵਿਚ ਕੰਮ ਕਰਨ ਦੇ ਬਾਵਜੂਦ ਵੀ ਵਿਅਕਤੀ ਦਾ ਕਿਸੇ ਖਾਸ ਸਮਾਜਿਕ ਅਤੇ ਆਰਥਿਕ ਸ਼੍ਰੇਣੀ, ਰਾਜਨੀਤਿਕ ਦਲ, ਜਾਂ ਇਕ ਪਰਿਵਾਰ ਨਾਲ ਸੰਬੰਧ ਹੋ ਸਕਦਾ ਹੈ ਅਤੇ ਉਹ ਇਨ੍ਹਾਂ ਸਮਰੱਥਾਵਾਂ ਵਿਚ ਹੀ ਸੋਚਦਾ ਅਤੇ ਮਹਿਸੂਸ ਕਰਦਾ ਅਤੇ ਕੰਮ ਕਰਦਾ ਹੈ। ਇਨ੍ਹਾਂ ਸਾਰੀਆਂ ਸਮਾਜਿਕ ਸੰਸਥਾਵਾਂ ਦਾ ਮੈਂਬਰ ਹੁੰਦੇ ਹੋਏ ਵੀ ਉਹ ਇਕ ਇਕਲਾ ਵਿਅਕਤੀ ਹੈ ਅਤੇ ਆਪਣੀ ਯੋਗਤਾ ਅਨੁਸਾਰ ਸੋਚਦਾ ਹੈ, ਮਹਿਸੂਸ ਕਰਦਾ ਹੈ ਅਤੇ ਕੰਮ ਕਰਦਾ ਹੈ। ਇਸ ਤਰ੍ਹਾਂ ਜਦੋਂ ਕੋਈ ਕਿਸੇ ਰਾਸ਼ਟਰ ਦੀ, ਅਨੁਭਾਵਿਕ ਤੌਰ ਤੇ ਸੁਰੱਖਿਆ ਬਾਰੇ ਸੋਚਦਾ ਹੈ ਤਾਂ ਉਸ ਦਾ ਭਾਵ ਕੁਝ ਵਿਅਕਤੀਆਂ ਦੀ ਸੁਰੱਖਿਆ ਤੋਂ ਹੈ ਜਿਹੜੇ ਕਿ ਉਸ ਰਾਸ਼ਟਰ ਨਾਲ ਸੰਬੰਧਿਤ ਹਨ। ਸਿਰਫ ਸੁਰੱਖਿਆ ਰਾਸ਼ਟਰ ਹੀ ਤਰੱਕੀ ਕਰ ਸਕਦਾ ਹੈ, ਬਿਨਾਂ ਸੁਰੱਖਿਆ ਦੇ ਉਸਦੀ ਉਨਤੀ ਅਤੇ ਆਰਥਿਕਤਾ ਨੂੰ ਹਰ ਵੇਲੇ ਖਤਰਾ ਹੈ।

# ਸੁਰੱਖਿਆ ਅਤੇ ਇਸ ਦਾ ਖੇਤਰ

## (Security and its Scope)

ਔਕਸਫੋਰਡ ਜਾਂ ਚੈਂਬਰਜ਼ ਸ਼ਬਦ-ਕੋਸ਼ (Dictionary) ਅਨੁਸਾਰ ਸੁਰੱਖਿਆ ਤੋਂ ਭਾਵ ਆਪਣੀ ਹਿਫਾਜ਼ਤ ਜਾਂ ਖਤਰੇ ਤੋਂ ਮੁਕਤ ਹੋਣ ਦੀ ਹਾਲਤ ਜਾਂ ਸੋਚਣ ਜਾਂ ਸੁਰੱਖਿਆ ਦੇ ਸਾਧਨਾਂ ਦੀ ਪ੍ਰਾਪਤੀ ਤੋਂ ਹੈ। ਇਹ ਖਤਰਾ ਸੁਰੱਖਿਆ ਦੇ ਲਿਹਾਜ ਨਾਲ ਵੱਖ-ਵੱਖ ਪੱਧਰਾਂ ਤੇ ਵਿਅਕਤੀਆਂ ਦਾ ਗਰੁੱਪ ਜਾਂ ਗਰੁੱਪਾਂ ਤੋਂ ਵੱਖ-ਵੱਖ ਕਿਸਮ ਦਾ ਹੋ ਸਕਦਾ ਹੈ। ਪ੍ਰੰਤੂ ਸੁਰੱਖਿਆ ਦੀ ਧਾਰਨਾ ਲਈ ਭੂਗੋਲਿਕ, ਰਾਜਨੀਤਿਕ, ਆਰਥਿਕ, ਤਕਨੀਕੀ ਅਤੇ ਜੰਗੀ ਮਹੱਤਵ ਦੀਆਂ ਗੱਲਾਂ ਜਿਹੜੀਆਂ ਕਿ ਦੇਸ਼ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ, ਦਾ ਵਿਆਪਕ ਦ੍ਰਿਸ਼ਟੀਕੋਣ ਦਾ ਹੋਣਾ ਜ਼ਰੂਰੀ ਹੈ। ਦੂਸਰੇ ਸ਼ਬਦਾਂ ਵਿਚ ਰਾਸ਼ਟਰੀ ਸੁਰੱਖਿਆ ਤੋਂ ਭਾਵ ਕੇਵਲ ਦੇਸ਼ ਦੀਆਂ ਸਰਹੱਦਾਂ ਦੀ ਹਿਫ਼ਾਜਤ ਤੋਂ ਨਹੀਂ ਸਗੋਂ ਇਹ ਦੇਖਣਾ ਕਿ ਦੇਸ਼ ਆਪਣੀ ਮਾਲੀਅਤ ਦੀ ਦੇਖ-ਭਾਲ ਕਿਸ ਤਰ੍ਹਾਂ ਕਰਦਾ ਹੈ ਅਤੇ ਇਕ ਸਮਾਨਤਾ ਵਾਲੇ (Egalitarian society) ਸਮਾਜ ਦੀ ਸਥਾਪਨਾ ਕਰਨਾ ਹੈ। ਕੋਈ ਵੀ ਚੀਜ਼ ਜੋ ਅੰਦਰੋਂ ਜਾਂ ਬਾਹਰੋਂ ਦੇਸ਼ ਦੇ ਵਿਕਾਸ ਲਈ ਰੋੜਾ ਅਟਕਾਉਂਦੀ ਹੈ, ਉਹ ਰਾਸ਼ਟਰ ਦੀ ਸੁਰੱਖਿਆ ਲਈ ਖਤਰਾ ਹੈ।

ਬੇਸ਼ਕ, ਰਾਸ਼ਟਰੀ ਸੁਰੱਖਿਆ ਹਰ ਦੇਸ਼ ਲਈ ਇਕ ਮਹੱਤਵਪੂਰਨ ਅਤੇ ਜ਼ਰੂਰੀ ਮਸਲਾ ਹੈ ਪ੍ਰੰਤੂ ਅੰਤਰ-ਰਾਸ਼ਟਰੀ ਰਾਜਨੀਤੀ ਵਿਚ ਇਹ ਦੇਸ਼ਾਂ ਵਿਚਕਾਰ ਸੰਬੰਧਾਂ ਦਾ ਪ੍ਰਮੁੱਖ ਆਧਾਰ ਹੈ। ਆਮ ਤੌਰ ਤੇ ਲੇਖਕ ਰਾਸ਼ਟਰੀ ਸੁਰੱਖਿਆ ਨੂੰ ਸਿੱਧੇ ਸ਼ਬਦਾਂ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ''ਇਹ ਕਿਸੇ ਦੇਸ਼ ਦੀ ਉਹ ਸਮਰੱਥਾ ਹੈ, ਜੋ ਉਸ ਦੀਆਂ ਅੰਦਰੂਨੀ ਕਦਰਾਂ-ਕੀਮਤਾਂ ਨੂੰ ਬਾਹਰੀ ਖਤਰੇ ਤੋਂ ਬਚਾਉਂਦੀ ਹੈ।'' ਇਸ ਲਈ ਰਾਸ਼ਟਰੀ ਸੁਰੱਖਿਆ ਦਾ ਵਿਸ਼ਾ ਉਸ 'ਸਮਰਥਾ' ਨੂੰ ਵਧਾਉਣ ਅਤੇ ਕਾਇਮ ਰੱਖਣ ਲਈ ਦੇਸ਼ ਦੀਆਂ ਨੀਤੀਆਂ ਨੂੰ ਬਣਾਉਣਾ ਅਤੇ ਉਨ੍ਹਾਂ ਦਾ ਮੁਲਾਂਕਣ ਕਰਨਾ ਹੈ। ਵਾਲਟਰ ਲਿਪਮੈਨ, ਰਾਸ਼ਟਰੀ ਸੁਰੱਖਿਆ ਨੂੰ ਇਨ੍ਹਾਂ ਸ਼ਬਦਾਂ ਵਿਚ ਪ੍ਰਭਾਸ਼ਿਤ ਕਰਦਾ ਹੈ, ''ਦੇਸ਼ ਉਦੋਂ ਸੁਰੱਖਿਅਤ ਹੈ, ਜਦੋਂ ਉਸ ਨੂੰ ਯੁੱਧ ਟਾਲਣ ਲਈ ਆਪਣੇ ਰਾਸ਼ਟਰੀ ਹਿੱਤਾਂ ਦੀ ਕੁਰਬਾਨੀ ਨਾ ਦੇਣੀ ਪਵੇ ਅਤੇ ਲੋੜ ਪੈਣ ਤੇ ਯੁੱਧ ਦੁਆਰਾ ਇਨ੍ਹਾਂ ਹਿੱਤਾਂ ਦੀ ਰਾਖੀ ਕਰਨ ਦੇ ਸਮਰਥ ਹੋਵੇ।''

ਰਾਸ਼ਟਰੀ ਸੁਰੱਖਿਆ ਬਾਰੇ ਵੱਖ-ਵੱਖ ਦੇਸ਼ਾਂ ਦੀ ਧਾਰਨਾ ਵੀ ਵੱਖੋ-ਵੱਖਰੀ ਹੈ। ਇਸ ਲਈ ਕੋਈ ਇਕ ਫਾਰਮੂਲਾ ਨਹੀਂ ਹੈ, ਜੋ ਸੁਰੱਖਿਆ ਨੂੰ ਬਿਆਨ ਕਰ ਸਕੇ ਅਤੇ ਉਹ ਹਰ ਸਥਿਤੀ ਅਤੇ ਹਰ ਦੇਸ਼ ਉਤੇ ਲਾਗੂ ਹੁੰਦਾ ਹੋਵੇ। ਇਸ ਦੇ ਬਹੁਤ ਸਾਰੇ ਮਤਲਬ ਹਨ ਜੋ ਕਿ ਵੱਖਰੀਆਂ ਵੱਖਰੀਆਂ ਧਾਰਨਾਵਾਂ, ਕਦਰਾਂ-ਕੀਮਤਾਂ, ਇੱਛਾਵਾਂ ਅਤੇ ਸਰੋਤਾਂ ਤੇ ਨਿਰਭਰ ਕਰਦੇ ਹਨ। ਕਿਸੇ ਇਕ ਲਈ ਰਾਸ਼ਟਰੀ ਸੁਰੱਖਿਆ ਦਾ ਭਾਵ ਸਥਿਤੀਆਂ ਨੂੰ ਬਰਕਰਾਰ ਰੱਖਣਾ (Status quo) ਹੈ ਅਤੇ ਕਿਸੇ ਹੋਰ ਲਈ ਸਿਰਫ ਖੇਤਰੀ ਫੈਲਾਅ, ਕਿਸੇ ਰਾਜ ਤੇ ਕਬਜਾ ਕਰਨਾ ਜਾਂ ਹੋਰ ਮੁਲਕਾਂ ਅਤੇ ਲੋਕਾਂ ਨੂੰ ਆਪਣੇ ਅਧੀਨ ਕਰਨਾ ਹੀ ਰਾਸ਼ਟਰੀ ਸੁਰੱਖਿਆ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ ਕੋਈ ਰਾਸ਼ਟਰ, ਆਪਣੇ ਆਪ ਨੂੰ ਸੁਰੱਖਿਅਤ ਜਾਂ ਅਸੁਰੱਖਿਅਤ ਕਦੋਂ ਮਹਿਸੂਸ ਕਰਦਾ ਹੈ? ਜਦੋਂ ਕੋਈ ਰਾਸ਼ਟਰ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹੈ ਤਾਂ ਬੇਸ਼ਕ ਇਹ ਉਸ ਦੀ ਸਮਰਥਾ ਦੇ ਨਿਰਭਰ ਕਰਦਾ ਹੈ ਕਿ ਉਹ ਕਿਸੇ ਹਮਲਾ ਕਰ ਸਕਣ ਜਾਂ ਆਪਣੇ ਉਪਰ ਹਮਲੇ ਦਾ ਸਫਲਤਾਪੂਰਵਕ ਜਵਾਬ ਦੇ ਸਕਣ ਦੇ ਸਮਰਥਾਵਾਨ ਹੈ। ਕੋਈ ਦੇਸ਼ ਅਸੁਰੱਖਿਆ ਦੀ ਭਾਵਨਾ ਉਦੋਂ ਮਹਿਸੂਸ ਕਰਦਾ ਹੈ ਜਦੋਂ ਉਸ ਦੀਆਂ ਨੀਤੀਆਂ ਭਾਵੇਂ ਕਿ ਉਹ ਸਾਮਰਾਜਵਾਦੀ ਹੀ ਕਿਉਂ ਨਾ ਹੋਣ ਉਨ੍ਹਾਂ ਦੀ ਪੂਰਤੀ ਦੇ ਰਾਹ ਵਿਚ ਕੋਈ ਹੋਰ ਦੇਸ਼ ਜਾਂ ਦੇਸ਼ਾਂ ਦਾ ਸਮੂਹ ਆਉਂਦਾ ਹੈ।

ਰਾਸ਼ਟਰੀ ਸੁਰੱਖਿਆ ਤਿੰਨ ਮੁੱਖ ਮੁੱਦਿਆਂ ਤੇ ਨਿਰਭਰ ਕਰਦੀ ਹੈ :

(1) ਰਾਸ਼ਟਰ ਦੀ ਆਜ਼ਾਦੀ ਅਤੇ ਖੇਤਰੀ ਅਖੰਡਤਾ ਨੂੰ ਅੰਦਰੂਨੀ ਅਤੇ ਬਾਹਰੀ ਖਤਰਿਆਂ ਤੋਂ ਬਚਾਉਣਾ।

(2) ਦੇਸ਼ ਦੀਆਂ ਸਭਿਆਚਾਰਕ, ਸਮਾਜਿਕ ਅਤੇ ਆਰਥਿਕ ਕਦਰਾਂ-ਕੀਮਤਾਂ ਦੀ ਰਾਖੀ ਕਰਨਾ ਅਤੇ

(3) ਰਾਸ਼ਟਰ ਨੂੰ ਅੰਤਰ-ਰਾਸ਼ਟਰੀ ਪੱਧਰ ਉੱਤੇ ਯੋਗ ਸਥਾਨ ਦਿਵਾਉਣਾ।

### ਰਾਸ਼ਟਰੀ ਰੱਖਿਆ (National Defence)

ਜਦੋਂ ਅਸੀਂ ਰਾਸ਼ਟਰੀ ਸੁਰੱਖਿਆ ਦੀ ਗੱਲ ਕਰਦੇ ਹਾਂ ਤਾਂ ਉਦੋਂ ਇਕ ਹੋਰ ਸ਼ਬਦ ਦਾ ਜ਼ਿਕਰ ਆਉਂਦਾ ਹੈ ਜੋ ਹੈ ਰਾਸ਼ਟਰੀ ਰੱਖਿਆ। ਦੋਵੇਂ ਸ਼ਬਦ ਇਕੋ ਜਿਹੇ ਜਾਪਦੇ ਹਨ ਪ੍ਰੰਤੂ ਇਨ੍ਹਾਂ ਦੀ ਮਹੱਤਤਾ ਅਤੇ ਮਤਲਬ ਵਿਚ ਡੂੰਘਾ ਫਰਕ ਹੈ। 'ਰਾਸ਼ਟਰੀ ਰੱਖਿਆ' ਦਾ

ਮੁੱਢਲਾ ਅਰਥ ਹੈ ਦੇਸ਼ ਦੀ ਬਾਹਰੀ ਹਮਲੇ ਤੋਂ ਰੱਖਿਆ। ਰੱਖਿਆ ਸੈਨਾਵਾਂ ਨੂੰ ਬਾਹਰੀ ਹਮਲੇ ਦਾ ਮੁਕਾਬਲਾ ਕਰਨ ਲਈ ਤਿਆਰ ਬਰ ਤਿਆਰ ਰੱਖਣਾ ਇਸ ਦਾ ਮੁੱਢਲਾ ਉਦੇਸ਼ ਹੈ।

ਹਰ ਇਕ ਦੇਸ਼ ਆਪਣੀ ਅਨੁਭਵੀ ਸ਼ਕਤੀ ਅਨੁਸਾਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੰਤਵ ਲਈ ਨੀਤੀ ਬਣਾਉਂਦਾ ਹੈ ਅਤੇ ਕੁਝ ਮੰਤਵਾਂ, ਹਿੱਤਾਂ ਅਤੇ ਅਸੂਲਾਂ ਕਾਰਣ ਪਾਬੰਦੀਆਂ (Commitments) ਲਗਾ ਲੈਂਦਾ ਹੈ। ਹੇਠ ਲਿਖੀਆਂ ਕੁਝ ਲਾਈਨਾਂ ਇਨ੍ਹਾਂ ਧਾਰਨਾਵਾਂ ਨੂੰ ਸਪੱਸ਼ਟ ਕਰ ਦੇਣਗੀਆਂ।

### 1. ਰਾਸ਼ਟਰੀ ਹਿੱਤ (National Interests)

ਮੁੱਖ ਤੌਰ ਤੇ ਰਾਸ਼ਟਰੀ ਹਿੱਤ ਰਾਸ਼ਟਰੀ ਮੰਤਵ ਦਾ ਵਾਪਰ ਰਹੀਆਂ ਹਾਲਤਾਂ ਅਤੇ ਇਨ੍ਹਾਂ ਹਾਲਤਾਂ ਰਾਹੀਂ ਭਵਿੱਖ ਨੂੰ ਦ੍ਰਿਸ਼ਟੀਕੋਣ ਕਰਨ ਦਾ ਹੀ ਅਨੁਵਾਦ ਹਨ।

### 2. ਰਾਸ਼ਟਰੀ ਸਿਧਾਂਤ (National Principles)

ਰਾਸ਼ਟਰੀ ਸਿਧਾਂਤ, ਆਚਰਣ ਦੇ ਉਹ ਨਿਯਮ ਹਨ, ਜਿਹੜੇ ਕਿ ਕਿਸੇ ਰਾਸ਼ਟਰ ਨੂੰ ਉੱਚਾ ਚੁੱਕਦੇ ਹਨ। ਇਨ੍ਹਾਂ ਸਿਧਾਂਤਾ ਨੂੰ ਅਲਗ ਕਰਨਾ ਅਤੇ ਪਹਿਚਾਨਣਾ ਮੁਸ਼ਕਿਲ ਹੈ। ਭਾਵੇਂ ਇਨ੍ਹਾਂ ਨੂੰ ਸਮੇਂ ਅਨੁਸਾਰ ਸੋਧਿਆ ਜਾ ਸਕਦਾ ਹੈ। ਇਹ ਰਾਸ਼ਟਰੀ ਫੈਸਲਿਆਂ ਅਤੇ ਕੰਮਾਂ ਤੇ ਜ਼ੋਰਦਾਰ ਅਸਰ ਪਾਉਂਦੇ ਹਨ। ਕੁਝ ਸਿਧਾਂਤ ਜਿਹੜੇ ਕਿ ਦੇਸ਼ ਦੀ ਅਗਵਾਈ ਕਰਦੇ ਹਨ, ਉਹ ਹੇਠ ਲਿਖੇ ਹਨ :

(ਕ) ਮੂਲ-ਮਾਨਵ ਅਧਿਕਾਰਾਂ ਦਾ ਮਾਣ ਕਰਨਾ।

(ਖ) ਅੰਤਰ-ਰਾਸ਼ਟਰੀ ਝਗੜਿਆਂ ਦਾ ਸ਼ਾਂਤੀ ਪੂਰਵਕ ਢੰਗ ਨਾਲ ਇਸ ਤਰ੍ਹਾਂ ਨਿਪਟਾਰਾ ਕਰਨਾ ਕਿ ਅੰਤਰ-ਰਾਸ਼ਟਰੀ ਸ਼ਾਂਤੀ, ਹਿਫਾਜਤ ਅਤੇ ਨਿਆਂ ਨੂੰ ਕੋਈ ਚੋਟ ਨਾ ਪਹੁੰਚੇ।

(ਗ) ਹਰ ਇਕ ਛੋਟੇ ਵੱਡੇ ਜਾਂ ਹਾਲ ਵਿਚ ਹੋਏ ਆਜ਼ਾਦ ਰਾਸ਼ਟਰਾਂ ਦੀ ਪ੍ਰਭੂਸੱਤਾ ਦਾ ਮਾਣ ਕਰਨਾ।

### 3. ਰਾਸ਼ਟਰੀ ਉਦੇਸ਼ (National Objectives)

ਰਾਸ਼ਟਰੀ ਉਦੇਸ਼ ਉਹ ਮੁੱਖ ਨਿਸ਼ਾਨੇ ਹਨ, ਜਿਹੜੇ ਕਿ ਹਿੱਤਾਂ ਦੀ ਸਹਾਇਤਾ ਕਰਨ ਵਾਲੇ ਨਿਯਮਾਂ ਤੇ ਆਧਾਰਿਤ ਹਨ। ਕੁਝ ਉਦੇ ਸ਼ ਜਿਵੇਂ ਸਥਿਰ ਅਤੇ ਵਿਕਸਤ ਕਰ ਰਹੀ ਆਰਥਿਕ ਅਵਸਥਾ, ਲੜਾਈ ਦੀ ਨਿਪੁੰਨਤਾ ਅਤੇ ਸਮਾਜਿਕ ਤੇ ਸਾਂਸਕ੍ਰਿਤਕ ਵਿਕਾਸ ਆਦਿ ਹੋ ਸਕਦੇ ਹਨ।

### 4. ਰਾਸ਼ਟਰੀ ਨੀਤੀਆਂ (National Policies)

ਰਾਸ਼ਟਰੀ ਨੀਤੀਆਂ, ਰਾਸ਼ਟਰੀ ਉਦੇਸ਼ਾਂ ਦੀ ਪ੍ਰਾਪਤੀ ਲਈ ਨਿਸ਼ਚਿਤ ਅਸੂਲ ਹਨ। ਨੀਤੀਆਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਦਾ ਸਾਧਨ ਸਮਝੀਆਂ ਜਾ ਸਕਦੀਆਂ ਹਨ। ਭਾਵੇਂ ਉਦੇਸ਼ ਆਪਸੀ ਸੁਰੱਖਿਆ ਦਾ ਹੋਵੇ ਜਾਂ ਸ਼ਕਤੀਸ਼ਾਲੀ ਅਵਰੋਧਕ ਸੈਨਾ ਦਾ ਜਾਂ ਪ੍ਰਭਾਵਪੂਰਨ ਅੰਦਰੂਨੀ ਰੱਖਿਆ ਦਾ, ਰਾਸ਼ਟਰੀ ਨੀਤੀ ਵਿਚ ਉਹ ਸਾਰੇ ਰਾਸ਼ਟਰੀ ਤਾਕਤ ਦੇ ਤੱਤ ਹੋਣੇ ਚਾਹੀਦੇ ਹਨ ਜਿਹੜੇ ਕਿਸੇ ਪ੍ਰਭਾਵਪੂਰਨ ਨਤੀਜੇ ਤੇ ਪੁੱਜਣ ਵਿਚ ਸਹਾਇਕ ਸਿੱਧ ਹੋਣ। ਇਨ੍ਹਾਂ ਨੀਤੀਆਂ ਨੂੰ ਬਣਾਉਣਾ ਤੇ ਘੜਨਾ ਸਰਕਾਰ ਦਾ ਇਕ ਵੱਡਾ ਕੰਮ ਹੈ। ਸੈਨਿਕ ਸ਼ਕਤੀ ਦੇ ਪ੍ਰਯੋਗ ਨੂੰ ਸਮਝਣਾ ਵੀ ਇਕ ਜ਼ਰੂਰੀ ਕੰਮ ਹੈ।

### 5. ਰਾਸ਼ਟਰੀ ਵਚਨਬੱਧਤਾਵਾਂ (National Commitments)

ਰਾਸ਼ਟਰੀ ਵਚਨਬੱਧਤਾ ਰਾਸ਼ਟਰੀ ਨੀਤੀਆਂ ਦੀ ਸਹਾਇਤਾ ਲਈ ਵਿਸ਼ੇਸ਼ ਕੰਮ ਹਨ। ਅਸਲ ਵਿਚ, ਬਹੁਤ ਸ਼ਕਤੀਸ਼ਾਲੀ ਰਾਸ਼ਟਰਾਂ ਲਈ ਵੀ ਆਪਣੀ ਪੂਰੀ ਹਿਫਾਜਤ ਕਰਨਾ ਮੁਸ਼ਕਿਲ ਹੈ। ਹਰ ਅਚਨਚੇਤਨਾ ਤੋਂ ਬਚਣਾ ਵੀ ਮੁਸ਼ਕਿਲ ਹੈ ਅਤੇ ਦਾਅ ਪੇਚ (Strategy) ਰਾਜਨੀਤੀ ਦੀ ਤਰ੍ਹਾਂ ਹੈ ਜਿਸ ਨਾਲ ਇਸ ਦਾ ਗੂੜ੍ਹਾ ਸੰਬੰਧ ਹੈ ਅਤੇ ਜਿਸ ਦੇ ਵੱਖ-ਵੱਖ ਵਿਕਲਪ (Alternatives) ਹੋ ਸਕਦੇ ਹਨ। ਕੋਈ ਵੀ ਰਾਸ਼ਟਰ ਆਪਣੀ ਸੁਰੱਖਿਆ ਲਈ ਬਾਹਰਲੀਆਂ ਸ਼ਕਤੀਆਂ ਜਾਂ ਅੰਦਰੂਨੀ ਲੋਕਾਂ ਦੀ ਵਿਰੋਧਤਾ ਵੱਲ ਅਣਗਹਿਲੀ ਨਹੀਂ ਕਰ ਸਕਦਾ। ਸਾਧਨ ਅਤੇ ਸ਼ਕਤੀ ਅਤੇ ਵਚਨਬੱਧਤਾ ਤੇ ਸ਼ਕਤੀ ਵਿਚ ਚੰਗੇ ਸੰਬੰਧਾਂ ਦਾ ਹੋਣਾ ਵੀ ਬਹੁਤ

ਜ਼ਰੂਰੀ ਹੈ।

ਰਾਸ਼ਟਰੀ ਸੁਰੱਖਿਆ ਨੂੰ ਅੰਦਰੂਨੀ ਜਾਂ ਬਾਹਰੀ ਖੇਤਰਾਂ ਤੋਂ ਖਤਰਾ ਪੈਦਾ ਹੋ ਸਕਦਾ ਹੈ। ਜਿਹੜੇ ਖਤਰੇ ਦੇਸ਼ ਅੰਦਰ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਅੰਦਰੂਨੀ ਖਤਰੇ ਕਿਹਾ ਜਾਂਦਾ ਹੈ ਅਤੇ ਜਿਹੜੇ ਬਾਹਰੀ ਤਾਕਤ ਦੁਆਰਾ ਪੈਦਾ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਬਾਹਰੀ ਖਤਰੇ ਕਿਹਾ ਜਾਂਦਾ ਹੈ। ਇਨ੍ਹਾਂ ਖਤਰਿਆਂ ਵਿਰੁੱਧ ਪ੍ਰਾਪਤ ਕੀਤੀ ਸੁਰੱਖਿਆ ਦੀ ਮਾਤਰਾ, ਰਾਸ਼ਟਰੀ ਸ਼ਕਤੀ ਜਾਂ ਰਾਸ਼ਟਰ ਦੁਆਰਾ ਵਿਕਸਤ ਕੀਤੀ ਤਾਕਤ ਦੇ ਪੱਧਰ ਉਤੇ ਨਿਰਭਰ ਕਰਦਾ ਹੈ।

# ਰਾਸ਼ਟਰੀ ਸੁਰੱਖਿਆ ਦੇ ਤੱਤ

## (Elements of National Security)

ਕਿਸੇ ਦੇਸ਼ ਦੀ ਰਾਸ਼ਟਰੀ ਸੁਰੱਖਿਆ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਹ ਦੇਸ਼ ਸੰਭਵ ਖਤਰੇ ਦੇ ਖੇਤਰਾਂ ਨੂੰ ਆਪਣੀ ਤਾਕਤ ਰਾਹੀਂ ਖਤਮ ਕਰਨ ਦੇ ਯੋਗ ਹੈ ਜਾਂ ਨਹੀਂ। ਇਹ ਆਮ ਤੌਰ ਤੇ ਸਮਝਿਆ ਜਾਂਦਾ ਹੈ ਕਿ ਕਿਸੇ ਰਾਸ਼ਟਰ ਦੀ ਸ਼ਕਤੀ ਉਸ ਦੀ ਸਮਰੱਥਾ ਦਾ ਜੋੜ ਹੁੰਦੀ ਹੈ। ਪਰੰਤੂ ਅਜਿਹੀ ਪਰਿਭਾਸ਼ਾ, ਸ਼ਕਤੀ ਦੀ ਧਾਰਣਾ ਨਾਲ ਪੂਰਾ ਨਿਆਂ ਨਹੀਂ ਕਰਦੀ। ਕਿਉਂਕਿ ਸਮਰੱਥਾਵਾਂ ਦੇ ਨਾਲ ਸ਼ਕਤੀ ਵਿਚ ਹੋਰ ਤੱਤਾਂ ਦਾ ਹੋਣਾ ਜ਼ਰੂਰੀ ਹੈ। ਸਮਰੱਥਾ ਨੂੰ ਵਾਸਤਵਿਕ ਤੌਰ ਤੇ ਮਾਪਿਆ ਜਾ ਸਕਦਾ ਹੈ ਜਦੋਂ ਕਿ ਸ਼ਕਤੀ ਦਾ ਬਹੁਤ ਸੂਖਮ ਮਨੋਵਿਗਿਆਨਕ ਅਤੇ ਵਰਣਨ ਅਨੁਸਾਰ ਮੁਲਾਂਕਣ ਕੀਤਾ ਜਾਂਦਾ ਹੈ। ਮਨੋ-ਵਿਗਿਆਨਕ ਪੱਖ, ਸ਼ਕਤੀ ਦਾ ਇਕ ਮਹੱਤਵਪੂਰਣ ਪੱਖ ਹੈ। ਕਿਉਂਕਿ ਰਾਸ਼ਟਰ ਦੀ ਸ਼ਕਤੀ ਜ਼ਿਆਦਾ ਤੌਰ ਤੇ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਹੋਰ ਦੇਸ਼ ਉਸ ਬਾਰੇ ਕੀ ਸੋਚਦੇ ਹਨ ਜਾਂ ਇਸ ਗੱਲ ਤੇ ਕਿ ਉਸ ਰਾਸ਼ਟਰ ਦਾ ਆਪਣਾ ਵਿਸ਼ਵਾਸ ਕੀ ਹੈ ਤੇ ਹੋਰ ਦੇਸ਼ ਉਸ ਬਾਰੇ ਕੀ ਸੋਚਦੇ ਹਨ?

ਸਬੰਧਕ ਸ਼ਕਤੀ ਦੇ ਪੱਖ (Relational aspect) ਨੂੰ ਸਮਝਣ ਲਈ ਇਹ ਮੰਨ ਲੈਂਦੇ ਹਾਂ ਕਿ ਦੋ ਰਾਸ਼ਟਰਾਂ ਦੀ ਆਪਣੀ ਯੋਗਤਾ ਲਗਭਗ ਬਰਾਬਰ ਹੈ। ਜਦੋਂ ਇਸ ਤਰ੍ਹਾਂ ਦੀ ਹਾਲਤ ਦਾ ਸਮਾਂ ਆ ਜਾਵੇ ਤਾਂ ਇਕ ਦੂਸਰੇ ਦੀ ਸ਼ਕਤੀ ਨਹੀਂ ਰਹੇਗੀ। ਜਦੋਂ ਸਮਰੱਥਾਵਾਂ ਬਰਾਬਰ ਹੋਣ ਤਾਂ ਸ਼ਕਤੀ ਵਰਗੀ ਚੀਜ਼ ਲੁਕ ਜਾਂਦੀ ਹੈ। ਪਰੰਤੂ ਇਨ੍ਹਾਂ ਦੋਨਾਂ ਰਾਸ਼ਟਰਾਂ ਵਿਚੋਂ ਇਕ ਦੀ ਸਮਰੱਥਾ ਵਿਚ ਥੋੜ੍ਹਾਂ ਜਿਹਾ ਵਾਧਾ, ਉਸ ਦੀ ਸ਼ਕਤੀ ਲਈ ਬਹੁਤ ਜ਼ਿਆਦਾ ਲਾਭਦਾਇਕ ਸਿੱਧ ਹੋ ਸਕਦਾ ਹੈ।

ਜਦੋਂ ਅਸੀਂ ਸ਼ਕਤੀ ਦਾ ਪੂਰਨ ਅਤੇ ਇਸ ਦੀਆਂ ਨੇੜੇ ਦੀਆਂ ਯੋਗਤਾਵਾਂ ਦੇ ਪੱਖਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਹ ਦੇਖਦੇ ਹਾਂ ਕਿ ਜਿਨ੍ਹਾਂ ਤੱਤਾਂ ਤੇ ਰਾਸ਼ਟਰੀ ਸੁਰੱਖਿਆ ਨਿਰਭਰ ਕਰਦੀ ਹੈ, ਉਨ੍ਹਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

| | | |
|---|---|---|
| (ੳ) | ਸਥਾਈ ਅੰਸ਼<br>(Stable Factors) | ਭੂਗੋਲਕ ਸਥਿਤੀ ਅਤੇ ਖਣਿਜ ਸਾਧਨ<br>(Geographical Location and Mineral Resources) |
| (ਖ) | ਅਸਥਾਈ ਅੰਸ਼<br>(Unstable Factors) | ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸਥਿਰਤਾ,<br>ਸੈਨਿਕ ਤਿਆਰੀ, ਵਿਗਿਆਨ ਅਤੇ ਤਕਨੀਕ<br>(Social, Political and Economic Stability Military Preparedness, Science andTechnology) |

### 1. **ਭੂਗੋਲਿਕ ਤੱਤ** (Geographical Factors)

ਰਾਸ਼ਟਰੀ ਸ਼ਕਤੀ ਦੇ ਵੱਖ ਵੱਖ ਤੱਤਾਂ ਵਿਚ ਭੂਗੋਲ (Geography) ਨੂੰ ਸਭ ਤੋਂ ਸਥਾਈ ਤੱਤ ਮੰਨਿਆ ਗਿਆ ਹੈ। ਨਿਪੋਲੀਅਨ ਨੇ ਵੀ ਇਕ ਵਾਰ ਕਿਹਾ ਸੀ ਕਿ, ''ਇਕ ਦੇਸ਼ ਦੀ ਵਿਦੇਸ਼ ਨੀਤੀ ਉਸਦੇ ਭੂਗੋਲ ਦੁਆਰਾ ਨਿਰਧਾਰਤ ਹੁੰਦੀ ਹੈ।'' ਹੁਣ ਅਸੀਂ ਭੂਗੋਲ ਨਾਲ ਸੰਬੰਧਤ ਕੁਝ ਗੱਲਾਂ ਬਾਰੇ ਜ਼ਿਕਰ ਕਰਾਂਗੇ :

(i) **ਖੇਤਰਫਲ** (Size) : ਕਿਸੇ ਦੇਸ਼ ਦੀ ਧਰਤੀ ਦਾ ਆਕਾਰ ਆਪਣੇ ਆਪ ਵਿਚ ਇਕ ਸ਼ਕਤੀ ਦਾ ਤੱਤ ਹੈ। ਸ਼ਲੀਸਰ ਦੇ ਅਨੁਸਾਰ ਹੋਰ ਗੱਲਾਂ ਬਰਾਬਰ ਹੋਣ ਤੇ ਇਕ ਦੇਸ਼ ਦਾ ਆਕਾਰ ਜਿਨ੍ਹਾਂ ਵੱਡਾ ਹੋਵੇਗਾ ਉਸਦੀ ਰੱਖਿਆ ਦੀ ਸ਼ਕਤੀ ਓਨੀਂ ਹੀ ਜ਼ਿਆਦਾ ਹੋਵੇਗੀ। ਕਿਉਂਕਿ ਇਕ ਤਾਂ ਵੱਡਾ ਆਕਾਰ ਜ਼ਿਆਦਾ ਜਨਸੰਖਿਆ ਨੂੰ ਸੰਭਾਲ ਸਕਦਾ ਹੈ ਦੂਜਾ ਉਸਦੇ ਕੋਲ ਕੁਦਰਤੀ

ਸੋਮੇਂ ਵੀ ਜ਼ਿਆਦਾ ਹੋਣਗੇ। ਰਾਸ਼ਟਰ ਦੇ ਵੱਡੇ ਆਕਾਰ ਨਾਲ ਸੈਨਿਕ ਲਾਭ ਵੀ ਹੁੰਦਾ ਹੈ। ਵਿਸ਼ਵ ਦੀਆਂ ਮਹਾਨ ਸ਼ਕਤੀਆਂ ਦੇ ਜੇਤੂ ਹੋਣ ਦਾ ਇਕ ਕਾਰਣ ਉਸ ਦਾ ਵੱਡਾ ਭੂਗੋਲਿਕ ਖੇਤਰਫਲ ਹੈ। ਇਸ ਦੇ ਉਲਟ ਛੋਟੇ ਦੇਸ਼ ਜਿਵੇਂ ਭੂਟਾਨ, ਨੇਪਾਲ ਅਤੇ ਸਵੀਡਨ ਕਦੀ ਵੀ ਮਹਾਂਸ਼ਕਤੀ ਬਣਨ ਦਾ ਸੁਪਨਾ ਨਹੀਂ ਦੇਖ ਸਕਦੇ। ਪਰ ਇਸ ਦੇ ਨਾਲ ਇਹ ਵੀ ਹੈ ਕਿ ਵੱਡਾ ਖੇਤਰਫਲ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਉਪਯੋਗੀ ਹੋਵੇ। ਜੰਗਲਾਂ ਨਾਲ ਭਰਿਆ ਬ੍ਰਾਜ਼ੀਲ, ਰੇਗੀਸਤਾਨੀ ਆਸਟ੍ਰੇਲੀਆ, ਬਰਫ ਨਾਲ ਭਰਿਆ ਕਨਾਡਾ ਖੇਤਰ ਵਜੋਂ ਤਾਂ ਵੱਡੇ ਹਨ ਪਰ ਇਹ ਉਸਦੀ ਰਾਸ਼ਟਰੀ ਸ਼ਕਤੀ ਨਹੀਂ ਵਧਾਉਂਦੇ। ਜਾਪਾਨ ਦਾ ਛੋਟਾ ਖੇਤਰਫਲ ਦੂਜੇ ਵਿਸ਼ਵਯੁੱਧ ਵਿਚ ਉਸਦੀ ਹਾਰ ਦਾ ਕਾਰਣ ਬਣਿਆ ਸੀ।

**(ii) ਜਲਵਾਯੂ (Climate)** : ਭੂਗੋਲਿਕ ਤੱਤ ਵਿਚ ਇਕ ਮਹੱਤਵਪੂਰਣ ਤੱਤ ਕਿਸੇ ਦੇਸ਼ ਦੀ ਜਲਵਾਯੂ ਹੈ ਜਿਸਦਾ ਕਿਸੇ ਦੇਸ਼ ਦੇ ਉਤਪਾਦਨ, ਆਮ ਲੋਕਾਂ ਦੇ ਜੀਵਨ ਅਤੇ ਸਿਹਤ ਅਤੇ ਚਰਿੱਤਰ ਉਤੇ ਪ੍ਰਭਾਵ ਪੈਂਦਾ ਹੈ। ਕਈ ਰਾਜਨੀਤਿਕ ਵਿਦਵਾਨਾਂ ਦੀ ਤਾਂ ਇਥੋਂ ਤਕ ਮਾਨ੍ਹਤਾ ਹੈ ਕਿ ਕੋਈ ਵੀ ਰਾਸ਼ਟਰ ਮਹਾਂਸ਼ਕਤੀ ਬਣਨ ਦੀ ਕੋਸ਼ਿਸ਼ ਉਦੋਂ ਹੀ ਕਰ ਸਕਦਾ ਹੈ ਜਦੋਂ ਉਸਦੀ ਜਲਵਾਯੂ ਵਧੀਆ ਹੋਵੇ। ਇਹ ਅਕਸਰ ਮੰਨਿਆ ਜਾਂਦਾ ਹੈ ਕਿ ਠੰਡੇ ਇਲਾਕਿਆਂ ਦੇ ਲੋਕ ਗਰਮ ਇਲਾਕਿਆਂ ਦੇ ਲੋਕਾਂ ਨਾਲੋਂ ਵਧੇਰੇ ਮਿਹਨਤੀ ਹੁੰਦੇ ਹਨ। ਭੀਸ਼ਣ ਗਰਮੀ ਅਤੇ ਬਹੁਤ ਜ਼ਿਆਦਾ ਸਰਦੀ ਹੋਣ ਕਾਰਣ ਭਾਰਤ ਵਿਚ ਖੇਤੀ ਤੇ ਬਹੁਤ ਪ੍ਰਭਾਵ ਪੈਂਦਾ ਹੈ।

**(iii) ਧਰਾਤਲ ਬਣਤਰ ਅਤੇ ਸਥਿਤੀ (Topography)** : ਕਿਸੇ ਦੇਸ਼ ਦੀ ਰਾਸ਼ਟਰੀ ਸ਼ਕਤੀ ਨਿਰਧਾਰਿਤ ਕਰਨ ਲਈ ਉਸ ਦੀ ਬਣਤਰ (Topography) ਜਲਵਾਯੂ ਤੋਂ ਵੀ ਵੱਧ ਮਹੱਤਵਪੂਰਣ ਹੁੰਦੀ ਹੈ ਕਿਉਂਕਿ ਸਰਦੀ, ਗਰਮੀ, ਮੀਂਹ, ਤਾਪਮਾਨ ਆਦਿ ਸਾਰਾ ਕੁਝ ਹੀ Topography ਰਾਹੀਂ ਨਿਰਧਾਰਿਤ ਹੁੰਦਾ ਹੈ। ਕਿਸੇ ਦੇਸ਼ ਦੀ ਬਣਤਰ ਦੇ ਆਧਾਰ ਤੇ ਹੀ ਦੇਸ਼ਾਂ ਵਿਚਕਾਰ ਕੁਦਰਤੀ ਸੀਮਾਵਾਂ ਦਾ ਨਿਰਧਾਰਣ ਹੁੰਦਾ ਹੈ। ਨਦੀਆਂ, ਪਰਬਤਾਂ ਜਾਂ ਸਮੁੰਦਰਾਂ ਨਾਲ ਘਿਰੇ ਹੋਏ ਦੇਸ਼ ਉਨ੍ਹਾਂ ਦੇਸ਼ਾਂ ਤੋਂ ਸੁਰੱਖਿਅਤ ਹੁੰਦੇ ਹਨ ਜਿਨ੍ਹਾਂ ਦੀਆਂ ਕੁਦਰਤੀ ਸੀਮਾਵਾਂ ਨਹੀਂ ਹੁੰਦੀਆਂ। ਐਲਪਸ ਦੀਆਂ ਪਹਾੜੀਆਂ ਨੇ ਇਟਲੀ ਦੀ ਕਈ ਵਾਰੀ ਵਿਦੇਸ਼ੀ ਹਮਲਾਵਰਾਂ ਤੋਂ ਰੱਖਿਆ ਕੀਤੀ। ਪ੍ਰਾਚੀਨ ਕਾਲਾ ਤੋਂ ਹੀ ਹਿਮਾਲਾ ਪਰਬਤ ਨੂੰ ਭਾਰਤ ਦੀਆਂ ਉੱਤਰੀ ਸੀਮਾਵਾਂ ਦਾ ਪਹਿਰੇਦਾਰ ਮੰਨਿਆ ਜਾਂਦਾ ਹੈ। ਭਾਵੇਂ ਅਜਕਲ ਇਸਦਾ ਕੋਈ ਖਾਸ ਮਹੱਤਵ ਨਹੀਂ ਰਹਿ ਗਿਆ ਹੈ। 1962 ਵਿਚ ਚੀਨ ਨੇ ਹਿਮਾਲਾ ਪਰਬਤ ਨੂੰ ਪਾਰ ਕਰਕੇ ਭਾਰਤ ਨੂੰ ਹਰਾਇਆ।

**(iv) ਸਥਿਤੀ (Location)** : ਪਾਮਰ ਅਤੇ ਪਰਕਿੰਸ ਅਨੁਸਾਰ, 'ਪ੍ਰਾਦੇਸ਼ਿਕ ਸਥਿਤੀ ਇਕ ਰਾਜ ਦੀ ਸੰਸਕ੍ਰਿਤੀ ਅਤੇ ਅਰਥ ਵਿਵਸਥਾ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਉਸਦੀ ਸੈਨਿਕ ਅਤੇ ਆਰਥਿਕ ਸ਼ਕਤੀ ਤੇ ਵੀ ਬਹੁਤ ਪ੍ਰਭਾਵ ਪਾਉਂਦੀ ਹੈ। ਇਕ ਦੇਸ਼ ਦੀ ਜਲਵਾਯੂ ਆਦਿ ਵੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸ ਦੇਸ਼ ਦੀ ਭੂਗੋਲਿਕ ਸਥਿਤੀ (Location) ਕਿਹੋ ਜਿਹੀ ਹੈ। ਉਥੇ ਕੀ-ਕੀ ਉਤਪਾਦਨ ਹੋ ਸਕਦਾ ਹੈ, ਕਿਹੜੇ-ਕਿਹੜੇ ਖਣਿਜ ਪਦਾਰਥ ਮਿਲ ਸਕਦੇ ਹਨ ਅਤੇ ਉਦਯੋਗਿਕ ਵਿਕਾਸ ਦੀਆਂ ਕੀ ਸੰਭਾਵਨਾਵਾਂ ਹਨ?

ਬ੍ਰਿਟੇਨ, ਫਰਾਂਸ ਅਤੇ ਅਮਰੀਕਾ ਨੂੰ ਅਟਲਾਂਟਿਕ ਮਹਾਂਸਾਗਰ ਕਰਕੇ ਬਹੁਤ ਲਾਭ ਮਿਲਿਆ ਹੈ। ਪਰ ਕਈ ਵਾਰੀ ਭੂਗੋਲਿਕ ਸਥਿਤੀ ਕਈ ਰਾਜਾਂ ਲਈ ਹਾਨੀਕਾਰਕ ਵੀ ਹੁੰਦੀ ਹੈ। ਪਰ ਰਾਸ਼ਟਰ ਦੀ ਸਥਿਤੀ (Location) ਦਾ ਰਾਸ਼ਟਰੀ ਸ਼ਕਤੀ ਤੇ ਕਿਸੇ ਨਾ ਕਿਸੇ ਰੂਪ ਵਿਚ ਅਨੁਕੂਲ ਜਾਂ ਪ੍ਰਤੀਕੂਲ ਪ੍ਰਭਾਵ ਜ਼ਰੂਰ ਪੈਂਦਾ ਹੈ। ਇੰਡੋਨੇਸ਼ੀਆ ਚਾਰੋਂ ਪਾਸਿਉਂ ਸਮੁੰਦਰ ਨਾਲ ਘਿਰਿਆ ਹੋਣ ਦੇ ਬਾਵਜੂਦ ਵੀ ਨੌਸੈਨਿਕ ਸ਼ਕਤੀ ਨਹੀਂ ਬਣ ਸਕਿਆ ਹੈ।

ਇਹ ਰਾਸ਼ਟਰ ਦੀ ਸ਼ਕਤੀ ਦੇ ਅਨੁਕੂਲ ਜਾਂ ਪ੍ਰਤੀਕੂਲ ਪ੍ਰਭਾਵ ਪਾਉਣ ਵਾਲਾ ਸਭ ਤੋਂ ਜ਼ਿਆਦਾ ਮਹੱਤਵਪੂਰਣ ਸਥਾਈ ਅਤੇ ਮੂਲ ਕਾਰਨ ਹੈ। ਗੁਆਂਢੀ ਦੇਸ਼ ਦੇ ਤੁਲਨਾਤਮਕ ਆਕਾਰ ਅਤੇ ਇਸ ਦੀਆਂ ਸਰਹੱਦ ਰਾਸ਼ਟਰੀ ਸੁਰੱਖਿਆ ਲਈ ਬਹੁਤ ਜ਼ਰੂਰੀ ਹਨ। ਅਸਲ ਵਿਚ ਰਾਸ਼ਟਰ ਦੀ ਸੁਰੱਖਿਆ ਆਦਿ ਦੇ ਕੁਝ ਭੂਗੋਲਿਕ ਤੱਤ ਹਨ ਜਿਹੜੇ ਕਿ ਦੇਸ਼ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਸ ਯੁੱਧ ਦੀ ਕਲਾ (Strategy) ਨੂੰ ਉਤਸ਼ਾਹਿਤ ਕਰਦੇ ਹਨ। ਅਮਰੀਕਾ, ਇੰਗਲੈਂਡ, ਇਟਲੀ, ਰੂਸ ਅਤੇ ਭਾਰਤ ਕੁਝ ਉਦਾਹਰਣਾਂ ਹਨ, ਜਿਹੜੀਆਂ ਇਸ ਸ਼ਕਤੀ ਸਥਿਤੀ ਸੰਬੰਧ (Location Strength Relationship) ਨੂੰ ਚੰਗੀ ਤਰ੍ਹਾਂ ਸਾਬਤ ਕਰਦੀਆਂ ਹਨ। ਜੇ ਅਸੀਂ ਇਟਲੀ ਦੀ ਉਦਾਹਰਣ ਲਈਏ ਤਾਂ ਅਸੀਂ ਦੇਖਦੇ ਹਾਂ ਕਿ ਇਹ ਪ੍ਰਾਇਦੀਪ ਬਾਕੀ ਦੇ ਯੂਰਪ ਤੇ ਐਲਪਸ ਦੀਆਂ ਉੱਚੀਆਂ ਪਹਾੜੀਆਂ ਦਵਾਰਾ ਅਲੱਗ ਹੈ ਅਤੇ ਜਦੋਂ ਕਿ ਐਲਪਸ ਪਰਬਤ ਦੀਆਂ ਘਾਟੀਆਂ ਹੌਲੀ ਹੌਲੀ ਇਟਲੀ ਦੇ ਦੱਖਣ ਤੋਂ ਉਤਰੀ

ਮੈਦਾਨਾਂ ਵੱਲ ਉਤਰਦੀਆਂ ਹਨ, ਇਹ, ਅਚਾਨਕ ਉੱਤਰ ਵੱਲ ਹਾਜ਼ਰ ਹੋ ਜਾਂਦੀਆਂ ਹਨ। ਇਹ ਭੂਗੋਲਿਕ ਸਥਿਤੀ ਇਟਲੀ ਦੇ ਰਾਜਨੀਤਿਕ ਸੈਨਿਕ ਪੱਖਾਂਲਈ ਅਤੇ ਹੋਰ ਰਾਸ਼ਟਰ ਜਿਹੜੇ ਕਿ ਇਟਲੀ ਨਾਲ ਸੰਬੰਧਤ ਹਨ, ਲਈ ਇਕ ਮਹੱਤਵਪੂਰਨ ਤੱਤ ਰਿਹਾ ਹੈ। ਲੜਾਈ ਦੀਆਂ ਸਾਰੀਆਂ ਜਾਣੂ ਹਾਲਤਾਂ ਤੋਂ ਪਤਾ ਲਗਦਾ ਹੈ ਕਿ ਇਸ ਭੂਗੋਲਿਕ ਸਥਿਤੀ ਨੇ ਹੀ ਇਟਲੀ ਤੋਂ ਕੇਂਦਰੀ ਯੂਰਪ ਤੇ ਹਮਲਾ ਕਰਨਾ ਮੁਸ਼ਕਿਲ ਕਰ ਦਿੱਤਾ। ਇਸ ਕਾਰਣ ਵਜੋਂ ਇਟਲੀ ਤੇ ਹਮਲੇ, ਇਸ ਦਵਾਰਾ ਕੀਤੇ ਹਮਲਿਆਂ ਤੋਂ ਜ਼ਿਆਦਾ ਰਹੇ ਹਨ, ਹਨੀਬਾਲ (Haniball) ਨੇ ਪਿਉਨਿਕ ਜੰਗ ਦੇ ਸਮੇਂ (Punic Wars) ਤੋਂ ਜਨਰਲ ਕਲਾਰਕ (General Clark) ਦੇ ਦੂਜੇ ਮਹਾਂਯੁੱਧ ਦੇ ਸਮੇਂ ਤੱਕ, ਇਸ ਸਥਾਈ ਭੂਗੋਲਿਕ ਤੱਤ ਨੇ ਰਾਜਨੀਤਿਕ ਅਤੇ ਸੈਨਿਕ ਯੁੱਧ ਕਲਾ ਨੂੰ ਨਿਰਧਾਰਤ ਕੀਤਾ ਹੈ।

ਇਹ ਮੰਨਣਾ ਮੁਸ਼ਕਲ ਹੈ ਕਿ ਰਾਸ਼ਟਰ ਦੀ ਸ਼ਕਤੀ ਵਿਚ ਭੂਗੋਲ ਹਮੇਸ਼ਾਂ ਹੀ ਮਹੱਤਵਪੂਰਣ ਤੱਤ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਗਾਤਾਰ ਤਿੰਨ ਸ਼ਤਾਬਦੀਆਂ ਤੋਂ ਰੂਸ ਦੀ ਵਿਸ਼ਾਲ ਧਰਤੀ ਨੇ ਇਸ ਨੂੰ ਤਿੰਨ ਪਾਸਿਆਂ ਤੋਂ ਵੱਖ ਵੱਖ ਹੋਣ ਵਾਲੇ ਹਮਲਿਆਂ ਤੋਂ ਬਚਾਇਆ ਹੈ। ਫਿਰ ਵੀ ਅਜਿਹੇ ਹਾਲਤ ਹੋ ਸਕਦੇ ਹਨ ਜਿਨ੍ਹਾਂ ਵਿਚ ਕਿ ਭੂਗੋਲਿਕ ਗੱਲਾਂ ਦਾ ਬਹੁਤ ਘੱਟ ਮਹੱਤਵ ਹੋਵੇ। ਇਸ ਤਰ੍ਹਾਂ ਇਹ ਉਹੀ ਰੂਸ (Russia) ਹੈ ਜਿਸ ਦੀ ਵਿਸ਼ਾਲਤਾ ਨੇ ਸਵੀਡਨ ਦੇ ਚਾਰਲਸ ਬਾਰਵੇਂ (Charles XII), ਨੈਪੋਲੀਅਨ ਅਤੇ ਹਿਟਲਰ ਦੀਆਂ ਸਕੀਮਾਂ ਨੂੰ ਨਾਕਾਮ ਕਰ ਦਿੱਤਾ ਸੀ ਤੇ ਉਹੀ 1904 ਈ: ਵਿਚ ਇਕ ਛੋਟੇ ਜਿਹੇ ਦੇਸ਼ ਜਾਪਾਨ ਰਾਹੀਂ ਸਮੁੰਦਰੀ ਲੜਾਈ ਵਿਚ ਨੀਵਾਂ ਕਰ ਦਿੱਤਾ ਗਿਆ ਸੀ।

ਪ੍ਰਮਾਣੂ ਜੰਗ (Nuclear Wars) ਦੀ ਸੰਭਾਵਨਾ ਨੇ ਰਾਸ਼ਟਰ ਸ਼ਕਤੀ ਦੇ ਸੋਮੇ ਦੇ ਤੌਰ ਤੇ ਰਾਜ ਖੇਤਰ ਦੇ ਆਕਾਰ ਦੀ ਮਹੱਤਤਾ ਨੂੰ ਹੋਰ ਵੀ ਵਧਾ ਦਿੱਤਾ ਹੈ। ਨਿਊਕਲੀਅਰ ਹਮਲੇ ਦੀ ਧਮਕੀ ਨੂੰ ਯਕੀਨੀ ਬਣਾਉਣ ਲਈ ਰਾਸ਼ਟਰ ਕੋਲ ਇਕ ਵੱਡੇ ਇਲਾਕੇ ਦਾ ਹੋਣਾ ਵੀ ਜ਼ਰੂਰੀ ਹੈ ਜਿਸ ਵਿਚ ਕਿ ਉਹ ਆਪਣੇ ਉਦਯੋਗਿਕ ਤੇ ਵਸੋਂ ਦੇ ਕੇਂਦਰ ਨੂੰ ਅਤੇ ਆਪਣੀਆਂ ਨਿਊਕਲੀਅਰ ਸੰਸਥਾਵਾਂ ਨੂੰ ਚੰਗੀ ਤਰ੍ਹਾਂ ਖਿੰਡਾ ਸਕੇ। ਉਦਾਹਰਣ ਵਜੋਂ ਇੰਗਲੈਂਡ ਅਤੇ ਫਰਾਂਸ ਦਾ ਆਕਾਰ ਨਿਊਕਲੀਅਰ ਹਮਲੇ ਦੀ ਧਮਕੀ ਨੂੰ ਯਕੀਨੀ ਬਣਾਉਣ ਵਿਚ ਉਨ੍ਹਾਂ ਲਈ ਰੋੜਾ ਬਣਿਆ ਹੋਇਆ ਹੈ।

## 2. ਖਣਿਜ ਪਦਾਰਥ (Mineral Resources)

ਇਕ ਹੋਰ ਤੁਲਨਾਤਮਕ ਸਥਾਈ ਕਾਰਣ ਜਿਹੜਾ ਕਿ ਰਾਸ਼ਟਰ ਦੀ ਹੋਰ ਰਾਸ਼ਟਰਾਂ ਦੇ ਮੁਕਾਬਲੇ ਸ਼ਕਤੀ ਉਤੇ ਬਹੁਤ ਜ਼ਿਆਦਾ ਪ੍ਰਭਾਵ ਪਾਉਂਦਾ ਹੈ ਉਹ ਹੈ ਕਿ ਦੇਸ਼ ਦੇ ਖਣਿਜ ਪਦਾਰਥ ਕਿੰਨੇ ਹਨ। ਕਿਸੇ ਰਾਸ਼ਟਰ ਦੀ ਖੁਸ਼ਹਾਲੀ ਅਤੇ ਉਸ ਦੀ ਉਤਪਾਦਨ ਸ਼ਕਤੀ ਦਾ ਅੰਦਾਜ਼ਾ, ਉਸ ਦੇ ਖਣਿਜ ਸਾਧਨਾਂ ਤੋਂ ਹੀ ਲਗਾਇਆ ਜਾ ਸਕਦਾ ਹੈ।

ਖਣਿਜ ਸਾਧਨਾਂ ਦੀ ਹਮੇਸ਼ਾਂ ਹੀ ਮਹੱਤਤਾ ਰਹੀ ਹੈ ਪਰੰਤੂ ਇਹ ਆਪਣੇ ਆਪ ਵਿਚ ਕਾਫੀ ਨਹੀਂ ਹਨ। ਕਿਉਂਕਿ ਕਿਸੇ ਰਾਸ਼ਟਰ ਕੋਲ ਕੱਚੇ ਮਾਲ ਦਾ ਹੋਣਾ ਹੀ ਉਸ ਨੂੰ ਸ਼ਕਤੀਸ਼ਾਲੀ ਨਹੀਂ ਬਣਾਉਂਦਾ ਬਲਕਿ ਉਹ ਸਾਧਨ, ਜਿਹੜੇ ਕਿ ਉਸ ਦੇਸ਼ ਨੂੰ ਪ੍ਰਾਪਤ ਹਨ, ਉਨ੍ਹਾਂ ਦੀ ਠੀਕ ਢੰਗ ਨਾਲ ਪ੍ਰਯੋਗ ਵੀ ਉਸ ਨੂੰ ਸ਼ਕਤੀਸ਼ਾਲੀ ਬਣਾਉਣ ਵਿਚ ਸਹਾਇਕ ਹੈ। ਉਦਾਹਰਣ ਦੇ ਤੌਰ ਤੇ ਮੱਧ ਪੂਰਬ (Middle East) ਦੇ ਅਰਬ ਰਾਸ਼ਟਰ ਤੇਲ ਦੇ ਵੱਡੇ ਭੰਡਾਰਾਂ ਕਾਰਣ ਅਮੀਰ ਬਣ ਗਏ ਹਨ ਅਤੇ ਆਪਣੀ ਪੂਰੀ ਸ਼ਾਹੀ ਠਾਠ ਵਿਚ ਰਹਿੰਦੇ ਹਨ। ਪਰੰਤੂ ਇੰਨਾਂ ਕੁਝ ਹੁੰਦੇ ਹੋਏ ਸ਼ਕਤੀਸ਼ਾਲੀ ਨਾ ਬਣ ਸਕੇ।

ਕੋਈ ਰਾਸ਼ਟਰ ਆਪਣੇ ਕੱਚੇ ਮਾਲ ਨੂੰ ਕਿਸ ਤਰ੍ਹਾਂ ਵਰਤ ਸਕਦਾ ਹੈ ਇਹ ਮੁੱਖ ਤੌਰ ਤੇ ਉਸ ਦੇ ਆਰਥਿਕ ਤੇ ਉਦਯੋਗਿਕ ਵਿਕਾਸ ਦੇ ਪੱਧਰ ਉਤੇ ਨਿਰਭਰ ਕਰਦਾ ਹੈ। ਇਕ ਸ਼ਕਤੀਸ਼ਾਲੀ ਸੈਨਿਕ ਸੰਸਥਾਪਨ (Establishment) ਦੇ ਲਈ ਰਾਸ਼ਟਰ ਕੋਲ ਸਭ ਤੋਂ ਪਹਿਲਾਂ ਇਕ ਵਿਕਸਿਤ ਤਕਨੀਕੀ ਬੁਨਿਆਦ ਦਾ ਹੋਣਾ ਵੀ ਜ਼ਰੂਰੀ ਹੈ। ਇਹ ਜ਼ਰੂਰਤ ਕਿੰਨੀ ਮਹੱਤਵਪੂਰਣ ਹੈ, ਦੂਜੀ ਵੱਡੀ ਜੰਗ ਵਿਚ ਜਰਮਨੀ, ਇਟਲੀ ਅਤੇ ਜਾਪਾਨ ਦੀਆਂ ਉਦਾਹਰਣਾਂ ਤੋਂ ਸਪਸ਼ਟ ਹੋ ਜਾਂਦੀ ਹੈ। ਇਨ੍ਹਾਂ ਤਿੰਨ ਦੇਸ਼ਾਂ ਵਿਚ ਜ਼ਰੂਰੀ ਕੱਚੇ ਮਾਲ ਦੀ ਘਾਟ ਸੀ ਪਰ ਇਹ ਦੇਸ਼ ਆਪਣੇ ਬਹੁਤ ਜ਼ਿਆਦਾ ਵਿਕਸਤ ਉਦਯੋਗ ਅਤੇ ਟੈਕਨਾਲੋਜੀ ਦੇ ਕਾਰਣ ਸੈਨਿਕ ਮਸ਼ੀਨਾਂ ਦਾ ਨਿਰਮਾਣ ਕਰ ਸਕਦੇ ਸਨ। ਜਿਹੜੀਆਂ ਕਿ ਧੁਰੀ ਤਾਕਤਾਂ (Axis Powers) ਨੂੰ ਕਾਫੀ ਹੱਦ ਤਕ ਜਿੱਤਣ ਲਈ ਸਹਾਇਕ ਬਣੀਆਂ। ਅਖੀਰ ਵਿਚ ਇਤਹਾਦੀ ਰਾਸ਼ਟਰਾਂ (Allies) ਨੂੰ ਜਿੱਤ ਪ੍ਰਾਪਤ ਹੋਈ। ਇਸ ਜਿੱਤ ਦਾ ਇਕ ਵੱਡਾ ਕਾਰਣ ਇਹ ਸੀ ਇਨ੍ਹਾਂ ਦੇਸ਼ਾਂ ਕੋਲ ਲੋੜੀਂਦਾ ਕੱਚਾ ਮਾਲ ਤੇ ਵਿਕਸਿਤ ਉਦਯੋਗਿਕ ਉਪਕਰਨਾਂ ਦਾ ਭੰਡਾਰ ਸੀ।

ਅੰਤਰ-ਰਾਸ਼ਟਰੀ ਰਾਜਨੀਤੀ ਵਿਚ ਉਹੀ ਰਾਸ਼ਟਰ ਪ੍ਰਭਾਵਕਾਰੀ ਹੈ ਜਿਨ੍ਹਾਂ ਦੀ ਖਣਿਜ ਪਦਾਰਥਾਂ ਦਾ ਗੁਣਾਤਮਕ ਅਤੇ (Qualitity

& Quantity) ਮਾਤਰਾਤਮਕ ਸਤਰ ਉੱਚਾ ਹੁੰਦਾ ਹੈ। ਖਨਿਜ ਪਦਾਰਥਾਂ ਦੀ ਦ੍ਰਿਸ਼ਟੀ ਤੋਂ ਅਮਰੀਕਾ ਅਤੇ ਰੂਸ ਦੀ ਸਥਿਤੀ ਬਹੁਤ ਮਜ਼ਬੂਤ ਹੈ ਅਤੇ ਇਨ੍ਹਾਂ ਦੀ ਸੈਨਿਕ ਸ਼ਕਤੀ ਵਿਚ ਵੀ ਇਨ੍ਹਾਂ ਦਾ ਯੋਗਦਾਨ ਹੈ। ਤੇਲ ਦੀ ਕਮੀ ਕਾਰਣ ਹਿਟਲਰ ਨੂੰ ਬਹੁਤ ਪ੍ਰੇਸ਼ਾਨੀ ਹੋਈ ਸੀ। ਇਸੇ ਤਰ੍ਹਾਂ ਅਰਜਨਟੀਨਾਂ ਤੇ ਸ੍ਰੀ ਲੰਕਾ ਦੀ ਰਬੜ ਦਾ ਧਿਆਨ ਰਖਕੇ ਹੀ ਦੇਸ਼ਾਂ ਨੂੰ ਉਨ੍ਹਾਂ ਨਾਲ ਸੰਬੰਧ ਬਣਾਉਣੇ ਪੈਂਦੇ ਹਨ। ਆਧੁਨਿਕ ਸੈਨਿਕ ਸ਼ਕਤੀ ਲਈ ਕਈ ਤਰ੍ਹਾਂ ਦੇ ਕੱਚੇ ਸਾਮਾਨ ਦੀ ਜ਼ਰੂਰਤ ਪੈਂਦੀ ਹੈ। ਕੱਚੇ ਮਾਲ ਦੀ ਦ੍ਰਿਸ਼ਟੀ ਤੋਂ ਦੁਨੀਆਂ ਦੇ ਲਗਭਗ ਸਾਰੇ ਦੇਸ਼ ਇਕ ਦੂਜੇ ਉਤੇ ਨਿਰਭਰ ਕਰਦੇ ਹਨ। ਇਕ ਸਮਾਂ ਅਜਿਹਾ ਸੀ ਜਦੋਂ ਕੋਇਲੇ ਦਾ ਬਹੁਤ ਮਹੱਤਵ ਸੀ ਪਰ ਹੌਲੀ ਹੌਲੀ ਪੈਟਰੋਲ ਅਤੇ ਯੂਰੇਨਿਯਮ ਦਾ ਮਹੱਤਵ ਬਹੁਤ ਵੱਧ ਗਿਆ ਹੈ। ਕੋਇਲੇ ਤੋਂ ਬਾਅਦ ਲੋਹੇ ਦਾ ਆਧੁਨਿਕ ਯੁਗ ਵਿਚ ਬਹੁਤ ਮਹੱਤਵ ਰਿਹਾ ਹੈ। ਪਹਿਲੇ ਯੁੱਧ ਵਿਚ ਕਲੀਮੈਂਸ ਨੇ ਕਿਹਾ ਸੀ ਕਿ, ''ਮਿੱਟੀ ਦੇ ਤੇਲ ਦੀ ਇਕ-ਇਕ ਬੂੰਦ ਸਾਡੇ ਸਿਪਾਹੀ ਦੀ ਖੂਨ ਦੀ ਇਕ-ਇਕ ਬੂੰਦ ਦੇ ਬਰਾਬਰ ਹੈ।'' ਦੂਜੇ ਵਿਸ਼ਵਯੁੱਧ ਤੋਂ ਬਾਅਦ ਅਮਰੀਕਾ ਤੇ ਰੂਸ ਤੇਲ ਦੀ ਬਹੁਤਾਤ ਕਾਰਣ ਮਜ਼ਬੂਤ ਹੋ ਗਏ ਜਦੋਂ ਕਿ ਬ੍ਰਿਟੇਨ ਤੇਲ ਦੀ ਕਮੀ ਕਾਰਣ ਕਮਜ਼ੋਰ ਹੋ ਗਿਆ ਸੀ।

## 3. ਸਮਾਜਿਕ ਤੱਤ (Social Factors)

ਕਿਸੇ ਰਾਸ਼ਟਰ ਦੇ ਵਿਕਾਸ ਜਾਂ ਸੁਰੱਖਿਆ ਲਈ ਪ੍ਰਭਾਵਸ਼ਾਲੀ ਸਮਾਜਿਕ ਢਾਂਚੇ ਦੀ ਜ਼ਰੂਰਤ ਹੁੰਦੀ ਹੈ ਜਿਸ ਵਿਚ ਉਹ ਵਿਅਕਤੀ ਸ਼ਾਮਲ ਹੁੰਦੇ ਹਨ ਜੋ ਕਿ ਉਸ ਦੇਸ਼ ਦੀ ਭਲਾਈ ਲਈ ਸਭ ਕੁਝ ਕਰਨ ਨੂੰ ਤਿਆਰ ਹੋਣ। ਲੋਕਾਂ ਦੀ ਮਾੜੀ ਪੇਸ਼ਾਵਾਰਨਾ ਕੁਸ਼ਲਤਾ, ਮਾੜੀ ਸਿਹਤ, ਕੰਮ ਕਰਨ ਦੇ ਅਵਸਰਾਂ ਦੀ ਘਾਟ ਅਤੇ ਹੋਰ ਕਈ ਸਮਾਜਿਕ ਕਾਰਨ ਹਨ ਜਿਹੜੇ ਕਿ ਕਿਸੇ ਦੇਸ਼ ਦੀ ਰਾਸ਼ਟਰੀ ਸੁਰੱਖਿਆ ਤੇ ਮਾੜਾ ਅਸਰ ਪਾਉਂਦੇ ਹਨ।

ਇਕ ਹੋਰ ਗੱਲ ਸਮਾਜਿਕ ਸ਼ਕਤੀ ਦਾ ਅੰਦਾਜ਼ਾ ਲਾਉਂਦੇ ਹੋਏ ਧਿਆਨ ਵਿਚ ਰੱਖਣੀ ਚਾਹੀਦੀ ਹੈ ਕੇਵਲ ਗਿਣਤੀ ਹੀ ਨਹੀਂ ਸਗੋਂ ਲੋਕਾਂ ਦਾ ਆਤਮ ਸਮਰਪਣ, ਪੱਕਾ ਇਰਾਦਾ, ਨਿਪੁੰਨਤਾ, ਕੰਮ ਕਰਨ ਦੀ ਸਮਰੱਥਾ ਤੇ ਸਹਿਣਸ਼ੀਲਤਾ ਸਮਾਜਿਕ ਢਾਂਚਾ ਤੇ ਰਾਸ਼ਟਰ ਦੀ ਤਾਕਤ ਨੂੰ ਮਜ਼ਬੂਤ ਕਰਨ ਵਾਲੇ ਮਹੱਤਵਪੂਰਣ ਤੱਤ ਹਨ। ਜੇ ਕਿਤੇ ਜ਼ਿਆਦਾ ਗਿਣਤੀ ਦਾ ਅਸਰ ਦੇਸ਼ ਦੀ ਸੁਰੱਖਿਆ ਤੇ ਹੁੰਦਾ ਹੈ ਤਾਂ ਇਸ ਵੇਲੇ ਚੀਨ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੁੰਦਾ। ਗਿਣਤੀ ਨਾਲੋਂ ਜ਼ਿਆਦਾ ਉਸ ਕੌਮ ਦੇ ਰਾਸ਼ਟਰੀ ਚਰਿੱਤਰ ਦੀ ਜ਼ਿਆਦਾ ਲੋੜ ਹੁੰਦੀ ਹੈ ਕਿ ਉਹ ਕੌਮ ਦੇ ਆਪਣੇ ਦੇਸ਼ ਲਈ ਕੀ ਕੁਝ ਕਰਨ ਲਈ ਤਿਆਰ ਹੈ। ਜਾਪਾਨ ਦੀ ਉਦਾਹਰਣ ਸਾਡੇ ਸਾਹਮਣੇ ਹੈ ਦੂਜੀ ਸੰਸਾਰ ਜੰਗ ਦੌਰਾਨ ਜਪਾਨੀਆਂ ਨੇ ਬੇਮਿਸਾਲ ਹੌਂਸਲਾ ਦਿਖਾਇਆ ਸੀ। ਅੱਜ ਵੀ ਜਾਪਾਨ ਇਕ ਛੋਟਾ ਜਿਹਾ ਦੇਸ਼ ਹੋਣ ਦੇ ਬਾਵਜੂਦ ਤਰੱਕੀ ਦੀਆਂ ਮੰਜ਼ਲਾਂ ਨੂੰ ਛੋਹ ਰਿਹਾ ਹੈ।

ਸਾਰੀ ਦੁਨੀਆਂ ਅਨੇਕਾਂ ਭਾਗਾਂ ਵਿਚ ਵੰਡੀ ਹੋਈ ਹੈ। ਹਰ ਦੇਸ਼ ਵਿਚ ਸਾਰੇ ਲੋਕ ਇਕੋ ਤਰ੍ਹਾਂ ਦੇ ਨਹੀਂ ਹੁੰਦੇ ਸਗੋਂ ਭਾਸ਼ਾਈ, ਜਾਤੀ, ਧਾਰਮਿਕ ਅਤੇ ਆਰਥਿਕ ਤੌਰ ਤੇ ਵੱਖ ਵੱਖ ਸਮਾਜਿਕ ਸ਼੍ਰੇਣੀਆਂ ਵਿਚ ਵੰਡੇ ਹੁੰਦੇ ਹਨ।

ਭਾਰਤ ਇਕ ਅਜਿਹਾ ਦੇਸ਼ ਹੈ ਜਿਸ ਵਿਚ ਅਨੇਕਾਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਅਨੇਕਾਂ ਉਪ-ਬੋਲੀਆਂ ਹਨ। ਕਈ ਵਾਰੀ ਬੋਲੀ ਦੇ ਆਧਾਰ ਤੇ ਸਮਾਜ ਵਿਚ ਕਈ ਝਗੜੇ ਹੋ ਜਾਂਦੇ ਹਨ। ਜਿਸ ਤਰ੍ਹਾਂ ਪੰਜਾਬ ਵਿਚ ਚੰਡੀਗੜ੍ਹ ਨੂੰ ਮਿਲਾਉਣ ਤੇ ਇਸ ਦੇ ਬਦਲੇ ਹਰਿਆਣੇ ਨੂੰ ਹਿੰਦੀ ਬੋਲਦੇ ਇਲਾਕੇ ਦੇਣ ਦਾ ਝਗੜਾ ਸਾਡੇ ਸਾਹਮਣੇ ਹੈ ਜੋ ਕਿ ਲੰਬੇ ਸਮੇਂ ਤੋਂ ਲਟਕਦਾ ਆ ਰਿਹਾ ਹੈ। ਇਸ ਤਰ੍ਹਾਂ ਅਨੇਕਾਂ ਅੰਦਰੂਨੀ ਝਗੜੇ ਦੇਸ਼ ਦੀ ਸੁਰੱਖਿਆ ਤੇ ਮਾੜਾ ਅਸਰ ਪਾਉਂਦੇ ਹਨ। ਦੇਸ਼ ਕਮਜ਼ੋਰ ਹੁੰਦਾ ਹੈ ਅਤੇ ਇਸ ਕਮਜ਼ੋਰ ਹਾਲਤ ਦਾ ਮੌਕਾ ਤਾੜ ਕੇ ਕਈ ਦੂਜੇ ਦੇਸ਼ ਉਸ ਵਿਚ ਦਖਲ ਅੰਦਾਜ਼ੀ ਕਰਦੇ ਹਨ। ਬੇਸ਼ਕ ਦੱਖਣੀ ਅਫਰੀਕਾ ਵਿਚ ਕਾਲਿਆਂ ਨਾਲ ਅਤੇ ਇਜ਼ਰਾਇਲ ਵਿਚ ਫਲਸਤੀਨੀਆਂ ਨਾਲ ਦੂਜੀ ਮਹਾਂ ਜੰਗ ਤੋਂ ਬਾਅਦ ਲਗਾਤਾਰ ਅਨਿਆਂ ਅਤੇ ਵਿਤਕਰਾ ਕੀਤਾ ਜਾਂਦਾ ਰਿਹਾ ਹੈ ਪਰ ਇਸ ਦੇ ਬਾਵਜੂਦ ਵੀ ਇਹ ਦੇਸ਼ ਤਾਕਤ ਅਤੇ ਸੁਰੱਖਿਆ ਦੇ ਪੱਖੋਂ ਕਮਜ਼ੋਰ ਨਹੀਂ ਹੋਏ ਕਿਉਂਕਿ ਇਨ੍ਹਾਂ ਦੇਸ਼ਾਂ ਵਿਚ ਹੋਏ ਅਤਿਆਚਾਰ ਨੂੰ ਅਮਰੀਕਾ ਅਤੇ ਇੰਗਲੈਂਡ ਵਰਗੇ ਉੱਨਤ ਅਤੇ ਸ਼ਕਤੀਸ਼ਾਲੀ, ਦੇਸ਼ਾਂ ਦੀ ਹਮਾਇਤ ਹਾਸਲ ਰਹੀ ਹੈ ਪਰ ਇਸ ਦੇ ਉਲਟ ਸੰਸਾਰ ਪੱਧਰ ਤੇ ਜਨਤਕ ਰਾਏ ਦੱਖਣੀ ਅਫਰੀਕਾ ਅਤੇ ਇਜ਼ਰਾਈਲ ਦੇ ਖਿਲਾਫ ਰਹੀ ਹੈ। ਖਾਸ ਤੌਰ ਤੇ ਤੀਜੀ ਦੁਨੀਆਂ ਦੇ ਦੇਸ਼ਾਂ ਨੇ ਇਸ ਨਸਲਵਾਦੀ ਨੀਤੀ ਨੂੰ ਪੂਰੀ ਤਰ੍ਹਾਂ ਭੰਡਿਆ ਹੈ। ਇਸ ਲਈ ਕਹਿਣ ਦਾ ਮਤਲਬ ਇਹ ਹੈ ਕਿ ਇਸ ਸਭ ਕੁਝ ਨਾਲ ਇਨ੍ਹਾਂ ਦੇਸ਼ਾਂ ਦੀ ਤਾਕਤਾਂ ਤੇ ਬੁਰਾ ਪ੍ਰਭਾਵ ਪਿਆ ਹੈ। ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸਾਨੂੰ ਅਜਿਹੀਆਂ ਸਮੱਸਿਆਵਾਂ ਤੇ ਕਾਬੂ ਪਾਉਣਾ ਜ਼ਰੂਰੀ ਹੁੰਦਾ ਹੈ।

ਧਾਰਮਿਕ ਮੱਤਭੇਦ ਵੀ ਰਾਸ਼ਟਰੀ ਸੁਰੱਖਿਆ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। 1947 ਦੇ ਵਿਚ ਪਾਕਿਸਤਾਨ ਦੇ ਹੋਂਦ ਵਿਚ ਆਉਣ ਦਾ ਆਧਾਰ ਸਿਰਫ ਧਾਰਮਿਕ ਸੀ। ਅੱਜ ਕੱਲ੍ਹ ਭਾਰਤ ਵਿਚ ਧਾਰਮਿਕ ਵਿਵਾਦਾਂ ਵਿਚੋਂ ਅਯੁੱਧਿਆ ਦਾ ਬਾਬਰੀ ਮਸਜਿਦ ਅਤੇ ਰਾਮ ਮੰਦਰ ਦਾ ਵਿਵਾਦ ਇਕ ਹੈ। ਜੇਕਰ ਇਹ ਝਗੜਾ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ ਤਾਂ ਇਹ ਵੀ ਸਾਡੇ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਇਕ ਚੁਣੌਤੀ ਹੈ।

ਕਿਸੇ ਦੇਸ਼ ਦੀ ਆਰਥਿਕਤਾ ਵੀ ਰਾਸ਼ਟਰੀ ਸੁਰੱਖਿਆ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਜੇ ਕੋਈ ਕੌਮ ਆਰਥਿਕ ਤੌਰ ਤੇ ਮਜ਼ਬੂਤ ਅਤੇ ਆਤਮ ਨਿਰਭਰ ਨਹੀਂ ਹੋਵੇਗੀ ਤਾਂ ਉਹ ਆਪਣੀਆਂ ਰਾਸ਼ਟਰੀ ਸੁਰੱਖਿਆ ਪ੍ਰਤੀ ਜ਼ਿੰਮੇਵਾਰੀਆਂ ਨੂੰ ਨਹੀਂ ਨਿਭਾ ਸਕੇਗੀ। ਕਿਉਂਕਿ ਉਸ ਨੂੰ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਉੱਨਤ ਦੇਸ਼ਾਂ ਉਪਰ ਨਿਰਭਰ ਹੋਣਾ ਪਏਗਾ, ਜਿਹੜਾ ਕਿ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੋ ਸਕਦਾ ਹੈ। ਕਮਜ਼ੋਰ ਆਰਥਿਕਤਾ ਵਾਲੇ ਦੇਸਾਂ ਵਿਚ ਲੋਕਾਂ ਦਾ ਜੀਵਨ ਪੱਧਰ ਨੀਵਾਂ ਹੋਣ ਕਾਰਨ ਉਹ ਆਪਣੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਸਮਰੱਥ ਹੁੰਦੇ ਹਨ। ਇਸ ਮਕਸਦ ਨੂੰ ਪੂਰਾ ਕਰਨ ਲਈ ਉਹ ਗਲਤ ਤਰੀਕੇ ਅਪਣਾਉਂਦੇ ਹਨ ਜਿਵੇਂ ਕਿ ਚੋਰੀ, ਰਿਸ਼ਵਤਖੋਰੀ ਅਤੇ ਜਮਾਖੋਰੀ ਆਦਿ। ਇਹ ਸਾਰੀਆਂ ਗੱਲਾਂ ਕਿਸੇ ਰਾਸ਼ਟਰ ਦੀ ਸੁਰੱਖਿਆ ਨੂੰ ਕਮਜ਼ੋਰ ਕਰਦੀਆਂ ਹਨ। ਇਨ੍ਹਾਂ ਨਾਲ ਦੇਸ਼ ਵਿਚ ਅਸਥਿਰਤਾ ਆ ਜਾਂਦੀ ਹੈ ਜਿਹੜੀ ਕਿ ਕਿਸੇ ਬਾਹਰੀ ਖਤਰੇ ਦਾ ਕਾਰਨ ਬਣਦੀ ਹੈ।

ਇਨ੍ਹਾਂ ਤੱਤਾਂ ਤੋਂ ਬਿਨਾਂ ਜੇ ਸਾਡਾ ਸਮਾਜ ਪੜ੍ਹਿਆ ਲਿਖਿਆ ਹੋਵੇਗਾ ਤਾਂ ਵੀ ਉਹ ਕਿਸੇ ਬਾਹਰੀ ਖਤਰੇ ਨੂੰ ਬੜੀ ਚੰਗੀ ਤਰ੍ਹਾਂ ਸਮਝ ਸਕਦਾ ਹੈ। ਦੇਸ਼ ਨੂੰ ਤਰੱਕੀ ਵਾਸਤੇ ਸਾਇੰਸਦਾਨਾਂ ਦੀ ਜ਼ਰੂਰਤ ਪੈਂਦੀ ਹੈ ਜਿਨ੍ਹਾਂ ਦੀਆਂ ਕਾਢਾਂ ਸਦਕਾ ਦੇਸ਼ ਹਰ ਕਿਸਮ ਦੇ ਉਤਪਾਦਨ ਵਿਚ ਆਤਮਨਿਰਭਰਤਾ ਹਾਸਲ ਕਰ ਸਕਦਾ ਹੈ। ਉਸ ਨੂੰ ਕਿਸੇ ਬਾਹਰੀ ਦੇਸ਼ ਤੋਂ ਸਾਜੋ ਸਮਾਨ ਲੈਣ ਲਈ ਝੁਕਣਾ ਨਹੀਂ ਪੈਂਦਾ ਅਤੇ ਆਪਣੀਆਂ ਸਾਰੀਆਂ ਨੀਤੀਆਂ ਆਜ਼ਾਦੀ ਨਾਲ ਬਣਾ ਸਕਦਾ ਹੈ। ਇਕ ਪੜ੍ਹਿਆ ਲਿਖਿਆ ਸਮਾਜ ਆਪਣੇ ਰੀਤੀ ਰਿਵਾਜ਼ਾਂ ਵਿਚੋਂ ਰੂੜ੍ਹੀਵਾਦੀ ਵਿਚਾਰਾਂ ਨੂੰ ਦੂਰ ਰੱਖਦਾ ਹੈ।

ਇਨ੍ਹਾਂ ਸਾਰੇ ਸਮਾਜਿਕ ਤੱਤਾਂ ਦਾ ਅਧਿਐਨ ਕਰ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਮਜ਼ਬੂਤ ਰਾਸ਼ਟਰੀ ਸੁਰੱਖਿਆ ਲਈ ਇਕ ਮਜ਼ਬੂਤ ਸਮਾਜਿਕ ਢਾਂਚੇ ਦੀ ਜ਼ਰੂਰਤ ਹੁੰਦੀ ਹੈ।

## 4. ਰਾਜਨੀਤਿਕ ਪ੍ਰਣਾਲੀ (Political System)

ਰਾਸ਼ਟਰੀ ਪ੍ਰਣਾਲੀ ਦਾ ਚੌਥਾ ਤੱਤ ਜਿਸ ਦੇ ਪ੍ਰਭਾਵ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ ਉਹ ਕਿਸੇ ਰਾਸ਼ਟਰ ਦੀ ਸਰਕਾਰ ਹੈ। ਇਹ ਮੰਨ ਲੈਣਾ ਸੁਭਾਵਿਕ ਹੈ ਕਿ ਲੋਕਤੰਤਰੀ ਸਰਕਾਰ ਤਾਨਾਸ਼ਾਹੀ ਹਕੂਮਤ ਤੋਂ ਕਿਸੇ ਰਾਸ਼ਟਰ ਨੂੰ ਜ਼ਿਆਦਾ ਸ਼ਕਤੀ ਪ੍ਰਦਾਨ ਕਰਦੀ ਹੈ। ਭਾਵੇਂ ਇਤਿਹਾਸਕ ਪ੍ਰਮਾਣ (Historical Record) ਇਸ ਮਾਨ੍ਹਤਾ ਨੂੰ ਰੱਦ ਨਹੀਂ ਕਰਦਾ ਪਰ ਇਸ ਨੂੰ ਇਕ ਪ੍ਰਕਾਰ ਦੇ ਤੌਰ ਤੇ ਸਾਡੇ ਸਨਮੁੱਖ ਰੱਖ ਦਿੰਦਾ ਹੈ। ਸਪਾਰਟਾ (Sparta) ਦੀ ਏਥਨਜ਼ (Athens) ਉੱਤੇ ਜਿੱਤ ਬਹੁਤ ਸਾਰੀਆਂ ਉਦਾਹਰਣਾਂ ਵਿਚੋਂ ਇਕ ਮਿਸਾਲ ਹੈ ਜਿਸ ਵਿਚ ਤਾਨਾਸ਼ਾਹੀ ਹਕੂਮਤ ਨੂੰ ਜਿੱਤ ਪ੍ਰਾਪਤ ਹੋਈ ਸੀ। ਵਾਦ ਵਿਸ਼ੇ ਉਤੇ ਕਿਸੇ ਤਰ੍ਹਾਂ ਦਾ ਵਿਸ਼ਲੇਸ਼ਣ ਕਰਨਾ ਬਹੁਤ ਕਠਿਨ ਹੈ ਕਿਉਂਕਿ ਇਸ ਵਿਸ਼ੇ ਤੇ ਬਹੁਤ ਮਤਭੇਦ ਹੈ ਜੋ ਕਿ ਸਾਨੂੰ ਇਕ ਸੌਖੇ ਨਤੀਜੇ ਤੇ ਨਹੀਂ ਪੁੱਜਣ ਦਿੰਦਾ।

ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਲੜਾਈ ਦੇ ਦੌਰਾਨ ਤਾਨਾਸ਼ਾਹੀ ਸਰਕਾਰ ਨੂੰ ਸਰਕਾਰੀ ਰਾਸ਼ਟਰੀ ਸ਼ਕਤੀ ਲਈ ਸਭ ਤੋਂ ਜ਼ਿਆਦਾ ਲਾਭ ਹੁੰਦੇ ਹਨ। ਕੇਂਦਰ ਦੇ ਨਿਯੰਤਰਣ ਹੇਠ ਕੰਮ ਨੂੰ ਗੁਪਤ (secret) ਰੱਖਣਾ ਤੇ ਇਸ ਨੂੰ ਤੇਜ਼ੀ ਨਾਲ ਪੂਰਾ ਕਰਨਾ, ਇਸ ਦੀਆਂ ਦੋ ਮਹੱਤਵਪੂਰਣ ਵਿਸ਼ੇਸ਼ਤਾਵਾਂ ਹਨ। ਅਸਲ ਵਿਚ ਲੇਖਾ (Record) ਇਸ ਸਿੱਟੇ ਦਾ ਸਮਰਥਨ ਨਹੀਂ ਕਰਦਾ। ਜੰਗ ਦੇ ਦੌਰਾਨ ਵਿਚ ਬਹੁਤ ਸਾਰੇ ਲੋਕਤੰਤਰੀ ਰਾਸ਼ਟਰ ਆਪਣੇ ਆਪ ਨੂੰ ਥੋੜ੍ਹੇ ਚਿਰ ਲਈ ''ਸੰਵਿਧਾਨਿਕ ਤਾਨਾਸ਼ਾਹੀ'' ਵਿਚ ਬਦਲ ਲੈਂਦੇ ਹਨ। ਜਿਸ ਕਾਰਨ ਉਹ ਹਮਲਾਵਰ ਤਾਨਾਸ਼ਾਹ ਰਾਸ਼ਟਰ ਸ਼ੁਰੂ ਵਿਚ ਪ੍ਰਾਪਤ ਕੀਤੇ ਗਏ ਲਾਭ ਨੂੰ ਬਰਾਬਰ ਕਰਨ ਵਿਚ ਸਫਲ ਹੋ ਜਾਂਦੇ ਹਨ। ਬਰਤਾਨੀਆ ਦਾ ਜੰਗ ਦੇ ਸਮੇਂ ਵਿਚ ਬਣਾਇਆ ਮੰਤਰੀ ਮੰਡਲ ਅਤੇ ਅਮਰੀਕਾ ਦਾ ਪਰਲ ਹਾਰਬਰ (Pearl Harbour) ਉਤੇ ਜਵਾਬੀ ਹਮਲਾ ਇਸ ਦੀਆਂ ਉਦਾਹਰਣਾਂ ਹਨ। ਕੇਂਦਰੀ ਨਿਯੰਤਰਣ ਤੇ ਸਵੈਅਨੁਸ਼ਾਸਨ ਆਮ ਕਰਕੇ ਰਾਜਦਾਰੀ (Secrecy) ਦਾ ਤੇ ਜਥੇਬੰਦੀ ਦਾ ਪ੍ਰਭਾਵਸ਼ਾਲੀ ਉੱਤਰ (Counterpoise) ਹਨ।

ਬਹੁਤ ਸਾਰੇ ਆਲੋਚਕਾਂ ਦਾ ਕਹਿਣਾ ਹੈ ਕਿ ਲੋਕਤੰਤਰੀ ਰਾਸ਼ਟਰ ਨੂੰ ਫਾਇਦੇ ਹਨ। ਕਿਉਂਕਿ ਇਹ ਲੋਕਾਂ ਦੀ ਰਜ਼ਾਮੰਦੀ ਤੇ ਉਨ੍ਹਾਂ ਦੇ ਸਵੈਇੱਛਤ ਸਹਿਯੋਗ ਤੇ ਆਧਾਰਿਤ ਹੈ ਜਦੋਂ ਕਿ ਤਾਨਾਸ਼ਾਹੀ ਹਕੂਮਤ ਵਿਚ ਦਬਾਉ ਦੀ ਜ਼ਰੂਰਤ ਪੈਂਦੀ ਹੈ। ਭਾਵੇਂ ਇਸ ਆਮ

ਜਿਹੀ ਗੱਲ ਵਿਚ ਕਾਫੀ ਹੱਦ ਤਕ ਸਚਾਈ ਹੈ। ਪਰੰਤੂ ਇਸ ਨੂੰ ਜ਼ਿਆਦਾ ਹੀ ਉਪਰ ਚੁੱਕ ਦਿੱਤਾ ਗਿਆ ਹੈ। ਆਧੁਨਿਕ ਤਾਨਾਸ਼ਾਹੀ (Totalitarianism) ਦੇ ਮਨੋਵਿਗਿਆਨਕ ਢੰਗਾਂ (Psychological indoctrination) ਨੇ ਬਹੁਤ ਵਿਕਸਿਤ ਅਤੇ ਪ੍ਰਭਾਵਸ਼ਾਲੀ ਸਾਧਨ ਬਣਾ ਲਏ ਹਨ। ਇਸ ਖਾਸ ਉਦੇਸ਼ ਰਾਹੀਂ ਨਾਜ਼ੀ ਜਰਮਨੀ, ਫਾਸਿਸਟ ਇਟਲੀ, ਸੋਵਿਅਤ ਸੰਘ ਅਤੇ ਕਮਿਊਨਿਸਟ ਚੀਨ ਹਰ ਇਕ ਨੇ ਬਹੁਤ ਸੰਗਠਿਤ ਨੌਜਵਾਨਾਂ ਦੀ ਲਹਿਰ ਤਿਆਰ ਕਰ ਲਈ ਹੈ। ਇਸ ਤੋਂ ਇਲਾਵਾ, ਚੀਨ ਵਿਚ ਵੱਡੇ ਤੌਰ ਤੇ ਪ੍ਰਤਿਗਾਮੀ ਅੰਸ਼ (Reactionary element) ਦੇ ਦਿਮਾਗਾਂ ਦੀ ਸਫਾਈ (Brainwashing) ਕੀਤੀ ਗਈ ਹੈ ਜੋ ਇਕ ਤਰ੍ਹਾਂ ਦਾ ਉਲਟਾ ਮਨੋਵਿਸ਼ਲੇਸ਼ਣ (Psycho analysis) ਹੈ। ਇਨ੍ਹਾਂ ਢੰਗਾਂ ਨੇ ਤੇ ਇਸ ਤੱਥ ਤੇ ਮਿਲ ਕੇ ਆਧੁਨਿਕ ਤਾਨਾਸ਼ਾਹੀ ਹਕੂਮਤ ਨੇ ਲੋਕਾਂ ਦੇ ਰਹਿਣ ਸਹਿਣ ਦੇ ਪੱਧਰ ਦਾ, ਇਕ ਸਮੇਂ ਅਤੇ ਥਾਂ ਵਿਚ ਤੁਲਨਾ ਕਰਨ ਤੋਂ ਵਾਂਝਿਆ ਕਰ ਦਿੱਤਾ ਅਤੇ ਇਸ ਨੇ ਨਵੀਂ ਕਿਸਮ ਦੀ ਸਰਕਾਰ ਨੂੰ ਜਨਮ ਦਿੱਤਾ ਹੈ। ਲੋਕਾਂ ਦੀ ਰਜ਼ਾਮੰਦੀ ਨਾਲ ਤਾਨਾਸ਼ਾਹੀ (Totalitarianism with the consent of the people) ਕਦੀ ਕਦੀ ਤਾਨਾਸ਼ਾਹੀ ਸਰਕਾਰਾਂ (Totalitarian) ਨੂੰ ਇਨ੍ਹਾਂ ਢੰਗਾਂ ਰਾਹੀਂ ਲੋਕ-ਪ੍ਰਿਆ ਸਹਾਰੇ ਜਾਂ ਹਿਮਾਇਤ ਬਣਾਉਣ ਦੀ ਲੋੜ ਨਹੀਂ ਪੈਂਦੀ ਸੀ। ਉਦਾਹਰਣ ਦੇ ਤੌਰ ਤੇ 1944 ਤੋਂ ਪਹਿਲਾਂ ਨਾਜ਼ੀ ਤਾਨਾਸ਼ਾਹੀ ਹਕੂਮਤ ਨੂੰ ਬਹੁਤ ਸਾਰੀ ਵਸੋਂ ਦੀ ਕੱਟੜ (Fanatical) ਮਦਦ ਸੀ। ਇਸ ਲਈ, ਸ਼ਕਤੀ ਦੇ ਸੋਮੇ ਦੇ ਤੌਰ ਤੇ ਲੋਕ-ਪ੍ਰਿਆ ਸਹਾਇਤਾ ਦਾ ਵੱਡੇ ਆਧਾਰ ਤੇ ਹੋਣਾ ਲੋਕਤੰਤਰੀ ਰਾਜਾਂ ਦਾ ਹੀ ਏਕਾਧਿਕਾਰ ਨਹੀਂ ਹੈ।

ਤਾਨਾਸ਼ਾਹੀ ਹਕੂਮਤ ਨੂੰ ਆਪਣੇ ਉਦਯੋਗਿਕ ਸਾਧਨਾਂ ਦੇ ਵਿਕਾਸ ਕਰਨ ਦਾ ਹੀ ਫਾਇਦਾ ਹੈ। ਸੋਵੀਅਤ ਰੂਸ ਤੇ ਕਮਿਊਨਿਸਟ ਚੀਨ ਵਿਚ ਖੇਤੀਬਾੜੀ ਦਾ ਜਬਰਨ ਸਮੂਹੀਕਰਣ ਤੇ ਉਦਯੋਗਾਂ ਦਾ ਉਦਯੋਗੀਕਰਣ, ਇਕ ਲੋਕਤੰਤਰੀ ਢਾਂਚੇ ਵਿਚ ਸੋਚਿਆ ਵੀ ਨਹੀਂ ਜਾ ਸਕਦਾ। ਇਨ੍ਹਾਂ ਦੇਸ਼ਾਂ ਦੀ ਸ਼ਕਤੀ ਦੇ ਦਰਜੇ (Power status) ਵਿਚ ਬਹੁਤ ਵਾਧਾ ਆ ਗਿਆ ਹੈ। ਇਸ ਦੇ ਉਲਟ ਲੋਕਤੰਤਰੀ ਦੇਸ਼ ਆਰਥਿਕ ਦੇਸ਼ਾਂ ਤੋਂ ਖੁਸ਼ਹਾਲ ਰਹਿੰਦੇ ਹਨ। ਇਹੀ ਗੱਲ ਦੋਹਾਂ ਦੀਆਂ ਹਕੂਮਤ ਵਿਚਕਾਰ ਸਮਾਨ ਕਰਨ ਦਾ ਇਕ ਤੱਤ ਦਾ ਹੈ। ਇਹ ਸ਼ਾਇਦ ਹੈਰਾਨੀ ਦੀ ਗੱਲ ਨਹੀਂ ਸੀ ਕਿ ਬਹੁਤ ਸਾਰੇ ਆਧੁਨਿਕ ਤਾਨਾਸ਼ਾਹੀ ਰਾਸ਼ਟਰ, ਜਿਸ ਦੀ ਆਰਥਿਕ ਹਾਲਤ ਚੰਗੀ ਹੈ, ਨੂੰ ਮਹੱਤਵਪੂਰਣ ਲਾਭ ਹੋ ਸਕਦੇ ਹਨ।

ਇਸ ਉਪਰ ਦੀ ਵਿਆਖਿਆ ਤੋਂ ਜਾਪਦਾ ਹੈ ਕਿ, ਰਾਸ਼ਟਰ ਦੀ ਸ਼ਕਤੀ ਦੇ ਉਦੇਸ਼ ਜਾਂ ''ਸਮਰੱਥ'' ਜਿਹੀਆਂ ਵਿਸ਼ੇਸ਼ਤਾਵਾਂ, ਸਭ ਤੋਂ ਜ਼ਿਆਦਾ ਇਸ ਗੱਲ ਉਤੇ ਨਿਰਭਰ ਕਰਦੀਆਂ ਹਨ ਕਿ ਉਸ ਦੀ ਸਰਕਾਰ ਭੌਤਿਕ ਤੱਤ ਜਿਵੇਂ ਭੂਗੋਲਿਕ, ਆਬਾਦੀ ਤੇ ਕੁਦਰਤੀ ਧੰਨ-ਸੰਪਤੀ ਨੂੰ ਕਿਸ ਤਰ੍ਹਾਂ ਵਰਤਦੀ ਹੈ। ਇਕ ਸੂਝ ਬੂਝ ਵਾਲੀ ਸਰਕਾਰ ਦੇ ਹੱਥ ਵਿਚ ਭਾਵੇਂ ਉਹ ਲੋਕਤੰਤਰੀ ਹੋਵੇ ਜਾਂ ਤਾਨਾਸ਼ਾਹੀ ਭੂਗੋਲਿਕ ਦੇਸ਼ਾਂ ਨੂੰ ਯੁੱਧਨੀਤਿਕ ਮਹੱਤਵ ਵਿਚ ਅਤੇ ਆਬਾਦੀ ਦੇ ਕੁਦਰਤੀ ਸਾਧਨਾਂ ਨੂੰ ਸ਼ਕਤੀ ਦੇ ਥੰਮਾਂ ਵਿਚ ਸੈਨਿਕ ਤਿਆਰੀ ਅਤੇ ਉਦਯੋਗੀਕਰਣ ਵਿਚ ਬਦਲਿਆ ਜਾ ਸਕਦਾ ਹੈ।

## ਭੂਮਿਕਾ

ਪਿਛਲੇ ਪਾਠਾਂ ਵਿਚ ਅਸੀਂ ਰਾਸ਼ਟਰੀ ਸ਼ਕਤੀ ਦੀ ਪ੍ਰੀਭਾਸ਼ਾ ਅਤੇ ਇਸਦੇ ਵੱਖ-ਵੱਖ ਸੰਕਲਪਾਂ ਅਤੇ ਤੱਤਾਂ ਬਾਰੇ ਪੜ੍ਹਿਆ ਹੈ ਕਿ ਕਿਸ ਤਰ੍ਹਾਂ ਭੂਗੋਲਿਕ ਸਥਿਤੀ ਅਤੇ ਖਣਿਜ ਸਾਧਨ ਕਿਸੇ ਦੇਸ਼ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਕਿਸ ਤਰ੍ਹਾਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਖ ਆਪਣਾ ਯੋਗਦਾਨ ਪਾਉਂਦੇ ਹਨ। ਕੋਈ ਵੀ ਦੇਸ਼, ਜਿਸ ਕੋਲ ਮਜ਼ਬੂਤ ਅਰਥ ਵਿਵਸਥਾ ਅਤੇ ਵੱਡਾ ਇਲਾਕਾ ਅਤੇ ਖਣਿਜ ਸਾਧਨ ਬਹੁਤ ਮਾਤਰਾ ਵਿਚ ਹੋਣ, ਤਾਂ ਉਹ ਇਕ ਮਹਾਂਸ਼ਕਤੀ ਬਣ ਸਕਦਾ ਹੈ ਹੁਣ ਅਸੀਂ ਵੇਖਾਂਗੇ ਕਿ ਕਿਸ ਤਰ੍ਹਾਂ ਆਰਥਿਕ ਅਤੇ ਉਦਯੋਗਿਕ ਸ਼ਕਤੀ, ਅਗਵਾਈ, ਸੈਨਿਕ ਲੀਡਰਸ਼ਿਪ ਆਦਿ ਰਾਸ਼ਟਰੀ ਸੁਰੱਖਿਆ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

## 5. ਆਰਥਿਕ ਅਤੇ ਉਦਯੋਗਿਕ ਸ਼ਕਤੀ (Economic and Industrial Potential)

ਰਾਸ਼ਟਰੀ ਸ਼ਕਤੀ ਦਾ ਪੰਜਵਾਂ ਤੱਤ ਕਿਸੇ ਰਾਸ਼ਟਰ ਦੀ ਆਰਥਿਕ ਸ਼ਕਤੀ ਹੈ, ਜਿਹੜੀ ਕਿ ਦੇਸ਼ ਦੀ ਠੋਸ ਅਤੇ ਤਕੜੀ ਘਰੇਲੂ ਆਰਥਿਕਤਾ, ਜੋ ਕਿ ਖੁੱਲ੍ਹੇ ਮੁਕਾਬਲੇ ਤੇ ਉੱਦਮੀ ਢਾਂਚੇ ਵਿਚ ਹੋਵੇ, ਤੋਂ ਸ਼ਕਤੀ ਪ੍ਰਾਪਤ ਕਰਦੀ ਹੈ। ਭਵਿੱਖ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਕ ਜ਼ਰੂਰੀ ਤੱਤ ਦਾ ਹੋਣਾ ਆਦਿ ਜ਼ਰੂਰੀ ਹੈ। ਉਹ ਕਿਸੇ ਦੇਸ਼ ਦੀ ਮਜ਼ਬੂਤ ਉਦਯੋਗਿਕ ਸਮਰੱਥਾ, ਜਿਸ ਵਿਚ ਖੋਜ ਕਰਨ ਤੇ ਵਿਕਾਸ ਲਈ ਭੌਤਿਕ ਅਤੇ ਤਕਨੀਕੀ ਗੁੰਜਾਇਸ਼ ਹੋਵੇ ਅਤੇ ਆਧੁਨਿਕ ਆਕ੍ਰਮਣਾਤਮਕ (Offensive) ਤੇ

ਰਖਿਆਤਮਕ (Defensive) ਸ਼ਸਤਰਾਂ ਦਾ ਉਤਪਾਦਨ ਅਤੇ ਲੋੜੀਂਦਾ ਸਮਾਨ ਹੋਵੇ।

ਉਦਯੋਗ ਹਰ ਕਿਸਮ ਦੀਆਂ ਆਰਥਿਕ ਸਰਗਰਮੀਆਂ ਨੂੰ ਦਰਸਾਉਂਦਾ ਹੈ ਜਿਵੇਂ ਕਿ ਵਿੱਤ ਸੰਬੰਧੀ, ਵਪਾਰਿਕ ਤੇ ਆਮ ਕਰਕੇ ਉਤਪਾਦਨ ਕਰਨ ਵਾਲੇ ਉੱਦਮਾਂ ਅਤੇ ਇਸ ਤਰ੍ਹਾਂ ਹੀ ਕਿੱਤੇ (Professions) ਸਾਰੇ ਦਸਤਕਾਰੀ ਨਾਲ ਸਬੰਧਿਤ ਹਨ। ਉਦਯੋਗੀਕਰਨ ਅਤੇ ਉਦਯੋਗਿਕ ਸਹੂਲਤਾਂ ਦੇਸ਼ ਦੇ ਵਿਕਾਸ ਵਿਚ ਇਕ ਤਰ੍ਹਾਂ ਦੇ ਬੈਰੋਮੀਟਰ ਦਾ ਕੰਮ ਦਿੰਦੇ ਸਨ। ਅਸਲ ਵਿਚ, ਸੈਨਿਕ ਲੋੜਾਂ ਜਾਂ ਰਸਦ ਪਾਣੀ ਦੇ (Supplies) ਉਤਪਾਦਨ ਅਤੇ ਉਸ ਨੂੰ ਉਨ੍ਹਾਂ ਤੱਕ ਪਹੁੰਚਾਉਣ ਲਈ ਜਿਸ ਤਰ੍ਹਾਂ ਕਿ ਆਰਥਿਕ ਲਚਕ ਜਾਂ ਰਾਸ਼ਟਰੀ ਯੋਗਤਾ ਦੀ ਲੋੜ ਹੈ। ਉਹ ਕੇਵਲ ਅਜਿਹੇ ਸੰਗਠਨ ਤੇ ਇਸ ਤਰ੍ਹਾਂ ਦੀਆਂ ਸਹੂਲਤਾਂ ਉਤੇ ਹੀ ਨਿਰਭਰ ਕਰਦੀ ਹੈ। ਉਦਯੋਗਿਕ ਸੰਗਠਨ ਦੇ ਪੱਧਰ ਦੀ ਆਧੁਨਿਕਤਾ (Sophistication) ਅਤੇ ਉਦਯੋਗਿਕ ਸਹੂਲਤਾਂ ਦੀਆਂ ਯੋਗਤਾਵਾਂ ਦੀ ਪਹੁੰਚ ਦਾ ਦਾਇਰਾ ਆਰਥਿਕ ਉੱਨਤੀ ਜਾਂ ਵਿਕਾਸ ਤੇ ਚਾਨਣ ਪਾਉਂਦੀਆਂ ਹਨ।

ਆਰਥਿਕ ਵਿਕਾਸ ਦੇ ਵਰਨਣ ਦਾ ਮੁਲਾਂਕਣ ਕਰਨ ਲਈ ਉਤਪਾਦਨ ਸ਼ਕਤੀ, ਜਿਹੜੀ ਪਲਾਂਟ ਅਤੇ ਸਾਜੋ ਸਮਾਨ, ਉਧਾਰ ਅਤੇ ਚਾਲੂ ਪੂੰਜੀ, ਪਦਾਰਥ ਅਤੇ ਕਲਪੁਰਜਿਆਂ ਅਤੇ ਚੰਗੇ ਮਜ਼ਦੂਰਾਂ ਨਾਲ ਜੁੜੀ ਹੋਈ ਹੈ, ਦਾ ਹੋਣਾ ਵੀ ਜ਼ਰੂਰੀ ਹੈ। ਇਸ ਵਿਚ ਕੱਚੇ ਮਾਲ ਨੂੰ ਪਲਾਂਟ ਜਾਂ ਕਾਰਖਾਨੇ ਤੱਕ ਪਹੁੰਚਾਉਣ ਅਤੇ ਚੀਜ਼ਾਂ ਨੂੰ ਉਪਭੋਗੀ ਤੱਕ ਪਹੁੰਚਾਉਣ ਦੀ ਯੋਗਤਾ ਜਾਂ ਕਾਬਲੀਅਤ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਉਤਪਾਦਨ ਅਤੇ ਵੰਡ ਦੋਨੋਂ ਆਮ ਅਤੇ ਵੱਧ ਤੋਂ ਵੱਧ ਉਦਯੋਗ ਦੀ ਸੈਨਿਕ ਰਸਦ ਪਹੁੰਚ ਲਈ ਸਹਾਇਕ ਸਿਸਟਮ ਲਈ ਇਕ ਮਹੱਤਵਪੂਰਣ ਦੇਣ ਦਾ ਕੰਮ ਕਰਦੇ ਹਨ।

ਉਦਯੋਗ ਦੁਆਰਾ ਉਤਪਾਦਨ ਕੀਤੀਆਂ ਗਈਆਂ ਸੈਨਿਕ ਰਸਦਾਂ (Military Supplies) ਦੀ ਚਰਚਾ ਕਰਨ ਦੀ ਸਹੂਲਤ ਲਈ ਅਸੀਂ ਇਸ ਨੂੰ ਬਰੂਦ (Munitions) ਅਤੇ ਸ਼ਰਤੀਆਂ ਬਰੂਦ (Conditional Munitions) ਵਿਚ ਵੰਡ ਸਕਦੇ ਹਾਂ। ਅਸਲੇ ਵਿਚ ਇਹ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਲੜਾਈ ਦੇ ਜਹਾਜ਼, ਟੈਂਕਾਂ, ਬੰਦੂਕਾਂ, ਮਿਜ਼ਾਇਲਾਂ ਅਤੇ ਸਮੁੰਦਰੀ ਜਹਾਜ਼ ਜਿਹੜੇ ਕੇਵਲ ਸੈਨਿਕ ਮੰਤਵਾਂ ਲਈ ਹੀ ਬਣਾਏ ਜਾਂਦੇ ਹਨ। ਜਿਨ੍ਹਾਂ ਦੀ ਅਸੈਨਿਕ ਜਾਂ ਨਾਗਰਿਕ ਜੀਵਨ ਵਿਚ ਕੋਈ ਲੋੜ ਨਹੀਂ ਦੂਸਰੇ ਪਾਸੇ, ਸ਼ਰਤੀਆਂ ਬਰੂਦ ਵਿਚ ਅਜਿਹੀਆਂ ਚੀਜ਼ਾਂ ਸ਼ਾਮਿਲ ਹਨ ਜਿਨ੍ਹਾਂ ਦੀ ਆਮ ਵੱਸੋਂ ਅਤੇ ਸੈਨਿਕ ਦਵਾਰਾ ਸਾਂਝੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਸਿਵਲੀਅਨਾਂ ਦੁਆਰਾ ਮੰਗ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਅਸਲ ਉਸ ਵੇਲੇ ਵੀ ਕਿਹਾ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਲੜਾਈ ਦੇ ਉਦੇਸ਼ ਲਈ ਵਰਤਿਆ ਜਾਂਦਾ ਹੈ।

ਇਨ੍ਹਾਂ ਵਖਰੇਵਿਆਂ ਜਾਂ ਫਰਕ ਨੇ ਅਸੈਨਿਕ ਅਤੇ ਸੈਨਿਕ ਖੇਤਰਾਂ ਵਿਚਕਾਰ ਰਾਸ਼ਟਰ ਦੀਆਂ ਸਾਰੀਆਂ ਕੋਸ਼ਿਸ਼ਾਂ ਕਰਕੇ ਹੀ ਵੰਡ ਕਾਰਨ ਕਾਫੀ ਮਹੱਤਤਾ ਪ੍ਰਾਪਤ ਕਰ ਲਈ ਹੈ। ਜਿਥੋਂ ਤਕ ਅਸਲੇ ਦਾ ਸੰਬੰਧ ਹੈ, ਦੋਨਾਂ ਖੇਤਰਾਂ ਵਿਚਕਾਰ ਮੁਕਾਬਲਾ ਮਜ਼ਦੂਰਾਂ, ਉਧਾਰ ਅਤੇ ਕੱਚੇ ਮਾਲ ਦੇ ਲਈ ਹੁੰਦਾ ਹੈ। ਪਰ ਸ਼ਰਤੀਆ ਅਸਲੇ ਦੇ ਸੰਬੰਧ ਵਿਚ ਉਪਭੋਗੀਆਂ ਵਿਚਕਾਰ ਵਸਤੂ ਲਈ ਮੁਕਾਬਲਾ ਹੁੰਦਾ ਹੈ, ਜਿਸ ਉਪਰ ਜੇ ਨਿਯੰਤਰਣ ਨਾ ਰੱਖਿਆ ਜਾਵੇ ਤਾਂ ਕੀਮਤਾਂ ਵੱਧਣ ਵੱਲ ਜਾਂਦੀਆਂ ਹਨ ਅਤੇ ਦੇਸ਼ ਵਿਚ ਮੁਦਰਾ ਸਫੀਤੀ (Inflation) ਦੀ ਸਥਿਤੀ ਪੈਦਾ ਹੋ ਜਾਂਦੀ ਹੈ।

ਸੈਨਿਕ ਸਾਧਨਾਂ ਦਾ ਭੂ-ਵਿਵਰਨ (Geography) ਤਾਂ ਕੇਵਲ ਪਦਾਰਥਾਂ ਦੀ ਸੈਨਿਕ ਮਹੱਤਤਾ ਨੂੰ ਜਾਣਨ, ਸੋਮਿਆ ਦਾ ਪਤਾ ਲਗਾਉਣ ਅਤੇ ਪ੍ਰਕ੍ਰਿਆ ਦੀਆਂ ਸਹੂਲਤਾਂ, ਵੰਡ ਆਵਾਜਾਈ ਦੇ ਸਾਧਨਾਂ ਦਾ ਪਤਾ ਲਗਾਉਣ ਤੇ ਲੜੀ ਹਰੇਕ ਨੁਕਤੇ ਦੀ ਸੰਭਾਵਨਾ ਨੂੰ ਜਾਣਨ ਜਾਂ ਮੰਨਣ ਤੱਕ ਸੀਮਤ ਰਹਿ ਗਿਆ ਹੈ। ਵਿਕਲਪ (Alternative) ਵੀ ਖਾਸ ਦਿਲਚਸਪੀ ਵਾਲੇ ਹਨ ਜਿਵੇਂ ਕਿ ਦੂਜੀ ਵੱਡੀ ਜੰਗ ਤੋਂ ਸਪਸ਼ਟ ਹੋ ਜਾਂਦਾ ਹੈ, ਜਿਸ ਵਿਚ ਅਮਰੀਕਾ ਨੂੰ ਖਾੜੀ ਤੱਟ ਦੇ ਦੇਸ਼ਾਂ (Gulf Coast) ਤੋਂ ਪੈਟਰੋਲੀਅਮ (Petroleum ) ਨੂੰ ਅਮਰੀਕਾ ਦੇ ਉਤਰ-ਪੂਰਬੀ ਖੇਤਰ ਤਕ ਪਹੁੰਚਾਉਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਸੀ। ਸ਼ਾਂਤੀ ਕਾਲ ਵਿਚ ਸਮੁੰਦਰੀ ਆਵਾਜਾਈ ਤੇ ਪਨ-ਡੁੱਬੀਆਂ ਦਵਾਰਾ ਹਮਲਾ ਕੀਤਾ ਜਾ ਸਕਦਾ ਹੈ। ਜਦੋਂ ਕਿ ਰੇਲ, ਸੜਕ, ਟੈਂਕ ਅਤੇ ਕਾਰਾਂ (Rail, Road, Tank, Cars) ਵਿਚ ਸਥਿਰ ਥਾਂ ਹੁੰਦੀ ਸੀ ਅਤੇ ਬੇਹੱਦ ਸਮਾਂ ਲਗਦਾ ਸੀ। ਇਸ ਲਈ ਜ਼ਮੀਨ ਉਤੇ ਪਾਇਪ ਲਾਈਨਾਂ (Overland pipeline) ਜਿਵੇਂ ਕਿ ਵੱਡੀ ਇੰਚ (Big inch) ਅਤੇ ਛੋਟੇ ਇੰਚ (Little inch) ਬਨਾਉਣ ਬਾਰੇ ਸੋਚਣਾ ਜ਼ਰੂਰੀ ਹੋ ਗਿਆ।

### 6. ਸੈਨਿਕ ਤਿਆਰੀਆਂ (Military Preparedness)

ਸੈਨਿਕ ਤਿਆਰੀ ਲਈ ਅਜਿਹੀਆਂ ਸੈਨਿਕ ਸੰਸਥਾਪਨਾਵਾਂ ਦੀ ਜ਼ਰੂਰਤ ਹੈ, ਜਿਹੜੀਆਂ ਦੇਸ਼ ਦੀ ਅਪਣਾਈ ਹੋਈ ਵਿਦੇਸ਼ੀ ਨੀਤੀ ਦੀ

ਮਦਦ ਕਰਨ ਵਿਚ ਸਮਰੱਥ ਹੋਣ। ਇਸ ਤਰ੍ਹਾਂ ਦੀ ਯੋਗਤਾ, ਕਈ ਤੱਤਾਂ ਤੋਂ ਮਿਲਦੀ ਹੈ ਜਿਨ੍ਹਾਂ ਵਿਚੋਂ ਸਾਡੀ ਚਰਚਾ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ, ਤਕਨੀਕੀ ਕਾਢਾਂ, ਅਗਵਾਈ ਅਤੇ ਹਥਿਆਰਬੰਦ ਫੌਜਾਂ ਦੀ ਗਿਣਤੀ ਤੇ ਉਨ੍ਹਾਂ ਦੇ ਗੁਣ ਹਨ।

ਤਕਨਾਲੋਜੀ (Technology) ਰਾਸ਼ਟਰ ਤੋਂ ਇਨ੍ਹਾਂ ਸਭਿਅਤਾ ਦੀ ਤਕਨੀਕ ਆਮ ਕਰਕੇ ਯੁੱਧ ਦੀ ਤਕਨੀਕ ਜਾਂ ਸ਼ੈਲੀ (Technology of Warfare) ਦੇ ਅੰਤਰ ਕਾਰਨ ਨਿਰਧਾਰਿਤ ਹੁੰਦੀ ਹੈ ਅਤੇ ਇਸੇ ਕਾਰਣ ਕਮਜ਼ੋਰ ਦੇਸ਼ ਹੋਰ ਤਰੀਕਿਆਂ ਨਾਲ ਆਪਣੀ ਘਾਟ ਨੂੰ ਪੂਰਾ ਕਰਨ ਵਿਚ ਅਸਮਰਥ ਰਹਿੰਦੇ ਹਨ। ਯੂਰਪ ਨੇ ਪੰਦਰਵੀਂ ਸ਼ਤਾਬਦੀ ਤੋਂ ਉਨੀਵੀਂ ਸ਼ਤਾਬਦੀ ਦੇ ਆਪਣੇ ਵਿਸਥਾਰ ਪੂਰਵਕ ਕਾਲ ਵਿਚ ਯੁੱਧ ਸ਼ੈਲੀ ਕਾਰਣ ਹੀ ਆਪਣੀ ਰੱਖਿਆ ਕੀਤੀ ਜਿਹੜੀ ਕਿ ਪੱਛਮੀ ਅਰਧ-ਗੋਲਾ (Western Hemisphere), ਅਫਰੀਕਾ (Africa) ਅਤੇ ਨਿਕਟ ਅਤੇ ਦੂਰ ਪੂਰਬ ਦੇ ਦੇਸ਼ਾਂ ਦੀ ਯੁੱਧ ਸ਼ੈਲੀ ਤੋਂ ਵਧੀਆ ਸੀ। ਚੌਦਵੀਂ ਅਤੇ ਪੰਦਰਵੀਂ ਸ਼ਤਾਬਦੀਆਂ ਵਿਚ ਪੁਰਾਤਨ ਹਥਿਆਰਾਂ ਨਾਲ ਪੈਦਲ ਸੈਨਾ (Infantry), ਬਾਰੂਦ ਨਾਲ ਚਲਣ ਵਾਲੇ ਹਥਿਆਰ (Fire arm) ਅਤੇ ਤੋਪਖਾਨੇ ਦੇ ਆਉਣ ਤੇ ਸ਼ਕਤੀ ਦੀ ਵੰਡ ਵਿਚ ਬੜਾ ਮਹੱਤਵਪੂਰਣ ਅੰਤਰ ਆ ਗਿਆ। ਉਹ ਦੇਸ਼ ਜਿਹੜੇ ਇਨ੍ਹਾਂ ਨਵੇਂ ਹਥਿਆਰਾਂ ਦਾ ਸਾਹਮਣਾ ਕਰਨ ਲਈ ਅਜੇ ਵੀ ਰਸਾਲੇ (Cavalry) ਤੇ ਕਿਲਿਆਂ (Castles) ਉਤੇ ਹੀ, ਜੋ ਉਦੋਂ ਤੱਕ ਵਿਵਹਾਰਕ ਤੌਰ ਤੇ ਸਿੱਧੇ ਹਮਲੇ ਤੋਂ ਬਚੇ ਹੋਏ ਸਨ, ਨਿਰਭਰ ਕਰਦੇ ਸਨ। ਹੁਣ ਇਨ੍ਹਾਂ ਨਵੇਂ ਹਥਿਆਰਾਂ ਦੇ ਆਉਣ ਤੇ ਆਪਣੀ ਪ੍ਰਭਾਵਸ਼ਾਲੀ ਸਥਿਤੀ ਨੂੰ ਗਵਾ ਬੈਠੇ ਸਨ।

ਦੋ ਘਟਨਾਵਾਂ ਇਸ ਸ਼ਕਤੀ ਦੀ ਤਬਦੀਲੀ ਨੂੰ ਸਪਸ਼ਟ ਕਰਦੀਆਂ ਹਨ। ਇਨ੍ਹਾਂ ਨੇ ਰਾਜਨੀਤਿਕ ਤੇ ਸੈਨਿਕ ਤੌਰ ਤੇ ਮੱਧ ਯੁੱਗ (Middle Ages) ਨੂੰ ਖਤਮ ਕਰ ਦਿੱਤਾ ਹੈ ਤੇ ਆਧੁਨਿਕ ਇਤਿਹਾਸ ਦੇ ਸੰਮਤ ਨੂੰ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਵਿਚੋਂ ਪਹਿਲੀ ਘਟਨਾ ਮੋਰਗਾਟਨ (Morgarten, 1315) ਤੇ ਲਾਉਪਨ (Laupan, 1339) ਦੀਆਂ ਲੜਾਈਆਂ ਦੀ ਹੈ ਜਿਨ੍ਹਾਂ ਵਿਚ ਸਵਿਟਜ਼ਰਲੈਂਡ ਦੀ ਪੈਦਲ ਸੈਨਾ ਨੇ ਸੰਮਤ ਦੀ ਘੋੜ ਸਵਾਰ ਸੈਨਾ (Feudal Cavlary) ਨੂੰ ਬੁਰੀ ਤਰ੍ਹਾਂ ਹਾਰਾਂ ਦਿੱਤੀਆਂ ਅਤੇ ਇਉਂ ਦਿਖਾ ਦਿੱਤਾ ਕਿ ਸਾਧਾਰਨ ਜਨਤਾ ਵਿਚ ਭਰਤੀ ਕੀਤੇ ਗਏ ਪੈਦਲ ਸਿਪਾਹੀ (Foot Soldiers) ਅਸ਼ਵਾਰੋਹੀਆਂ (Equestrians) ਦੀ ਸਾਦੀ ਤੇ ਮਹਿੰਗੀ ਸੈਨਾ ਤੋਂ ਕਿਤੇ ਜ਼ਿਆਦਾ ਵਧੀਆ ਹਨ। ਦੂਜੀ ਘਟਨਾ ਫਰਾਂਸ ਤੋਂ ਚਾਰਲਸ ਅੱਠਵੇਂ (Charles VIII) ਦੇ ਇਟਲੀ ਤੇ 1494 ਈ: ਵਿਚ ਕੀਤੇ ਹਮਲੇ ਨਾਲ ਸੰਬੰਧਤ ਹੈ। ਚਾਰਲਸ ਅੱਠਵੇਂ ਨੇ ਪੈਦਲ ਸੈਨਾ ਅਤੇ ਤੋਪਖਾਨੇ ਦੀ ਮਦਦ ਨਾਲ ਇਟਲੀ ਦੇ ਵਿਸ਼ਾਲ ਨਗਰ ਰਾਜ (City States) ਜਿਹੜੇ ਕਿ ਉਦੋਂ ਤਕ ਆਪਣੀਆਂ ਮਜ਼ਬੂਤ ਕੰਧਾਂ ਕਾਰਣ ਸੁਰੱਖਿਅਤ ਸਨ, ਦੀ ਸ਼ਕਤੀ ਨੂੰ ਤੋੜ ਦਿੱਤਾ। ਸਪਸ਼ਟ ਤੌਰ ਤੇ, ਇਹ ਨਵੇਂ ਯੁੱਧ ਦੇ ਢੰਗਾਂ ਦੀ ਬੇ-ਰੋਕ ਤਬਾਹ ਕਰਨ ਦੀ ਸ਼ਕਤੀ ਨੂੰ ਥੋੜ੍ਹੇ ਸਮੇਂ ਲਈ, ਉਸ ਧਿਰ ਨੂੰ ਜਿਸ ਨੇ ਕਿ ਇਨਾਂ ਦੀ ਆਪਣੇ ਦੁਸ਼ਮਣ ਨਾਲੋਂ ਪਹਿਲਾਂ ਵਰਤੋਂ ਕੀਤੀ ਜਾਂ ਦੁਸ਼ਮਣ ਦੇ ਇਨ੍ਹਾਂ ਤੋਂ ਬਚਣ ਦੇ ਉਪਕਰਨ ਤੋਂ ਪਹਿਲਾਂ ਪ੍ਰਯੋਗ ਕੀਤਾ, ਉਹ ਫਾਇਦੇ ਵਿਚ ਰਹੇ। ਪਹਿਲੀ ਵੱਡੀ ਜੰਗ ਵਿਚ ਜਰਮਨੀ ਨੇ ਬ੍ਰਿਟਿਸ਼ ਜਹਾਜ਼ਰਾਨੀ ਦੇ ਵਿਰੁੱਧ ਪਨਡੁੱਬੀਆਂ ਦਾ ਇਸਤੇਮਾਲ ਕਰਨ ਵਿਚ ਪਹਿਲ ਕੀਤੀ ਸੀ ਅਤੇ ਇਹ ਜਰਮਨੀ ਨੂੰ ਜੰਗ ਜਿੱਤਣ ਵਿਚ ਸਹਾਇਕ ਸਿੱਧ ਹੋ ਜਾਂਦੀਆਂ ਜੇਕਰ ਬਰਤਾਨੀਆਂ ਇਸ ਖਤਰੇ ਦੇ ਜਵਾਬ ਵਿਚ ਰਖਿਅਕ ਕਾਰਵਾਈ (Convoy) ਦਾ ਪ੍ਰਯੋਗ ਨਾ ਕਰਦਾ। ਇਸੇ ਤਰ੍ਹਾਂ ਪਹਿਲੀ ਵੱਡੀ ਜੰਗ ਦੇ ਅੰਤ ਵਿਚ ਬਰਤਾਨੀਆਂ ਨੇ ਟੈਂਕਾਂ ਦਾ ਬਹੁਤ ਗਿਣਤੀ ਵਿਚ ਅਤੇ ਸੰਘਣੇ ਤੌਰ ਤੇ ਇਸਤੇਮਾਲ ਕੀਤਾ ਜੋ ਕਿ ਇਤਹਾਦੀ ਰਾਸ਼ਟਰਾਂ (Allies) ਦੀ ਜਿੱਤ ਦਾ ਕਾਰਨ ਬਣਿਆ ਜਦੋਂ ਕਿ ਜਰਮਨੀ ਨੇ ਟੈਂਕਾਂ ਦਾ ਵੱਡੇ ਪੈਮਾਨੇ ਤੇ ਪ੍ਰਯੋਗ ਨਹੀਂ ਸੀ ਕੀਤਾ। ਦੂਜੀ ਵੱਡੀ ਜੰਗ ਦੇ ਸ਼ੁਰੂ ਵਿਚ ਜ਼ਮੀਨੀ, ਹਵਾਈ ਤੇ ਸਮੁੰਦਰੀ ਫੌਜਾਂ ਦੇ ਯੁੱਧਨੀਤਿਕ ਤੇ ਯੁੱਧ ਕਲਾ ਦੇ ਮਾਮਲਿਆਂ ਵਿਚ ਆਪਸੀ ਸਹਿਯੋਗ ਨੇ ਜਰਮਨੀ ਤੇ ਜਾਪਾਨ ਨੂੰ ਉੱਚਤਾ ਪ੍ਰਾਪਤ ਕਰਨ ਵਿਚ ਮਦਦ ਦਿੱਤੀ। ਅੰਗਰੇਜ਼ਾਂ ਅਤੇ ਡੱਚਾਂ ਨੇ 1941-42 ਵਿਚ ਜਾਪਾਨ ਤੋਂ ਪਰਲ ਹਾਰਬਰ ਤੇ ਦੂਜੀਆਂ ਜ਼ਮੀਨੀ ਤੇ ਸਮੁੰਦਰੀ ਲੜਾਈਆਂ ਵਿਚ ਭਾਰੀ ਹਾਰਾਂ ਖਾਧੀਆਂ। ਇਨ੍ਹਾਂ ਹਾਰਾਂ ਦਾ ਮੁੱਖ ਕਾਰਨ ਉਨ੍ਹਾਂ ਦੇਸ਼ ਦਾ ਤਕਨੀਕੀ ਮਾਮਲਿਆਂ ਵਿਚ ਪਛੜਿਆਪਣ ਸੀ ਜਦੋਂ ਕਿ ਦੁਸ਼ਮਣ ਇਕ ਬਹੁਤ ਪ੍ਰਗਤੀਸ਼ੀਲ ਦੇਸ਼ ਸੀ। ਜੇ ਕੋਈ ਇੰਗਲੈਂਡ ਦੀਆਂ ਹਾਰਾਂ ਦੀ ਸਮੀਖਿਆ (Review) ਨੂੰ ਪੜ੍ਹੇ ਜਿਹੜੀ ਕਿ ਚਰਚਿਲ ਨੇ (Chruchill) 23 ਅਪਰੈਲ 1942 ਨੂੰ ਸੰਸਦ ਦੇ ਗੁਪਤ ਸੈਸ਼ਨ ਵਿਚ ਪੇਸ਼ ਕੀਤੀ ਸੀ ਤਾਂ ਉਸ ਨੂੰ ਇਸ ਸਚਾਈ ਦਾ ਪਤਾ ਲੱਗ ਜਾਵੇਗਾ ਕਿ ਇਨ੍ਹਾਂ ਸਾਰੀਆਂ ਜ਼ਮੀਨੀ, ਸਮੁੰਦਰੀ ਅਤੇ ਹਵਾਈ ਹਾਰਾਂ ਦਾ ਇਕ ਸਾਂਝਾ ਕਾਰਣ ਵੀ ਹੈ। ਉਹ ਇਹ ਹੈ ਕਿ ਉਨ੍ਹਾਂ ਨੇ ਯੁੱਧ ਤਕਨੀਕ ਹਵਾਈ ਸ਼ਕਤੀ (Air Powers) ਦੇ ਆਉਣ ਨਾਲ ਹੋਈ ਤਬਦੀਲੀ ਵਲ ਅਣਗਹਿਲੀ ਜਾਂ ਗਲਤਫਹਿਮੀ ਵਾਲਾ ਰਵਈਆ ਅਪਣਾਇਆ ਸੀ। ਆਖਰ ਵਿਚ, ਉਹ ਰਾਸ਼ਟਰ, ਜਿਨ੍ਹਾਂ ਕੋਲ ਨਿਊਕਲੀਅਰ ਹਥਿਆਰ ਤੇ ਇਨ੍ਹਾਂ ਨੂੰ ਸੁੱਟਣ ਦੇ

ਸਾਧਨ ਹਨ, ਉਨ੍ਹਾਂ ਦੇਸ਼ਾਂ ਨੂੰ ਵੱਡਾ ਤਕਨੀਕੀ ਲਾਭ ਹੈ।

ਫਿਰ ਵੀ ਨਿਊਕਲੀਅਰ ਹਥਿਆਰਾਂ ਦੀ ਹੋਂਦ ਦੋ ਅਜੀਬ ਵਿਰੋਧਭਾਸ ਗੱਲਾਂ ਨੂੰ ਦਰਸਾਉਂਦੀ ਹੈ। ਉਨ੍ਹਾਂ ਵਿਚੋਂ ਇਕ ਚੀਜ਼ ਹੈ ਕਿ ਇਨ੍ਹਾਂ ਹਥਿਆਰਾਂ ਦੀ ਤਬਾਹ ਕਰਨ ਦੀ ਸ਼ਕਤੀ ਬਹੁਤ ਜ਼ਿਆਦਾ ਹੈ। ਇਨ੍ਹਾਂ ਨੂੰ ਤਬਾਹ ਕਰਨ ਵਾਲੇ ਹਥਿਆਰਾਂ ਦੀ ਗਿਣਤੀ ਵਿਚ ਪ੍ਰੰਪਰਾਗਤ ਹਥਿਆਰਾਂ (Conventional Weapons) ਦੇ ਮੁਕਾਬਲੇ ਵਿਚ ਵਾਧਾ ਜ਼ਰੂਰੀ ਨਹੀਂ ਕਿ ਉਹ ਰਾਸ਼ਟਰ ਦੀ ਸ਼ਕਤੀ ਨੂੰ ਵੀ ਉਸ ਅਨੁਸਾਰ ਵਧਾ ਦੇਵੇਗਾ। ਇਕ ਵਾਰ ਰਾਸ਼ਟਰ ਕੋਲ ਉਹ ਸਾਰੇ ਨਿਊਕਲੀਅਰ ਹਥਿਆਰ ਹੋਣ, ਜਿਹੜੇ ਕਿ ਉਸ ਦੁਸ਼ਮਣ ਦੇ ਸਾਰੇ ਨਿਸ਼ਾਨਿਆਂ ਨੂੰ, ਜੋ ਕਿ ਉਸ ਨੇ ਸਾਰੇ ਸਥਾਈ ਖਤਰਿਆਂ (Possible Contingencies) ਨੂੰ ਧਿਆਨ ਵਿਚ ਰੱਖ ਕੇ ਤਬਾਹ ਕਰਨ ਲਈ ਚੁਣੇ ਹਨ ਜਿਵੇਂ ਦੁਸ਼ਮਣ ਦਾ ਪਹਿਲਾ ਵਾਰ, ਤਾਂ ਉਸ ਰਾਸ਼ਟਰ ਕੋਲ ਹੋਰ ਨਿਊਕਲੀਅਰ ਹਥਿਆਰ ਆਉਣ ਤੇ ਉਸ ਦੀ ਸ਼ਕਤੀ ਨਹੀਂ ਵਧੇਗੀ।

ਦੂਜਾ ਵਿਰੋਧਾਭਾਸ਼ ਨਿਊਕਲੀਅਰ ਹਥਿਆਰਾਂ ਦੀ ਤਬਾਹ ਕਰਨ ਦੀ ਸ਼ਕਤੀ ਤੇ ਉਨ੍ਹਾਂ ਦੀ ਯੁਕਤੀ ਪੂਰਵਕ ਵਰਤੋਂ ਵਿਚ ਉਲਟੇ ਸੰਬੰਧ ਨੂੰ ਦਰਸਾਉਂਦਾ ਹੈ। ਜ਼ਿਆਦਾ ਉੱਤਪਤੀ (High yield) ਦੇ ਨਿਊਕਲੀਅਰ ਸ਼ਾਸਤਰ ਵਿਵੇਕਹੀਣ (Indiscriminate) ਤੇ ਬਹੁਤ ਤਬਾਹੀ ਕਰਨ ਵਾਲੇ ਹਥਿਆਰ ਹਨ ਅਤੇ ਇਸ ਲਈ ਉਚਿਤ ਸੈਨਿਕ ਮੰਤਵਾਂ ਲਈ ਇਨ੍ਹਾਂ ਨੂੰ ਵਰਤਣਾ ਚਾਹੀਦਾ ਹੈ। ਪਰ ਇਨ੍ਹਾਂ ਨੂੰ ਪੂਰੀ ਤਬਾਹੀ (Total Desctruction) ਦੀ ਧਮਕੀ ਦੇ ਕੇ ਜੰਗ ਨੂੰ ਟਾਲਣ ਲਈ ਵਰਤਿਆ ਜਾ ਸਕਦਾ ਹੈ ਪਰੰਤੂ ਇਨ੍ਹਾਂ ਦਾ ਠੀਕ ਢੰਗ ਨਾਲ ਲੜਾਈ ਲੜਨ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਇਕ ਰਾਸ਼ਟਰ ਜੋ ਕਿ ਕਿਸੇ ਵੀ ਚੀਜ਼ ਨਾਲ ਹਥਿਆਰਬੰਦ ਨਹੀਂ ਉਸ ਦੇ ਜ਼ਿਆਦਾ ਉਪਰ ਵਾਲੇ ਨਿਊਕਲੀਅਰ ਹਥਿਆਰ ਉਸ ਦੇ ਸੈਨਿਕ ਰਵੱਈਏ ਤੋਂ (Military Post) ਬਹੁਤ ਘੱਟ ਰਾਜਨੀਤਿਕ ਸ਼ਕਤੀ ਪ੍ਰਾਪਤ ਕਰ ਸਕਦੇ ਹਨ ਕਿਉਂਕਿ ਇਸ ਦੇ ਕੋਲ ਕੋਈ ਵੀ ਅਜਿਹਾ ਸਾਧਨ ਨਹੀਂ ਜਿਸ ਨਾਲ ਕਿ ਉਹ ਆਪਣੀ ਇੱਛਾ ਨੂੰ ਕਿਸੇ ਹੋਰ ਰਾਸ਼ਟਰ ਤੇ ਠੋਸ ਸਕੇ, ਸਿਵਾਏ ਇਸ ਦੇ ਕੇ ਉਸ ਨੂੰ ਪੂਰਨ ਤਬਾਹ ਕਰਨ ਦੀ ਧਮਕੀ ਦੇਵੇ।

ਜੇ ਉਹ ਡਰਾਇਆ ਹੋਇਆ ਰਾਸ਼ਟਰ, ਦੂਸਰਾ ਪ੍ਰਮਾਣੂ ਵਾਰ ਜਾਂ ਹਮਲਾ ਕਰਨ ਯੋਗ ਹੋਵੇ ਤਾਂ ਉਹ ਵੀ ਜਵਾਬ ਵਿਚ ਪੂਰਨ ਵਿਨਾਸ਼ ਦੀ ਧਮਕੀ ਦੇ ਸਕਦਾ ਹੈ ਤਾਂ ਉਸ ਹਾਲਤ ਵਿਚ ਦੋਨਾਂ ਰਾਸ਼ਟਰਾਂ ਦਵਾਰਾ ਦਿੱਤੀਆਂ ਗਈਆਂ ਧਮਕੀਆਂ ਜਾਂ ਤਾਂ ਇਕ ਦੂਜੇ ਨੂੰ ਰੱਦ ਕਰ ਦੇਣਗੀਆਂ ਜਾਂ ਦੋਨਾਂ ਝਗੜਾਲੂ ਰਾਸ਼ਟਰ ਦੀ ਤਬਾਹੀ ਹੋ ਜਾਵੇਗੀ। ਜੇਕਰ ਉਸ ਡਰਾਏ ਹੋਏ ਰਾਸ਼ਟਰ ਕੋਲ ਜਵਾਬੀ ਕਾਰਵਾਈ ਕਰਨ ਲਈ ਕੋਈ ਵੀ ਪ੍ਰਮਾਣੂ ਸਾਧਨ ਨਹੀਂ, ਤਾਂ ਪੂਰਨ ਤਬਾਹੀ ਝਲਣੀ ਪਵੇਗੀ ਜਾਂ ਬਿਨਾਂ ਸ਼ਰਤ ਸਮਰਪਣ ਕਰਨਾ ਪਵੇਗਾ ਜਿਵੇਂ ਕਿ 1945 ਦੀ ਜੰਗ ਵਿਚ ਜਾਪਾਨ ਨੇ 'ਹੀਰੋਸ਼ੀਮਾ' ਅਤੇ 'ਨਾਗਾਸਾਕੀ' (Hiroshima and Nagasaki) ਉੱਤੇ ਸੁੱਟੇ ਗਏ ਨਿਊਕਲੀਅਰ ਬੰਬਾਂ ਰਾਹੀਂ ਤਬਾਹੀ ਦੇ ਬਾਅਦ ਕੀਤਾ ਸੀ। ਦੂਜੇ ਸ਼ਬਦਾਂ ਵਿਚ ਧਮਕੀ ਦੇਣ ਵਾਲਾ ਰਾਸ਼ਟਰ ਪ੍ਰਮਾਣੂ ਰਹਿਤ ਰਾਸ਼ਟਰ (Non nuclear) ਨੂੰ ਇਸ ਧਰਤੀ ਤੋਂ ਜਾਂ ਤਾਂ ਹੌਲੀ ਹੌਲੀ ਜਾਂ ਇਕ ਨਗਰ ਬਾਅਦ ਤਬਾਹ ਕਰਕੇ ਜਾਂ ਇਕੋ ਵਾਰ ਤਬਾਹ ਕਰ ਦੇਣ ਵਾਲੇ ਹਮਲੇ ਨਾਲ ਮਿਟਾ ਸਕਦਾ ਹੈ। ਪਰੰਤੂ ਇਹ ਸੈਨਿਕ ਪ੍ਰਭਾਵ ਦੀ ਮਾਤਰਾ, ਜਿਹੜੀ ਕਿ ਲੋਕਾਂ ਦੀ ਮਨੋਵਿਗਿਆਨਕ ਵਿਰੋਧਤਾ (Psychological resistance) ਨੂੰ ਖਤਮ ਕਰਨ ਲਈ ਚਾਹੀਦੀ ਹੈ, ਨੂੰ ਹੁਸ਼ਿਆਰੀ ਨਾਲ ਉਸ ਦੇ ਅਨੁਕੂਲ ਨਹੀਂ ਕਰ ਸਕਦੀ। ਕਿਸੇ ਰਾਸ਼ਟਰ ਕੋਲ ਪਰੰਪਰਾਗਤ ਹਥਿਆਰਾਂ (Conventional weapons) ਦਾ ਹੋਣਾ ਅਤੇ ਉਸ ਦਾ ਜ਼ਿਆਦਾ ਉਪਜ ਵਾਲੇ ਪ੍ਰਮਾਣੂ ਹਥਿਆਰਾਂ ਉਤੇ ਪੂਰੀ ਤਰ੍ਹਾਂ ਨਿਰਭਰ ਕਰਨਾ ਉਸ ਦੇਸ਼ ਨੂੰ ਕਮਜ਼ੋਰ ਬਣਾ ਦੇਵੇਗਾ। ਉਸ ਨਾਲੋਂ ਵੀ ਜੇਕਰ ਉਸ ਕੋਲ ਡਰਾਉਣ (Deterrence) ਦੇ ਮੰਤਵ ਲਈ ਜ਼ਿਆਦਾ ਉਪਜ ਵਾਲੇ ਹਥਿਆਰਾਂ, ਪ੍ਰਮਾਣੂ ਹਥਿਆਰ ਅਤੇ ਜੰਗ ਦੇ ਆਮ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਪਰੰਪਰਾਗਤ ਹਥਿਆਰਾਂ ਦੇ ਭੰਡਾਰ ਦੇ ਮੇਲ (Combination) ਨਾਲ ਉਸਦਾ ਮਕਸਦ ਹੱਲ ਹੋ ਸਕਦਾ ਹੈ। ਇਸ ਲਈ ਉਲਟੀ ਗੱਲ ਇਹ ਹੈ ਕਿ ਪ੍ਰਮਾਣੂ ਹਥਿਆਰਾਂ ਨੂੰ ਲਾਭਵੰਦ ਬਣਾਉਣ ਲਈ ਸਾਨੂੰ ਉਨ੍ਹਾਂ ਦੀ ਉਪਜ (Yield) ਲੱਗਭਗ ਪਰੰਪਰਾਗਤ ਹਥਿਆਰਾਂ ਜਿੰਨੀ ਘੱਟ ਕਰ ਦੇਣੀ ਚਾਹੀਦੀ ਹੈ।

## 7. ਅਗਵਾਈ (Leadership)

ਤਕਨੀਕੀ ਕਾਢਾਂ ਦਾ ਠੀਕ ਸਮੇਂ ਪ੍ਰਯੋਗ ਕਰਨ ਤੋਂ ਇਲਾਵਾ, ਸੈਨਿਕ ਅਗਵਾਈ ਦੀ ਕਿਸਮ (quality) ਹਮੇਸ਼ਾਂ ਹੀ ਰਾਸ਼ਟਰੀ ਸ਼ਕਤੀ ਤੇ ਮਹੱਤਵਪੂਰਣ ਪ੍ਰਭਾਵ ਪਾਉਂਦੀ ਹੈ। ਅਠਾਰ੍ਹਵੀਂ ਸ਼ਤਾਬਦੀ ਵਿਚ ਪਰਸ਼ੀਆ (Persia) ਦੀ ਸ਼ਕਤੀ ਫਰੈਡਰਿਕ ਮਹਾਨ (Fredrick

the Great) ਦੀ ਸੈਨਿਕ ਯੋਗਤਾ (Military genius) ਅਤੇ ਉਸ ਦਵਾਰਾ ਚਾਲੂ ਕੀਤੀ ਯੁੱਧ ਦੀ ਕਲਾ ਤੇ ਚਾਲਾਂ ਦੀਆਂ ਕਾਢਾਂ ਦਾ ਪ੍ਰਤੀਰੂਪ (Reflection) ਸੀ। ਯੁੱਧ ਦੀ ਕਲਾ ਵਿਚ ਫਰੈਡਰਿਕ ਮਹਾਨ ਦੀ ਮੌਤ (1796) ਤੋਂ ਲੈ ਕੇ 1806 ਦੀ ਜੇਨਾ ਲੜਾਈ (Battle of Jena), ਜਿਸ ਵਿਚ ਨੈਪੋਲੀਅਨ (Napoleon) ਨੇ ਪ੍ਰਸ਼ਾ ਦੀਆਂ ਫੌਜਾਂ ਦਾ ਨਾਸ਼ ਕਰ ਦਿੱਤਾ ਸੀ, ਸਮੇਂ ਦੌਰਾਨ ਅੰਤਰ ਆ ਗਿਆ। ਉਸ ਵੇਲੇ ਪ੍ਰਸ਼ਾ ਦੀ ਫੌਜ ਉਨੀ ਹੀ ਚੰਗੀ ਅਤੇ ਮਜ਼ਬੂਤ ਸੀ ਜਿੰਨੀ ਕਿ ਉਹ ਉਸ ਤੋਂ ਵੀਹ ਸਾਲ ਪਹਿਲਾਂ ਸੀ। ਪਰੰਤੂ ਸੈਨਿਕ ਯੋਗਤਾ ਇਕ ਅਤਿ ਮਹੱਤਵਪੂਰਣ ਤੱਤ ਹੈ ਜਿਸ ਦੀ ਕਿ ਪ੍ਰਸ਼ਾ ਦੇ ਲੀਡਰਾਂ ਵਿਚ, ਜੋ ਕਿ ਫ੍ਰੈਡਿਰਿਕ ਮਹਾਨ ਦੀਆਂ ਲੜਾਈਆਂ ਲੜ ਰਹੇ ਸਨ, ਘਾਟ ਸੀ। ਜਦੋਂ ਕਿ ਦੂਸਰੀ ਤਰਫ ਨੈਪੋਲੀਅਨ ਦੀ ਸੈਨਿਕ ਯੋਗਤਾ ਉੱਚੇ ਦਰਜੇ ਦੀ ਸੀ ਅਤੇ ਨਵੀਂ ਯੁੱਧ ਕਲਾ ਦੇ ਤਰੀਕੇ ਅਤੇ ਲੜਾਈ ਦੀਆਂ ਚਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਇਹੀ ਤੱਤ ਫਰਾਂਸ (France) ਦੀ ਜਿੱਤ ਦਾ ਕਾਰਣ ਬਣਿਆ।

ਦੋਨਾਂ ਵੱਡੀਆਂ ਜੰਗਾਂ ਦੇ ਅੰਤਰ ਕਾਲ ਸਮੇਂ ਵਿਚ ਫਰਾਂਸ ਦੇ ਜਨਰਲ ਸਟਾਫ ਦਾ ਮੈਜ਼ੀਨੋ ਲਾਈਨ ਮਨੋਵਿਗਿਆਨ (Magino line psychology) ਦੀਆਂ ਗਲਤ ਯੁੱਧ ਨੀਤੀਆਂ ਬਾਰੇ ਸੋਚਣਾ ਇਕ ਕਹਾਵਤ ਹੀ ਬਣ ਗਈ ਸੀ। ਜਦੋਂ ਕਿ ਆਧੁਨਿਕ ਤਕਨੀਕ ਦਾ ਰੁੱਖ, ਖਾਸ ਕਰਕੇ ਇਸ ਦਾ ਝੁਕਾਉ ਆਵਾਜਾਈ ਤੇ ਸੰਚਾਰ ਨੂੰ ਮਸ਼ੀਨੀਕਰਨ ਵਲ ਹੈ। ਇਹ ਇਕ ਗਤੀਸ਼ੀਲ ਜੰਗ (War of Movement) ਦੀ ਸੰਭਾਵਨਾ ਬਾਰੇ ਦੱਸਦੀ ਸੀ। ਪਰੰਤੂ ਫਰਾਂਸ ਦੀ ਲੀਡਰਸ਼ਿਪ ਪਹਿਲੀ ਵੱਡੀ ਜੰਗ ਦੌਰਾਨ ਮੋਰਚੇ ਵਾਲੇ ਯੁੱਧ (Trench Warfare) ਦੇ ਬਾਰੇ ਹੀ ਸੋਚ ਰਹੀ ਸੀ, ਜਦੋਂ ਕਿ ਦੂਸਰੇ ਪਾਸੇ ਜਰਮਨੀ ਦੀ ਲੀਡਰਸ਼ਿਪ ਮਸ਼ੀਨੀ ਯੁੱਧ (Mechanised Warefare) ਦੀਆਂ ਯੁੱਧਨੀਤਿਕ ਯੋਗਤਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ ਤੇ ਉਸ ਨੇ ਆਪਣੀ ਮੁਹਿੰਮ ਦੀ ਯੋਜਨਾ ਤੇਜ਼ ਰਫਤਾਰ ਨੂੰ ਧਿਆਨ ਵਿਚ ਰੱਖਕੇ ਬਣਾਈ ਸੀ। ਇਨ੍ਹਾਂ ਧਾਰਾਵਾਂ ਦੀ ਜੋ ਅੱਗ ਭੜਕੀ, ਉਹ ਨਾ ਕੇਵਲ ਫਰਾਂਸ ਵਿਚ ਹੀ ਸੀ ਬਲਕਿ ਪੋਲੈਂਡ (Poland) ਅਤੇ ਰੂਸ ਵਿਚ ਵੀ ਸੀ। ਇਸ ਭੜਕ ਨੇ ਤੂਫਾਨੀ ਯੁੱਧ (Blitzkreig) ਦੀ ਧਾਰਨਾ ਨੂੰ ਜਨਮ ਦਿੱਤਾ ਜਿਸ ਨੇ ਜਰਮਨੀ ਦੀ ਸ਼ਕਤੀ ਨੂੰ ਬਹੁਤ ਉੱਚਾ ਚੁਕ ਦਿੱਤਾ ਸੀ ਅਤੇ ਉਸ ਨੂੰ ਆਖਰੀ ਜਿੱਤ ਦੇ ਨੇੜੇ ਪਹੁੰਚਾ ਦਿੱਤਾ ਸੀ। ਹਿਟਲਰ ਦੇ ਪੈਨਜ਼ਰ (Panzer) ਟੈਂਕਾਂ ਦੀਆਂ ਡਵੀਜ਼ਨਾਂ ਅਤੇ ਡੁੱਬੀ ਮਾਰਨ ਵਾਲੇ ਬੰਬਰ ਜਹਾਜ਼ਾਂ ਦੇ ਭਿਆਨਕ ਹਮਲੇ ਨੇ 1939 ਵਿਚ ਪੋਲੈਂਡ ਦੇ ਰਸਾਲੇ (Cavalry) ਉਤੇ ਅਤੇ 1940 ਵਿਚ ਫਰਾਂਸ ਦੀ ਨਿਸ਼ਚਿਤ ਸੈਨਾ (Immobile Army) ਨੂੰ ਬੌਧਿਕ ਸਦਮਾ (Intellectual Shock) ਪਹੁੰਚਾਇਆ ਅਤੇ ਸੈਨਿਕਾਂ ਤੇ ਰਾਜਨੀਤਿਕ ਬਰਬਾਦੀ ਲਿਆਂਦੀ। ਜਿਸ ਨੇ ਸੈਨਿਕ ਇਤਿਹਾਸ ਵਿਚ ਇਕ ਨਵਾਂ ਕਾਲ ਲਿਆ ਦਿੱਤਾ ਜੋ ਕਿ ਚਾਰਲਸ ਅੱਠਵੇਂ (Charles VIII) ਦਵਾਰਾ 1944 ਵਿਚ ਸ਼ੁਰੂ ਕੀਤੇ ਇਟਲੀ ਦੇ ਹਮਲੇ ਵਰਗਾ ਸੀ। ਪਰੰਤੂ ਜਦੋਂ ਕਿ ਇਟਲੀ ਦੇ ਰਾਜਾਂ ਕੋਲ ਆਪਣੀ ਸ਼ਕਤੀ ਮੁੜ ਪ੍ਰਾਪਤ ਕਰਨ ਲਈ ਇਕ ਭਰੋਸੇਯੋਗ ਅਗਵਾਈ ਸੀ ਪਰ ਦੂਜੀ ਵੱਡੀ ਜੰਗ ਵਿਚ ਇਸ ਤਰ੍ਹਾਂ ਦੀ ਅਗਵਾਈ ਕੇਵਲ ਇਤਹਾਦੀ ਰਾਸ਼ਟਰਾਂ ਕੋਲ ਹੀ ਸੀ ਅਤੇ ਇਸ ਤੱਥ ਨੇ ਹੀ ਹਿਟਲਰ ਦੀਆਂ ਕਾਢਾਂ ਜਾਂ ਚਾਲਾਂ ਨੂੰ ਉਸ ਦੀ ਆਪਣੀ ਤਬਾਹੀ ਕਰਨ ਵਿਚ ਬਦਲ ਦਿੱਤਾ।

## 8. ਹਥਿਆਰਬੰਦ ਫੌਜਾਂ ਦੀ ਸੁਰੱਖਿਆ ਅਤੇ ਵਿਸ਼ੇਸ਼ਤਾ (Quantity & Quality of Armed Forces)

ਕਿਸੇ ਰਾਸ਼ਟਰ ਦੀ ਸੈਨਿਕ ਦ੍ਰਿਸ਼ਟੀ ਤੋਂ ਸ਼ਕਤੀ ਉਸ ਦੇ ਫੌਜੀ ਜਵਾਨਾਂ ਅਤੇ ਸ਼ਸਤਰਾਂ ਅਤੇ ਇਨ੍ਹਾਂ ਦਾ ਸੈਨਿਕ ਸਥਾਪਨਾਵਾਂ ਦੀਆਂ ਵੱਖ ਵੱਖ ਸ਼ਾਖਾਵਾਂ ਵਿਚ ਵਿਭਾਜਨ ਤੇ ਵੀ ਨਿਰਭਰ ਕਰਦੀ ਹੈ। ਭਾਵ ਕਿਸੇ ਰਾਸ਼ਟਰ ਨੂੰ ਯੁੱਧ ਦੀਆਂ ਨਵੀਆਂ ਤਕਨੀਕਾਂ, ਕਾਢਾਂ ਕੱਢਣ ਦਾ ਚੰਗਾ ਅਭਿਆਸ ਹੋਵੇ ਅਤੇ ਇਸ ਦੇ ਸੈਨਿਕ ਨੇਤਾ ਯੁੱਧ (strategy) ਤੇ ਯੁੱਧ ਚਾਲਾਂ (tactics), ਜਿਹੜੀਆਂ ਕਿ ਇਨ੍ਹਾਂ ਜੰਗ ਦੇ ਨਵੇਂ ਢੰਗਾਂ ਨਾਲ ਵਾਪਰਦੀਆਂ ਹੋਣ, ਵਿਚ ਮਾਹਿਰ ਹੋਣ, ਫਿਰ ਵੀ ਇਸ ਤਰ੍ਹਾਂ ਦਾ ਰਾਸ਼ਟਰ ਸੈਨਿਕ ਪੱਖ ਤੋਂ ਇਸ ਨਤੀਜੇ ਵਜੋਂ ਰਾਜਨੀਤਿਕ ਤੌਰ ਤੇ ਵੀ ਕਮਜ਼ੋਰ ਹੋ ਸਕਦਾ ਹੈ ਜੇਕਰ ਇਕ ਪਾਸੇ ਸੈਨਿਕ ਸੰਸਥਾਪਨ (Military Establishment) ਨਹੀਂ, ਜਿਹੜੀ ਕਿ ਆਪਣੀ ਸਾਰੀ ਸ਼ਕਤੀ ਨਾਲ ਆਪਣੇ ਅੰਗਾਂ ਦੀ ਸ਼ਕਤੀ ਨਾਲ, ਜਿਹੜਾ ਕੰਮ ਉਸ ਨੂੰ ਪੂਰਾ ਕਰਨ ਲਈ ਸੌਂਪਿਆ ਜਾਵੇ। ਦੇਸ਼ ਲਈ ਫੌਜ ਨਾ ਤਾਂ ਬਹੁਤ ਵੱਡੀ ਹੋਵੇ ਨਾ ਬਹੁਤ ਛੋਟੀ। ਕਿਸੇ ਰਾਸ਼ਟਰ ਨੂੰ ਸ਼ਕਤੀਸ਼ਾਲੀ ਬਣਨ ਲਈ ਇਕ ਵੱਡੀ ਫੌਜ ਦਾ ਹੋਣਾ ਬਹੁਤ ਜ਼ਰੂਰੀ ਹੈ ਜਾਂ ਆਪਣੀ ਸ਼ਕਤੀ ਨੂੰ ਨਿਰਬਲ ਹੋਣ ਤੋਂ ਬਚਾਉਣ ਲਈ ਘੱਟੋ ਘੱਟ ਸ਼ਾਂਤੀ ਕਾਲ ਵਿਚ ਇਕ ਛੋਟੀ ਜਿਹੀ ਸੈਨਾ ਦਾ ਹੋਣਾ ਅਤਿ ਜ਼ਰੂਰੀ ਹੈ। ਜਿਸ ਵਿਚ ਸਿਖਲਾਈ ਵਾਲੇ ਅਤੇ ਚੰਗੀ ਤਰ੍ਹਾਂ ਹਥਿਆਰਬੰਦ ਸੈਨਿਕਾਂ ਦੀਆਂ ਵਿਸ਼ੇਸ਼ ਯੂਨਿਟਾਂ (Specialised Units) ਹੋਣੀਆਂ ਚਾਹੀਦੀਆਂ ਹਨ। ਕੀ ਲੜਾਈ ਲਈ ਤਿਆਰ

ਫੌਜ ਸਿਖਲਾਈ ਵਾਲੀ ਰਾਖਵੀਂ (Reserve) ਫੌਜ ਤੋਂ ਅਧਿਕ ਮਹੱਤਵਪੂਰਨ ਹੋ ਗਈ ਹੈ? ਕੀ ਵੱਡੀਆਂ ਸਭ ਹੀ ਨੌ-ਸੈਨਾਵਾਂ (Surface Navies) ਅਪ੍ਰਚਲਿਤ ਹੋ ਗਈਆਂ ਹਨ, ਜਾਂ ਕੀ ਵਾਯੂਯਾਨ ਵਾਹਕ ਜਹਾਜ਼ (Air Craft Carriers) ਅੱਜ ਵੀ ਲਾਭਦਾਇਕ ਮੰਤਵਾਂ ਨੂੰ ਪੂਰਾ ਕਰਦੇ ਹਨ? ਕੋਈ ਰਾਸ਼ਟਰ ਆਪਣੇ ਸਾਧਨਾਂ ਅਤੇ ਵਚਨਬੱਧਤਾ ਨੂੰ ਧਿਆਨ ਵਿਚ ਰੱਖਦੇ ਹੋਏ ਕਿੰਨੀ ਕੁ ਵੱਡੀ ਸੈਨਿਕ ਸਥਾਪਨਾ ਰੱਖਣ ਵਿਚ ਸਮਰੱਥ ਹੈ? ਕੀ ਰਾਸ਼ਟਰ ਸ਼ਕਤੀ ਲਈ ਸ਼ਾਂਤੀ ਕਾਲ ਵਿਚ ਵੱਡੇ ਪੈਮਾਨੇ ਤੇ ਹਵਾਈ ਜਹਾਜ਼ਾਂ ਅਤੇ ਹੋਰ ਮਸ਼ੀਨੀਕ੍ਰਿਤ ਹਥਿਆਰਾਂ (Mechanised Weapons) ਦੇ ਨਿਰਮਾਣ ਦੀ ਲੋੜ ਹੈ? ਜਾਂ ਕੋਈ ਰਾਸ਼ਟਰ ਤਕਨੀਕ ਵਿਚ ਤੇਜ ਪਰਿਵਰਤਨ ਆਉਣ ਨਾਲ ਆਪਣੇ ਸਾਧਨਾਂ ਨੂੰ ਖੋਜ ਉਤੇ ਜਾਂ ਵਧੀਆ ਕਿਸਮ ਦੇ ਹਥਿਆਰਾਂ ਦੇ ਸੀਮਤ ਪ੍ਰਕਾਰ (Quantity) ਦੇ ਨਿਰਮਾਣ ਉਤੇ ਖਰਚ ਕਰ ਰਿਹਾ ਹੈ?

ਭਾਵੇਂ ਕੋਈ ਰਾਸ਼ਟਰ ਇਨ੍ਹਾਂ ਗੁਣਾਤਮਕ ਵਿਸ਼ੇਸ਼ਤਾ ਵਾਲੇ ਸਵਾਲਾਂ ਦਾ ਠੀਕ ਜਾਂ ਗਲਤ ਜਵਾਬ ਦਿੰਦਾ ਹੈ ਇਸ ਦਾ ਉਸ ਰਾਸ਼ਟਰ ਦੀ ਸ਼ਕਤੀ ਤੇ ਸਪੱਸ਼ਟ ਰੂਪ ਵਿਚ ਸਿੱਧਾ ਅਸਰ ਪੈਂਦਾ ਹੈ। ਕੀ ਜੰਗ ਦਾ ਫੈਸਲਾ ਇਕ ਨਵੇਂ ਸ਼ਸਤਰ ਦੇ ਆਉਣ ਨਾਲ ਹੀ ਹੋ ਜਾਂਦਾ ਹੈ ਜਿਵੇਂ ਕਿ ਪੰਦਰਵੀਂ ਸ਼ਤਾਬਦੀ ਦੇ ਅੰਤ ਵਿਚ ਤੋਪਖਾਨੇ ਬਾਰੇ ਸੋਚਿਆ ਜਾਂਦਾ ਸੀ ਜਾਂ ਪਣਡੁੱਬੀਆਂ ਰਾਹੀਂ ਜਿਵੇਂ ਕਿ ਜਰਮਨੀ ਪਹਿਲੀ ਵੱਡੀ ਜੰਗ ਦੇ ਦੌਰਾਨ ਵਿਚ ਸੋਚਦੇ ਸੀ ਜਾਂ ਹਵਾਈ ਜਹਾਜ਼ਾਂ ਰਾਹੀਂ, ਜੈਸਾ ਕਿ ਦੋਨਾਂ ਵੱਡੀਆਂ ਜੰਗਾਂ ਦੇ ਅੰਤਰ-ਕਾਲ ਸਮੇਂ ਦੌਰਾਨ ਪੂਰੇ ਤੌਰ ਤੇ ਮੰਨਿਆ ਜਾਂਦਾ ਸੀ, ਜਾਂ ਅੰਤਰ-ਮਹਾਂਦੀਪ ਗਾਈਡਡ ਮਿਜ਼ਾਇਲ (Inter-Contienental Guided Missiles) ਜਿਹਾ ਅੱਜ ਕੱਲ੍ਹ ਮੰਨਿਆ ਜਾਂਦਾ ਹੈ। ਇੰਗਲੈਂਡ ਤੇ ਫਰਾਂਸ ਨੇ ਇਨ੍ਹਾਂ ਕੁਝ ਸਵਾਲਾਂ ਦੇ ਗਲਤ ਉੱਤਰ ਦਿੱਤੇ। ਦੋਨਾਂ ਵੱਡੀਆਂ ਜੰਗਾਂ ਦੇ ਅੰਤਰ-ਕਾਲ ਦੇ ਸਮੇਂ ਦੌਰਾਨ ਉਨ੍ਹਾਂ ਦੀ ਸ਼ਕਤੀ ਸਮਾਨਤਾ ਨੂੰ ਪ੍ਰਾਚੀਨ ਸੈਨਿਕ ਧਾਰਨਾਵਾਂ ਦੇ ਮੁਤਾਬਿਕ ਬਣਾਈ ਰੱਖਿਆ। ਪਰੰਤੂ ਇਨ੍ਹਾਂ ਗਲਤੀਆਂ ਨੇ ਉਨ੍ਹਾਂ ਦੀ ਦੂਜੀ ਵੱਡੀ ਜੰਗ ਵਿਚ ਅੰਤਮ ਹਾਰ ਦੇ ਬਿਲਕੁਲ ਕੋਲ ਕਰ ਦਿੱਤਾ ਸੀ। ਕਿਉਂਕਿ ਇਸ ਸਮੇਂ ਦੇ ਸੈਨਿਕ ਢੰਗਾਂ ਲਈ ਇਨ੍ਹਾਂ ਪ੍ਰਸ਼ਨਾਂ ਲਈ ਹੋਰ ਕਿਸਮ ਦੇ ਜਵਾਬਾਂ ਦੀ ਲੋੜ ਸੀ। ਇਨ੍ਹਾਂ ਪ੍ਰਸ਼ਨਾਂ ਦੇ ਅਸੀਂ ਕਿਸ ਤਰ੍ਹਾਂ ਦੇ ਉੱਤਰ ਦਿੰਦੇ ਹਾਂ ਅਤੇ ਇਸ ਤਰ੍ਹਾਂ ਦੇ ਅੱਜ ਕੱਲ੍ਹ ਦੇ ਪ੍ਰਸ਼ਨ ਦੇ ਉਤੇ ਕਿਸੇ ਰਾਸ਼ਟਰ ਦੀ ਹੋਰ ਰਾਸ਼ਟਰਾਂ ਦੇ ਸੰਬੰਧ ਵਿਚ ਭਵਿੱਖ ਸ਼ਕਤੀ ਨਿਰਭਰ ਕਰਦੀ ਹੈ।

ਤਕਨੀਕ ਸਾਇੰਸ ਦੇ ਲਾਗੂ ਹੋਣ ਨੂੰ ਕਹਿੰਦੇ ਹਨ। ਸਾਇੰਸ ਅਤੇ ਤਕਨੀਕ (Science & Technology) ਮਨੁੱਖਤਾ ਦੀ ਭਲਾਈ ਵਾਸਤੇ ਹੁੰਦੀ ਹੈ। ਪਰ ਇਹ ਮਨੁੱਖ ਦੀ ਮਰਜ਼ੀ ਹੈ ਕਿ ਉਹ ਸਾਇੰਸ ਨੂੰ ਆਪਣੀ ਭਲਾਈ ਤੱਕ ਸੀਮਤ ਰੱਖਦਾ ਹੈ ਜਾਂ ਆਪਣੀ ਤਬਾਹੀ ਲਈ ਮਾਰੂ ਹਥਿਆਰ ਵਿਕਸਤ ਕਰਦਾ ਹੈ। ਉਦਯੋਗਿਕ ਉਤਪਾਦਨ ਵਿਚ ਤਰੱਕੀ, ਤਕਨੀਕ ਦੇ ਪੱਧਰ ਤੇ ਨਿਰਭਰ ਕਰਦੀ ਹੈ। ਇਹ ਸਾਇੰਸ ਹੀ ਹੈ ਜਿਹੜੀ ਦੁਨੀਆਂ ਨੂੰ ਤਰੱਕੀ ਵੱਲ ਲੈ ਕੇ ਜਾ ਰਹੀ ਹੈ। ਅਸਲ ਵਿਚ ਕਿਸੇ ਦੇਸ਼ ਦੀ ਸ਼ਕਤੀ ਅਤੇ ਸੁਰੱਖਿਆ ਦਾ ਅੰਦਾਜ਼ਾ ਉਸ ਦੇਸ਼ ਦੀ ਸਾਇੰਸ ਦੀ ਤਰੱਕੀ ਦੇ ਪੱਧਰ ਤੋਂ ਲਾਇਆ ਜਾ ਸਕਦਾ ਹੈ। ਉਹ ਕੌਮ ਜਿਹੜੀ ਕਿ ਸਾਇੰਸ ਦੇ ਖੇਤਰ ਵਿਚ ਉੱਨਤੀ ਕਰ ਰਹੀ ਹੋਵੇ ਉਸਨੂੰ ਹੀ ਤਰੱਕੀਸ਼ੀਲ ਕੌਮ ਕਿਹਾ ਜਾ ਸਕਦਾ ਹੈ। ਅਮਰੀਕਾ ਅਤੇ ਰੂਸ ਨੇ ਸਾਇੰਸ ਖੇਤਰ ਵਿਚ ਬੇਸ਼ੁਮਾਰ ਉੱਨਤੀ ਕੀਤੀ ਹੈ। ਜਿਸ ਦਾ ਸਦਕਾ ਇਨ੍ਹਾਂ ਦੇਸ਼ਾਂ ਦਾ ਵੱਡੇ ਪੱਧਰ ਤੇ ਉਦਯੋਗੀਕਰਨ ਹੋਇਆ ਹੈ। ਜਿਹੜਾ ਕਿ ਉਨ੍ਹਾਂ ਦੀ ਅਥਾਹ ਸ਼ਕਤੀ ਦਾ ਪ੍ਰਤੀਕ ਹੈ। ਇਸ ਕਾਰਨ ਹੀ ਉਨ੍ਹਾਂ ਗਰੀਬ ਅਤੇ ਘੱਟ ਉੱਨਤ ਦੇਸ਼ਾਂ ਤੇ ਆਪਣਾ ਕਾਬੂ ਪਾਇਆ ਹੋਇਆ ਹੈ ਅਤੇ ਹਰ ਦੇਸ਼ ਆਪਣੀ ਤਰੱਕੀ ਅਤੇ ਸੁਰੱਖਿਆ ਲਈ ਇਨ੍ਹਾਂ ਉਦਯੋਗਿਕ ਦੇਸ਼ਾਂ ਵਲ ਦੇਖਦਾ ਹੈ।

ਅੱਜ ਕੱਲ੍ਹ ਅੰਤਰ-ਰਾਸ਼ਟਰੀ ਰਾਜਨੀਤੀ ਵਿਚ ਪ੍ਰਮਾਣੂ ਤਕਨੀਕ ਬਹੁਤ ਅਸਰ ਪਾਉਂਦੀ ਹੈ। 1945 ਵਿਚ ਅਮਰੀਕਾ ਨੇ ਜਾਪਾਨ ਉਪਰ ਪ੍ਰਮਾਣੂ ਬੰਬ ਸੁੱਟ ਕੇ ਦੁਨੀਆਂ ਉਪਰ ਆਪਣੀ ਧੌਂਸ ਜਮਾਈ ਤੇ ਇਸ ਤੋਂ ਬਾਅਦ ਵੀ ਆਪਣੀ ਇਸ ਵਿਕਸਤ ਤਕਨੀਕ ਰਾਹੀਂ ਸੋਵੀਅਤ ਯੂਨੀਅਨ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਦਾ ਯਤਨ ਕੀਤਾ। ਪਰ 1950 ਵਿਚ ਰੂਸ ਨੇ ਵੀ ਪ੍ਰਮਾਣੂ ਤਕਨੀਕ ਹਾਸਲ ਕਰਕੇ ਅੰਤਰ-ਰਾਸ਼ਟਰੀ ਖੇਤਰ ਵਿਚ ਆਪਣੇ ਆਪ ਨੂੰ ਅਮਰੀਕਾ ਦੇ ਬਰਾਬਰ ਲੈ ਆਂਦਾ ਅਤੇ ਇਨ੍ਹਾਂ ਦੋਹਾਂ ਵੱਡੀਆਂ ਤਾਕਤਾਂ ਵਿਚ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਅਤੇ ਤੀਜੀ ਸੰਸਾਰ ਜੰਗ ਦੇ ਬੱਦਲ ਮੰਡਰਾਉਣ ਲੱਗ ਪਏ। ਕਈ ਇਖਲਾਕੀ ਤਾਕਤਾਂ ਨੇ ਵੀ ਇਹ ਹਥਿਆਰ ਪ੍ਰਾਪਤ ਕਰ ਲਏ ਅਤੇ ਇਸ ਤੋਂ ਇਲਾਵਾ ਵੱਡੀਆਂ ਤਾਕਤਾਂ ਨੇ ਆਪਣੀ ਸ਼ਕਤੀ ਸੰਤੁਲਨ ਨੂੰ ਕਾਇਮ ਰੱਖਣ ਲਈ ਵੱਖ ਵੱਖ ਦੇਸ਼ਾਂ ਵਿਚ ਆਪਣੇ ਫੌਜੀ ਅੱਡੇ ਸਥਾਪਤ ਕਰ ਲਏ ਜਿਸ ਨਾਲ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਇਸ ਤਰ੍ਹਾਂ ਪ੍ਰਮਾਣੂ ਮਿਜ਼ਾਇਲ ਅਤੇ ਪੁਲਾੜੀ ਤਕਨੀਕ ਦੇ ਵਿਕਸਤ ਹੋ ਜਾਣ ਨਾਲ ਸਾਡੀ ਰਾਸ਼ਟਰੀ ਸੁਰੱਖਿਆ ਮਜ਼ਬੂਤ ਹੁੰਦੀ ਹੈ। ਪਰ ਇਹ ਸੁਰੱਖਿਆ ਉਦੋਂ ਤਕ ਹੀ ਕਾਇਮ ਰਹਿ ਸਕਦੀ ਹੈ ਜਦੋਂ ਤੱਕ ਸ਼ਕਤੀ ਸੰਤੁਲਨ ਬਣਿਆ ਰਹੇ।

ਜਦੋਂ ਹਥਿਆਰਾਂ ਦੀ ਦੌੜ ਕਾਰਨ ਸ਼ਕਤੀ ਦਾ ਅਸੰਤੁਲਨ ਹੋ ਜਾਵੇ ਤਾਂ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ। ਕਿਸੇ ਦੇਸ਼ ਦੀ ਸ਼ਕਤੀ ਸਮਰੱਥਾ ਤਾਂ ਹੀ ਸਥਿਰ ਰਹਿੰਦੀ ਹੈ ਜੇ ਉਹ ਸਾਇੰਸ ਅਤੇ ਤਕਨੀਕ ਨੂੰ ਆਪਣੇ ਤੌਰ ਤੇ ਵਿਕਸਿਤ ਕਰਦਾ ਹੈ। ਉਦਯੋਗਿਕ ਤਕਨੀਕ ਵਿਚ ਤਰੱਕੀ ਨਵੇਂ ਅਤੇ ਸੁਖਾਲੇ ਆਵਾਜਾਈ ਦੇ ਸਾਧਨ, ਖੇਤੀਬਾੜੀ ਦਾ ਮਸ਼ੀਨੀਕਰਨ ਅਤੇ ਸਮਾਜਿਕ ਤਰੱਕੀ ਆਦਿ ਦੀ ਨਵੇਂ ਵਿਗਿਆਨਕ ਤੌਰ ਤਰੀਕਿਆਂ ਦੇ ਵਿਕਸਤ ਹੋਣ ਨਾਲ ਹੁੰਦੀ ਹੈ। ਕਿਸੇ ਦੇਸ਼ ਦੀ ਮਜ਼ਬੂਤ ਰਾਸ਼ਟਰੀ ਸੁਰੱਖਿਆ ਲਈ ਸਾਇੰਸ ਅਤੇ ਤਕਨੀਕ ਵਿਚ ਆਤਮ ਨਿਰਭਰਤਾ ਪ੍ਰਾਪਤ ਕਰਨਾ ਜ਼ਰੂਰੀ ਹੈ ਕਿਉਂਕਿ ਤਕਨੀਕ ਉਧਾਰੀ ਲੈਣ ਨਾਲ ਵੱਡੀਆਂ ਤਾਕਤਾਂ ਦਾ ਦਖਲ ਜ਼ਿਆਦਾ ਹੋ ਜਾਂਦਾ ਹੈ ਅਤੇ ਇਹ ਦੇਸ਼ ਉਧਾਰ ਲੈਣ ਵਾਲੇ ਦੇਸ਼ਾਂ ਨੂੰ ਲੁੱਟਣਾ ਸ਼ੁਰੂ ਕਰ ਦਿੰਦੇ ਹਨ।

ਭਾਰਤ ਦੇ ਸਾਇੰਸਦਾਨਾਂ ਦੁਆਰਾ ਕੀਤੀਆਂ ਗਈਆਂ ਪ੍ਰਾਪਤੀਆਂ ਭਾਰਤ ਲਈ ਰਾਸ਼ਟਰੀ ਸੁਰੱਖਿਆ ਦਾ ਇਕ ਸੋਮਾ ਹਨ। ਜੇ ਅਸੀਂ ਇਨ੍ਹਾਂ ਖੇਤਰਾਂ ਵਿਚ ਆਤਮ ਨਿਰਭਰਤਾ ਪ੍ਰਾਪਤ ਨਹੀਂ ਕਰਦੇ ਤਾਂ ਸਾਨੂੰ ਵਿਦੇਸ਼ੀ ਤਾਕਤਾਂ ਤੇ ਨਿਰਭਰ ਰਹਿਣਾ ਪੈਂਦਾ ਹੈ ਅਤੇ ਇਸ ਨਾਲ ਸਾਨੂੰ ਵਿਦੇਸ਼ਾਂ ਦੁਆਰਾ ਕਈ ਕਿਸਮਾਂ ਦੀਆਂ ਬੰਦਸ਼ਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜਿਹੜੀਆਂ ਕਿ ਆਜ਼ਾਦ ਦੇਸ਼ ਦੀ ਹੈਸੀਅਤ ਨੂੰ ਖਤਰਾ ਹੋ ਸਕਦੀਆਂ ਹਨ। ਇਸ ਨਾਲ ਉਨ੍ਹਾਂ ਦੀ ਰਾਸ਼ਟਰੀ ਸੁਰੱਖਿਆ ਤੇ ਮਾੜਾ ਅਸਰ ਪੈਂਦਾ ਹੈ।

ਸੰਚਾਰ ਸਾਧਨਾਂ ਵਿਚ ਹੋਈ ਬੇਮਿਸਾਲ ਤਰੱਕੀ ਨੇ ਕੂਟਨੀਤੀ ਅਤੇ ਵਿਦੇਸ਼ ਨੀਤੀ ਦੇ ਤਰੀਕਿਆਂ ਨੂੰ ਬਦਲ ਕੇ ਰੱਖ ਦਿੱਤਾ ਹੈ। ਅੰਤਰ-ਰਾਸ਼ਟਰੀ ਸੰਬੰਧਾਂ ਵਿਚ ਪ੍ਰਚਾਰ ਦਾ ਪੱਖ ਵੀ ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਹੀ ਵਧਿਆ ਹੈ। ਪ੍ਰਮਾਣੂ ਤਕਨੀਕ ਨੇ ਤਰੱਕੀ ਕਰ ਚੁੱਕੇ ਦੇਸ਼ਾਂ ਨੂੰ ਫੌਜੀ ਅਤੇ ਉਦਯੋਗਿਕ ਤੌਰ ਤੇ ਇਕ ਨਵਾਂ ਮੋੜ ਦਿੱਤਾ ਹੈ। ਤਕਨੀਕੀ ਤਰੱਕੀ ਕਾਰਨ ਹੀ ਜਾਪਾਨ ਜਰਮਨੀ ਦੂਜੀ ਜੰਗ ਦੌਰਾਨ ਉਠਾਏ ਗਏ ਨੁਕਸਾਨ ਨੂੰ ਪੂਰਾ ਕਰ ਸਕੇ ਹਨ।

ਸਿੱਟੇ ਦੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਦੇਸ਼ ਦੀਆਂ ਵਿਗਿਆਨਕ ਅਤੇ ਤਕਨੀਕੀ ਪ੍ਰਾਪਤੀਆਂ ਉਸ ਦੇਸ਼ ਦੇ ਅੰਤਰ-ਰਾਸ਼ਟਰੀ ਸੰਬੰਧਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਨ੍ਹਾਂ ਨਾਲ ਉਸ ਦੇਸ਼ ਦੀ ਰਾਸ਼ਟਰੀ ਸੁਰੱਖਿਆ ਤੇ ਅਸਰ ਪੈਂਦਾ ਹੈ।

## Suggested Books

1. Louis C. Petlier - Geography.
2. W. Powers - Guide to National Defence.
3. Falk - National Security Management.
4. Klaus Knor - War Potential of the Nations.
5. Hans, J. Morgenthau - Politics Among Nations.
6. Palmer and Perkins - International Relations.

ਪਾਠ ਨੰਬਰ: 1.3 ਸੈਕਸ਼ਨ-ਏ

# ਵੰਡ ਦੇ ਭੂ-ਰਾਜਨੀਤਕ ਪ੍ਰਭਾਵ

## (Geo-Political Effects of Partition)

**ਪਿਛੋਕੜ :** ਭਾਰਤ ਵਿਚ ਲਗਾਤਾਰ ਲੰਬੇ ਸੰਘਰਸ਼ ਤੋਂ ਬਾਅਦ ਸਤੰਬਰ 1945 ਵਿਚ ਬਰਤਾਨੀਆਂ ਦੀ ਲੇਬਰ ਸਰਕਾਰ ਦੇ ਪ੍ਰਧਾਨ ਮੰਤਰੀ ਐਟਲੀ ਨੇ ਇਕ ਇਤਿਹਾਸਕ ਐਲਾਨ ਕੀਤਾ ਜਿਸ ਵਿਚ ਭਾਰਤੀ ਸੁਤੰਤਰਤਾ ਦੇ ਅਧਿਕਾਰ ਨੂੰ ਪ੍ਰਵਾਨ ਕਰ ਲਿਆ ਗਿਆ। 1946 ਵਿਚ ਭਾਰਤ ਵਿਚ ਅੰਤ੍ਰਿਮ ਸਰਕਾਰ ਬਣਾਉਣ ਲਈ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਜਿਨ੍ਹਾਂ ਵਿਚ ਕਾਂਗਰਸ ਨੂੰ ਭਾਰੀ ਬਹੁਮਤ ਪ੍ਰਾਪਤ ਹੋਇਆ। ਮੁਸਲਿਮ ਲੀਗ ਨੇ ਈਰਖਾ ਕਾਰਣ ਅੰਤ੍ਰਿਮ ਸਰਕਾਰ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਅਤੇ ਫੇਰ ਪਾਕਿਸਤਾਨ ਦੀ ਮੰਗ ਕੀਤੀ ਅਤੇ ਸਿੱਧੀ ਕਾਰਵਾਈ ਦਾ ਨਿਸ਼ਚਾ ਕੀਤਾ। ਕਲਕੱਤੇ ਵਿਚ ਕਈ ਹਜ਼ਾਰ ਮੁਸਲਮਾਨਾਂ ਨੇ ਇਕ ਵਿਸ਼ਾਲ ਜਲੂਸ ਕੱਢਿਆ। ਪਰ ਸਤੰਬਰ 1946 ਵਿਚ ਅੰਤ੍ਰਿਮ ਸਰਕਾਰ ਸਥਾਪਤ ਹੋ ਗਈ ਅਤੇ ਬਾਅਦ ਵਿਚ ਮੁਸਲਿਮ ਲੀਗ ਨੇ ਇਸ ਵਿਚ ਸ਼ਾਮਿਲ ਹੋਣਾ ਮੰਨ ਲਿਆ।

20 ਫਰਵਰੀ 1947 ਨੂੰ ਪ੍ਰਧਾਨ ਮੰਤਰੀ ਐਟਲੀ ਨੇ ਇਕ ਵਿਸ਼ੇਸ਼ ਐਲਾਨ ਕੀਤਾ ਜਿਸ ਵਿਚ ਕਿਹਾ ਗਿਆ ਕਿ ਬਰਤਾਨਵੀ ਸਰਕਾਰ ਜੂਨ 1948 ਤੱਕ ਭਾਰਤ ਨੂੰ ਅਜ਼ਾਦ ਕਰ ਦੇਵੇਗੀ ਅਤੇ ਜੇ ਮੁਸਲਿਮ ਲੀਗ ਨੇ ਸੰਵਿਧਾਨ ਸਭਾ ਵਿਚ ਭਾਗ ਨਾ ਲਿਆ ਤਾਂ ਇਹ ਸੋਚਿਆ ਜਾਵੇਗਾ ਕਿ ਕੇਂਦਰੀ ਸਰਕਾਰ ਦਾ ਰਾਜ ਭਾਗ ਕਿਸ ਨੂੰ ਦਿੱਤਾ ਜਾਵੇ। ਇਸ ਐਲਾਨ ਦੇ ਨਤੀਜੇ ਬਹੁਤ ਭਿਆਨਕ ਨਿਕਲੇ।, ਪੰਜਾਬ ਤੇ ਬੰਗਾਲ ਵਿਚ ਫਿਰਕੂ ਦੰਗੇ ਭੜਕ ਉੱਠੇ ਅਤੇ ਹਾਲਾਤ ਕਾਬੂ ਤੋਂ ਬਾਹਰ ਹੋ ਗਏ। ਮੁਸਲਿਮ ਲੀਗ ਨੇ ਆਪਣੀ ਪਾਕਿਸਤਾਨ ਦੀ ਮੰਗ ਨੂੰ ਨਾ ਛੱਡਿਆ। ਭਾਰਤ ਦੇ ਵਾਇਸਰਾਏ ਵੈਵਲ ਨੂੰ ਵਾਪਸ ਬੁਲਾ ਲਿਆ ਗਿਆ ਅਤੇ ਲਾਰਡ ਮਾਊਂਟ ਬੈਟਨ ਨੂੰ ਭਾਰਤ ਦਾ ਵਾਇਸਰਾਏ ਬਣਾ ਦਿੱਤਾ ਗਿਆ। ਮਾਊਂਟ ਬੈਟਨ ਨੇ 22 ਮਾਰਚ 1947 ਨੂੰ ਭਾਰਤ ਦੇ ਵਾਇਸਰਾਏ ਦਾ ਅਹੁਦਾ ਸੰਭਾਲ ਲਿਆ।

**ਵੰਡ ਦਾ ਫੈਸਲਾ :-** ਮੁਸਲਿਮ ਲੀਗ ਦੇ ਵਧਦੇ ਦਬਾਅ ਦੀ ਲੋਅ ਵਿਚ ਲਾਰਡ ਮਾਊਂਟ ਬੈਟਨ ਨੇ ਭਾਰਤੀ ਨੇਤਾਵਾਂ ਸਨਮੁੱਖ ਭਾਰਤ ਦੀ ਵੰਡ ਦਾ ਸੁਝਾਅ ਰੱਖਿਆ। ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਰੇ ਨੇਤਾਵਾਂ ਤੇ ਮਹਾਤਮਾ ਗਾਂਧੀ ਨੇ ਇਸ ਦਾ ਸ਼ੁਰੂ ਵਿਚ ਵਿਰੋਧ ਕੀਤਾ ਪਰ ਹਾਲਤਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਬਾਅਦ ਵਿਚ ਉਨ੍ਹਾਂ ਨੇ ਇਹ ਪ੍ਰਸਤਾਵ ਸਵੀਕਾਰ ਕਰ ਲਿਆ। 3 ਜੂਨ 1947 ਨੂੰ ਭਾਰਤ ਦੀ ਵੰਡ ਦੇ ਪਲਾਨ (Partition Plan) ਦੀ ਘੋਸ਼ਣਾ ਕੀਤੀ ਗਈ ਜਿਸ ਅਨੁਸਾਰ ਭਾਰਤ ਦੋ ਸਵਤੰਤਰ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਵਿਚ ਵੰਡ ਦਿੱਤਾ ਜਾਵੇਗਾ। 3 ਜੂਨ 1947 ਦੇ ਪਲਾਨ ਦੇ ਨਤੀਜੇ ਵਜੋਂ ਭਾਰਤ ਦੀ ਆਜ਼ਾਦੀ ਦੇ ਐਕਟ (Indian Independence Act) ਨੂੰ ਬਰਤਾਨਵੀ ਪਾਰਲੀਮੈਂਟ ਨੇ ਪਾਸ ਕਰ ਦਿੱਤਾ ਅਤੇ 10 ਜੁਲਾਈ 1947 ਨੂੰ ਇਸ ਐਕਟ ਨੂੰ ਬਰਤਾਨੀਆਂ ਦੇ ਰਾਜੇ ਦੀ ਪ੍ਰਵਾਨਗੀ ਮਿਲ ਗਈ।ਪਹਿਲਾਂ ਘੋਸ਼ਿਤ ਯੋਜਨਾ ਅਨੁਸਾਰ ਸੰਯੁਕਤ ਭਾਰਤ ਨੂੰ ਜੂਨ 1948 ਵਿਚ ਆਜਾਦੀ ਮਿਲਣੀ ਸੀ ਪਰ ਨਵੇਂ ਐਕਟ ਅਨੁਸਾਰ ਦੋ ਭਾਗਾਂ ਵਿਚ ਵੰਡੇ ਭਾਰਤ ਨੂੰ ਆਜ਼ਾਦੀ ਦੀ ਮਿਤੀ 10 ਮਹੀਨੇ ਪਹਿਲਾਂ ਪਾ ਦਿੱਤੀ ਗਈ। ਹਰ ਕੰਮ ਜਲਦੀ ਨਾਲ ਨਿਬੇੜਿਆ ਜਾਣਾ ਪਿਆ ਜਿਸ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਉਤਪੰਨ ਹੋ ਗਈਆਂ ਜਿਨ੍ਹਾਂ ਨੇ ਅੱਜ ਤੀਕ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸੰਬੰਧਾਂ ਨੂੰ ਅਣਸੁਖਾਵੇਂ ਬਣਾ ਕੇ ਰੱਖਿਆ ਹੋਇਆ ਹੈ। ਵੰਡ ਨਾਲ ਸੰਬੰਧਤ ਇਹ ਸਮੱਸਿਆਵਾਂ ਹੇਠ ਲਿਖੀਆਂ ਸਨ :

**1. ਸਰਹੱਦਾਂ ਦੀਆਂ ਸਮੱਸਿਆਵਾਂ (Problems of Demarcation of Boundaries) :-** ਭਾਰਤ ਅਤੇ ਪਾਕਿਸਤਾਨ ਦੀਆਂ ਸੀਮਾਵਾਂ ਵਿਸ਼ੇਸ਼ਕਰ ਪੰਜਾਬ, ਬੰਗਾਲ ਅਤੇ ਆਸਾਮ-ਸਿਲਹੱਟ ਪ੍ਰਾਂਤਾਂ ਦੀਆਂ ਸੀਮਾਵਾਂ ਨੂੰ ਨਿਰਧਾਰਤ ਕਰਨ ਲਈ ਕਮਿਸ਼ਨ (Boundary Commission) ਨਿਯੁਕਤ ਕੀਤੇ ਗਏ। ਕਮਿਸ਼ਨ ਦਾ

ਇਕ ਆਜ਼ਾਦ ਚੈਅਰਮੈਨ ਅਤੇ ਚਾਰ ਹੋਰ ਮੈਂਬਰ ਹੋਣਗੇ ਜੋ ਕਿ ਹਾਈ ਕੋਰਟ ਦੇ ਜੱਜ ਹੋਣੇ ਚਾਹੀਦੇ ਹਨ। ਇਨ੍ਹਾਂ ਚਾਰਾਂ ਮੈਂਬਰਾਂ ਵਿਚੋਂ ਦੋ ਕਾਂਗਰਸ ਅਤੇ ਦੋ ਮੁਸਲਿਮ ਲੀਗ ਨਾਮਜਦ ਕਰੇਗੀ। ਕਾਂਗਰਸ ਅਤੇ ਮੁਸਲਿਮ ਲੀਗ ਦੁਆਰਾ ਆਪੋ ਆਪਣੇ ਦੋ ਦੋ ਮੈਂਬਰ ਨਾਮਜ਼ਦ ਕਰਨ ਤੋਂ ਬਾਅਦ ਸਰ ਸਿਰਲ ਰੈਡਕਲਿਫ (Sir Cyril Redcliffe) ਨੂੰ ਚੇਅਰਮੈਨ ਵਜੋਂ ਪ੍ਰਵਾਨ ਕਰ ਲਿਆ ਗਿਆ। ਰੈਡਕਲਿਫ ਕਮਿਸ਼ਨ ਨੇ ਨਿਰਧਾਰਿਤ ਸ਼ਰਤਾਂ ਤਹਿਤ ਸੀਮਾਵਾਂ ਨਿਰਧਾਰਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਭਾਰਤ-ਪਾਕਿਸਤਾਨ ਸੀਮਾਵਾਂ ਨਿਰਧਾਰਿਤ ਕਰਨਾ ਕਾਫੀ ਔਖਾ ਕੰਮ ਸੀ ਪਰ ਫੇਰ ਵੀ ਕਮਿਸ਼ਨ ਨੇ ਥੋੜੇ ਸਮੇਂ ਵਿਚ ਆਪਣਾ ਫੈਸਲਾ (Redcliffe Award) ਤਿਆਰ ਕਰਕੇ ਵਾਇਸਰਾਏ ਨੂੰ ਸੌਂਪ ਦਿੱਤਾ ਜੋ ਕਿ 16 ਅਗਸਤ 1947 ਨੂੰ ਘੋਸ਼ਿਤ ਕੀਤਾ ਗਿਆ। ਰੈਡਕਲਿਫ ਫੈਸਲੇ ਨੇ ਭਾਰਤ ਅਤੇ ਪਾਕਿਸਤਾਨ ਦੋਨਾਂ ਨੂੰ ਸੰਤੁਸ਼ਟ ਨਾ ਕੀਤਾ। ਮੁਖ ਝਗੜੇ ਹੇਠ ਲਿਖੇ ਖੇਤਰ੍ਹਾਂ ਨੂੰ ਲੈ ਕੇ ਸਨ।

**1. ਪੰਜਾਬ :–** ਪੰਜਾਬ ਦੀ ਵੰਡ ਇਕ ਜਟਿਲ ਸਮੱਸਿਆ ਸੀ। ਮੁੱਖ ਦਰਿਆਵਾਂ ਦੀ ਨਹਿਰੀ ਪ੍ਰਣਾਲੀ (Canal System) ਅਤੇ ਸੜਕ-ਰੇਲ ਸੰਚਾਰ ਸਾਧਨਾਂ ਦੀ ਹੋਂਦ ਦੇ ਸੰਦਰਭ ਵਿਚ ਪੰਜਾਬ ਨੂੰ ਵੰਡਣਾ ਬਹੁਤ ਕਠਿਨ ਸੀ। ਦੋਹਾਂ ਧਿਰਾਂ ਨੇ ਲਾਹੌਰ ਅਤੇ ਅੰਮ੍ਰਿਤਸਰ ਤੇ ਆਪਣਾ ਆਪਣਾ ਹੱਕ ਜਤਾਇਆ ਪਰ ਕਮਿਸ਼ਨ ਨੇ ਲਾਹੌਰ ਪਾਕਿਸਤਾਨ ਨੂੰ ਅਤੇ ਅੰਮ੍ਰਿਤਸਰ ਭਾਰਤ ਨੂੰ ਦੇਣ ਦਾ ਫੈਸਲਾ ਦਿੱਤਾ। ਗੁਰਦਾਸਪੁਰ ਅਤੇ ਫਿਰੋਜ਼ਪੁਰ ਜ਼ਿਲਿਆਂ ਨੂੰ ਵੰਡਿਆ ਗਿਆ ਪਰ ਪਾਕਿਸਤਾਨ ਫਿਰੋਜ਼ਪੁਰ ਵਿਖੇ ਦਰਿਆ ਸਤਲੁਜ ਦੇ ਹੈਡ ਵਰਕਸ ਨੂੰ ਭਾਰਤ ਦੇਣ ਤੇ ਅਤੇ ਗੁਰਦਾਸਪੁਰ ਜ਼ਿਲ੍ਹੇ ਨੂੰ ਰਾਵੀ ਦਰਿਆ ਦੇ ਨਾਲ ਨਾਲ ਵੰਡਣ ਤੋਂ ਬਾਅਦ ਜ਼ਿਆਦਾ ਹਿੱਸਾ ਭਾਰਤ ਨੂੰ ਪ੍ਰਦਾਨ ਕਰਨ ਤੋਂ ਬਹੁਤ ਪਰੇਸ਼ਾਨ ਹੋਇਆ। ਰੈਡਕਲਿਫ ਫੈਸਲੇ ਨੇ ਭਾਰਤ ਪਾਕਿਸਤਾਨ ਵਿਚਕਾਰ ਕੁੜੱਤਣ ਤਾਂ ਬਹੁਤ ਵਧਾਈ ਪਰ ਫਿਰ ਵੀ ਦੋਨਾਂ ਧਿਰਾਂ ਨੇ ਇਸ ਫੈਸਲੇ ਨੂੰ ਮੰਨਿਆ।

**2. ਆਸਾਮ-ਸਿਲਹੱਟ ਅਤੇ ਬੰਗਾਲ ਦੀ ਵੰਡ :–** ਇਨ੍ਹਾਂ ਖੇਤਰਾਂ ਦੀ ਵੰਡ ਪ੍ਰਤੀ ਕਮਿਸ਼ਨ ਸਾਹਮਣੇ ਬਹੁਤ ਸਾਰੀਆਂ ਸਮੱਸਿਆਵਾਂ ਸਨ ਜਿਵੇਂ ਕਿ :

- ਕਲਕੱਤਾ ਸ਼ਹਿਰ ਕਿਸ ਨੂੰ ਦਿੱਤਾ ਜਾਵੇ।
- ਜੇਕਰ ਕਲਕੱਤਾ ਸ਼ਹਿਰ ਕਿਸੇ ਇਕ ਹੀ ਦੇਸ਼ ਨੂੰ ਦਿੱਤਾ ਜਾਵੇ ਤਾਂ ਕਿਸ ਆਧਾਰ ਤੇ ਭਾਵ ਇਸ ਸ਼ਹਿਰ ਤੇ ਉਸ ਦੇ ਅਧਿਕਾਰ ਦੀ ਕੀ ਉਚਿਤਤਾ ਹੋਵੇਗੀ।
- ਚਿੱਟਾਗਾਂਗ ਪਹਾੜੀ ਖੰਡ ਜਿੱਥੇ ਨਾ ਮੁਸਲਮਾਨ ਨਾ ਹਿੰਦੂ ਬਹੁ-ਗਿਣਤੀ ਵਿਚ ਸਨ ਸਗੋਂ ਜਿਥੋਂ ਦੀ ਆਬਾਦੀ ਜ਼ਿਆਦਾਤਰ ਕਬਾਇਲੀ ਲੋਕਾਂ ਦੀ ਸੀ ਕਿਸ ਦੇਸ਼ ਨੂੰ ਦਿੱਤਾ ਜਾਵੇ ਤੇ ਕਿਉਂ ?
- ਆਸਾਮ ਅਤੇ ਸਿਲਹੱਟ ਜਿਲ੍ਹੇ ਦੇ ਮੁਸਲਿਮ ਅਤੇ ਹਿੰਦੂ ਬਹੁਗਿਣਤੀ ਖੇਤਰਾਂ ਦੀ ਪਛਾਣ ਕਰਕੇ ਵੰਡਣਾ ਆਦਿ।

ਕਾਫੀ ਸੋਚ ਵਿਚਾਰ ਬਾਅਦ ਕਲਕੱਤਾ ਭਾਰਤ ਨੂੰ ਅਤੇ ਚਿੱਟਾਗਾਂਗ ਪੂਰਬੀ ਪਾਕਿਸਤਾਨ ਨੂੰ ਦਿੱਤੇ ਗਏ। ਆਸਾਮ ਨੂੰ ਵੀ ਭਾਰਤ ਅਤੇ ਪੂਰਬੀ ਪਾਕਿਸਤਾਨ ਵਿਚਕਾਰ ਵੰਡਿਆ ਗਿਆ ਅਤੇ ਸਿਲਹੱਟ ਪੂਰਬੀ ਬੰਗਾਲ ਨੂੰ ਦਿੱਤਾ ਗਿਆ।

**ਵੰਡ ਦੇ ਭੂ-ਰਾਜਨੀਤਿਕ ਪ੍ਰਭਾਵ (Geo-Political effects of Partition) :** ਭਾਰਤ ਦੀ ਭਾਰਤ ਅਤੇ ਪਾਕਿਸਤਾਨ ਦੋ ਦੇਸ਼ਾਂ ਵਿਚ ਵੰਡ ਹੋ ਗਈ। ਇਸ ਵੰਡ ਦੇ ਮੁੱਖ ਤੌਰ ਤੇ ਹੇਠ ਲਿਖੇ ਭੂ-ਰਾਜਨੀਤਕ ਪ੍ਰਭਾਵ ਪਏ :

**1. ਭਾਰਤੀ ਉਪ ਮਹਾਂਦੀਪ ਦੇ ਟੁਕੜੇ :–** ਪਾਕਿਸਤਾਨ ਦਾ ਹੋਂਦ ਵਿਚ ਆਉਣਾ ਤਰਕ ਰਹਿਤ ਅਤੇ ਅਵਿਹਾਰਕ ਜਿਹਾ ਸੀ। ਪਾਕਿਸਤਾਨ ਦੇ ਦੋਵੇਂ ਭਾਗ ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ ਇਕ ਦੂਸਰੇ ਤੋਂ 800 ਮੀਲ ਦੀ ਦੂਰੀ ਤੇ ਸਥਿਤ ਸਨ। ਜਿਨਾਹ ਨੇ ਪਾਕਿਸਤਾਨ ਦੇ ਦੋਵੇਂ ਭਾਗਾਂ ਵਿਚ ਜ਼ਮੀਨੀ ਰਸਤੇ ਤੋਂ ਸੰਪਰਕ ਲਈ ਭਾਰਤ ਵਿਚ ਦੀ 800 ਮੀਲ ਰਾਹ ਦੀ ਮੰਗ ਕੀਤੀ ਜੋ ਉਸ ਨੇ ਕਾਂਗਰਸ ਦੀ ਮਜ਼ਬੂਤ ਨਾ ਹੋਣ ਬਾਅਦ ਤਿਆਗ ਦਿੱਤੀ। ਪੂਰਬੀ ਅਤੇ ਪੱਛਮੀ ਪਾਕਿਸਤਾਨ ਇਕ ਦੂਸਰੇ ਤੋਂ 800 ਮੀਲ ਦੂਰ ਹੋਣ ਤੋਂ ਇਲਾਵਾ ਆਪਸ ਵਿਚ ਭਾਸ਼ਾ, ਇਤਿਹਾਸਕ ਪਿਛੋਕੜ ਅਤੇ ਸੁਭਾਵਕ ਤੌਰ ਤੇ ਵੀ ਭਿੰਨ ਸਨ। ਸ਼ਕਤੀਸ਼ਾਲੀ ਸੰਯੁਕਤ ਭਾਰਤ ਪੱਛਮੀ ਤਾਕਤਾਂ ਦੇ ਹਿੱਤਾਂ ਵਿਚ ਨਹੀਂ ਸੀ। ਇਸ ਕਾਰਨ ਕੁਝ ਮੁਸਲਿਮ ਨੇ

ਤਾਂਵਾਂ ਅਤੇ ਬਰਤਾਨਵੀ ਸਰਕਾਰ ਦੀ ਮਿਲੀ ਭੁਗਤ ਕਾਰਨ ਭਾਰਤੀ ਮਹਾਂਦੀਪ ਦੇ ਟੁਕੜੇ ਕਰ ਦਿੱਤੇ ਗਏ।

**2. ਜੰਮੂ-ਕਸ਼ਮੀਰ ਦਾ ਝਗੜਾ :-** ਵੰਡ ਕਾਰਣ ਭਾਰਤ ਵਿਚ 565 ਦੇ ਕਰੀਬ ਰਿਆਸਤਾਂ ਦਾ ਖਾਤਮਾ ਹੋ ਗਿਆ। ਇਨ੍ਹਾਂ ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਦੇਸ਼ ਨਾਲ ਮਿਲ ਜਾਣ ਦੀ ਮਰਜ਼ੀ ਪ੍ਰਦਾਨ ਕੀਤੀ ਗਈ। ਤਕਨੀਕੀ ਤੌਰ ਤੇ ਇਨ੍ਹਾਂ ਰਿਆਸਤਾਂ ਦੇ ਸ਼ਾਸ਼ਕਾਂ ਨੂੰ ਆਜ਼ਾਦ ਰਹਿਣ ਦੀ ਵੀ ਇਜਾਜਤ ਸੀ ਪਰ ਅਸਲ ਵਿਚ ਇਹ ਸੰਭਵ ਨਾ ਹੋ ਸਕਿਆ ਅਤੇ ਇਹ ਰਿਆਸਤਾਂ ਭਾਰਤ ਜਾਂ ਪਾਕਿਸਤਾਨ ਦਾ ਹਿੱਸਾ ਬਣ ਗਈਆਂ। ਜੰਮੂ-ਕਸ਼ਮੀਰ, ਜੂਨਾਗੜ੍ਹ ਅਤੇ ਹੈਦਰਾਬਾਦ ਦੇ ਸ਼ਾਸਕਾਂ ਨੇ ਆਜ਼ਾਦ ਦੇਸ਼ਾਂ ਦੇ ਸੁਪਨੇ ਦੇਖੇ ਪਰ ਇਹ ਸਾਕਾਰ ਨਾ ਹੋ ਸਕੇ। ਜੂਨਾਗੜ੍ਹ ਅਤੇ ਹੈਦਰਾਬਾਦ ਦੀਆਂ ਰਿਆਸਤਾਂ ਨੂੰ ਕਾਫੀ ਜੱਦੋ-ਜਹਿਦ ਤੋਂ ਬਾਅਦ ਭਾਰਤ ਦਾ ਹਿੱਸਾ ਬਣਾ ਲਿਆ ਗਿਆ ਪ੍ਰੰਤੂ ਜੰਮੂ-ਕਸ਼ਮੀਰ ਦਾ ਮਸਲਾ ਪੇਚੀਦਾ ਸੀ। ਇਹ ਰਿਆਸਤ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਥਿਤ ਹੈ ਅਤੇ ਇਸ ਦਾ ਫੌਜੀ ਮਹੱਤਵ ਵੀ ਬਹੁਤ ਹੈ। ਇਸ ਦੇ ਕੋਲ ਪੰਜ ਦੇਸ਼ਾਂ ਦੀਆਂ ਸਰਹੱਦਾਂ ਦਾ ਸੁਮਲੇ ਹੁੰਦਾ ਹੈ ਅਤੇ ਤਿੰਨ ਪਰਬਤੀ ਸ੍ਰੰਖਲਾਵਾਂ ਵੀ ਇਥੇ ਹੀ ਮਿਲਦੀਆਂ ਹਨ। ਇਥੋਂ ਦੇ ਹਿੰਦੂ ਸ਼ਾਸਕ ਮਹਾਰਾਜਾ ਹਰੀ ਸਿੰਘ ਨੇ ਵੀ ਆਜ਼ਾਦ ਦੇਸ਼ ਦਾ ਸੁਪਨਾ ਦੇਖਿਆ ਪ੍ਰੰਤੂ ਪਾਕਿਸਤਾਨ ਨੇ ਇਸ ਨੂੰ ਆਪਣੇ ਨਾਲ ਮਿਲਾਉਣ ਲਈ ਦਬਾਅ ਪਾਇਆ ਅਤੇ ਬਾਅਦ ਵਿਚ ਫਰੰਟੀਅਰ ਦੇ ਕਬਾਇਲੀ ਲੋਕਾਂ ਨੂੰ ਹਥਿਆਰਬੰਦ ਕਰਕੇ ਅਤੇ ਆਪਣੀਆਂ ਰੈਗੂਲਰ ਸੈਨਾਵਾਂ ਦੀ ਮਦਦ ਨਾਲ ਇਸ ਉਪਰ ਹਮਲਾ ਕਰ ਦਿੱਤਾ। 26 ਅਕਤੂਬਰ 1947 ਨੂੰ ਮਹਾਰਾਜਾ ਹਰੀ ਸਿੰਘ ਨੇ ਭਾਰਤ ਵਿਚ ਸ਼ਾਮਲ ਹੋਣ ਦੀ ਸੰਧੀ (Instrument of Accession) ਦਸਖਤ ਕਰ ਲਈ। ਇਸ ਤਰ੍ਹਾਂ ਇਹ ਰਿਆਸਤ ਕਾਨੂੰਨੀ ਤੌਰ ਤੇ ਭਾਰਤ ਦਾ ਹਿੱਸਾ ਬਣ ਗਈ ਅਤੇ ਇਸ ਦੀ ਸੁਰੱਖਿਆ ਹੁਣ ਭਾਰਤ ਦੀ ਜ਼ਿੰਮੇਵਾਰੀ ਸੀ। ਭਾਰਤ ਨੇ ਆਪਣੀਆਂ ਸੈਨਾਵਾਂ ਭੇਜ ਕੇ ਹਮਲਾਵਰਾਂ ਨੂੰ ਪਿੱਛੇ ਧੱਕਣਾ ਸ਼ੁਰੂ ਕਰ ਦਿੱਤਾ ਅਤੇ ਨਾਲ ਹੀ ਯੂ.ਐਨ..ਓ. ਵਿਚ ਸ਼ਿਕਾਇਤ ਦਰਜ ਕਰ ਦਿੱਤੀ। ਯੂ.ਐਨ. ਓ. ਨੇ ਸੰਯੁਕਤ ਰਾਸ਼ਟਰ ਕਮਿਸ਼ਨ ਫਾਰ ਇੰਡੀਆ ਐਂਡ ਪਾਕਿਸਤਾਨ (UNCIP) ਦੀ ਸਥਾਪਨਾ ਕੀਤੀ। ਇਸ ਕਮਿਸ਼ਨ ਨੇ ਭਾਰਤ ਪਾਕਿਸਤਾਨ ਨੂੰ 1 ਜਨਵਰੀ 1949 ਤੋਂ ਜੰਗਬੰਦੀ ਲਈ ਰਾਜੀ ਕਰ ਲਿਆ। ਹੁਣ ਪਾਕਿਸਤਾਨ ਆਪਣੇ ਅਧਿਕਾਰ ਵਾਲੇ ਅਤੇ ਭਾਰਤ ਆਪਣੇ ਅਧਿਕਾਰ ਵਾਲੇ ਕਸ਼ਮੀਰ ਤੇ ਕਾਬਜ ਹਨ। ਇਸ ਮਸਲੇ ਦਾ ਅੱਜ ਤੱਕ ਵੀ ਕੋਈ ਸਥਾਈ ਹੱਲ ਨਹੀਂ ਨਿਕਲਿਆ ਅਤੇ ਇਸ ਮਸਲੇ ਨੇ ਭਾਰਤ ਪਾਕਿਸਤਾਨ ਸੰਬੰਧਾਂ ਤੇ ਬੁਰਾ ਪ੍ਰਭਾਵ ਪਾਇਆ ਹੈ।

**3. ਖਜ਼ਾਨੇ ਦੀ ਵੰਡ :-** ਵੰਡ ਤੋਂ ਪਹਿਲਾਂ ਭਾਰਤ ਕੋਲ 400 ਕਰੋੜ ਰੁਪਏ ਦਾ ਖਜ਼ਾਨਾ ਸੀ ਜਿਸ ਦੀ ਵੰਡ ਕੀਤੀ ਜਾਣੀ ਸੀ। ਪਾਕਿਸਤਾਨ ਨੂੰ 20 ਕਰੋੜ ਰੁਪਏ ਦੀ ਮੁੱਢਲੀ ਰਾਸ਼ੀ ਕੰਮ ਚਲਾਉਣ ਲਈ ਦੇ ਦਿੱਤੀ ਗਈ। ਬਾਕੀ ਦੇ ਖਜ਼ਾਨੇ ਦੀ ਵੰਡ ਨੂੰ ਕਰਜ਼ੇ ਦੀ ਵੰਡ ਨਾਲ ਜੋੜ ਦਿੱਤਾ ਗਿਆ। ਬਾਅਦ ਵਿਚ ਇਕ ਫੈਸਲੇ ਅਨੁਸਾਰ ਪਾਕਿਸਤਾਨ ਦੇ ਹਿੱਸੇ 75 ਕਰੋੜ ਰੁਪਏ ਆਏ ਜਿਸ ਵਿਚੋਂ 20 ਕਰੋੜ ਰੁਪਏ ਪਹਿਲਾਂ ਹੀ ਦੇ ਦਿੱਤੇ ਗਏ। ਬਾਕੀ ਦੇ 55 ਕਰੋੜ ਰੁਪਏ ਇਸ ਕਾਰਨ ਰੋਕ ਲਏ ਗਏ ਕਿਉਂਕਿ ਭਾਰਤ ਨੂੰ ਸ਼ੱਕ ਸੀ ਕਿ ਇਹ ਪੈਸੇ ਪਾਕਿਸਤਾਨ ਦੁਆਰਾ ਕਸ਼ਮੀਰ ਵਿਚ ਭਾਰਤ ਵਿਰੁੱਧ ਲੜਾਈ ਲਈ ਵਰਤੇ ਜਾਣਗੇ। ਬਾਅਦ ਵਿਚ ਮਹਾਤਮਾ ਗਾਂਧੀ ਨੇ ਪਾਕਿਸਤਾਨ ਨੂੰ ਇਹ ਪੈਸੇ ਭਾਰਤ ਸਰਕਾਰ ਤੋਂ ਦੁਆਉਣ ਲਈ ਮਰਣ ਵਰਤ ਰੱਖਿਆ ਗਿਆ ਅਤੇ ਭਾਰਤ ਸਰਕਾਰ ਨੇ 55 ਕਰੋੜ ਰੁਪਏ ਦੀ ਰਾਸ਼ੀ ਪਾਕਿਸਤਾਨ ਨੂੰ ਦੇ ਦਿੱਤੀ। ਇਸ ਵਿਵਾਦ ਕਾਰਨ ਭਾਰਤ ਪਾਕਿਸਤਾਨ ਸੰਬੰਧਾਂ ਵਿਚ ਹੋਰ ਵਿਗਾੜ ਆਇਆ।

**4. ਆਪਸੀ ਫੁੱਟ, ਵਿਰੋਧ ਅਤੇ ਦੱਖਣੀ ਏਸ਼ੀਆ ਵਿਚ ਸੈਨਾਵਾਦ :-** ਭਾਰਤੀ ਉਪ-ਮਹਾਂਦੀਪ ਦੀ ਵੰਡ ਨੇ ਭਾਰਤ ਪਾਕਿਸਤਾਨ ਦੀ ਆਪਸੀ ਫੁੱਟ ਅਤੇ ਵਿਰੋਧ ਨੂੰ ਜਨਮ ਦਿੱਤਾ ਜਿਸ ਦੇ ਨਤੀਜੇ ਵਜੋਂ ਦੱਖਣੀ ਏ ਸ਼ੀਆ ਸੈਨਾਵਾਦ ਦੀ ਦੋੜ ਵਿਚ ਫਸ ਗਿਆ। 1954 ਅਤੇ 1955 ਦੋਰਾਨ ਪਾਕਿਸਤਾਨ ਨੇ ਅਮਰੀਕਾ ਨਾਲ ਤਿੰਨ ਸੈਨਿਕ ਸੰਧੀਆਂ ਕੀਤੀਆਂ ਜਿਨ੍ਹਾਂ ਦੇ ਨਤੀਜੇ ਵਜੋਂ ਪਾਕਿਸਤਾਨ ਨੂੰ ਵੱਡੀ ਮਾਤਰਾ ਵਿਚ ਹਥਿਆਰ, ਸੈਨਿਕ ਸਾਜੋ-ਸਮਾਨ ਅਤੇ ਟੈਂਕ ਆਦਿ ਦਿੱਤੇ ਗਏ । ਭਾਰਤ ਨੇ ਵੀ ਸ਼ਕਤੀ ਸੰਤੁਲਨ ਬਣਾਏ ਰੱਖਣ ਲਈ ਹਥਿਆਰਾਂ ਦੀ ਖਰੀਦ ਅਤੇ ਉਤਪਾਦਨ ਤੇ ਜ਼ੋਰ ਦਿੱਤਾ ਜਿਸ ਕਾਰਨ ਸਮੁੱਚੇ ਖੇਤਰ ਦੀ ਆਰਥਿਕ ਉੱਨਤੀ ਲਈ ਲੋੜੀਂਦੇ ਸਾਧਨਾਂ ਦੀ ਵਰਤੋਂ ਸੈਨਾਵਾਦ ਪ੍ਰਤੀ ਖੱਪਤ ਹੋ ਗਈ ਅਤੇ ਇਹ ਖੇਤਰ ਆਰਥਿਕ ਉੱਨਤੀ ਤੋਂ ਵਾਂਝੇ ਰਹਿ ਗਿਆ।

**5. ਚੀਨ ਦਾ ਭਾਰਤ ਤੇ ਹਮਲਾ :-** ਪੰਚਸ਼ੀਲ ਸਮਝੋਤੇ ਅਤੇ ਹਿੰਦੀ-ਚੀਨੀ ਭਾਈ ਭਾਈ ਦੀ ਧਾਰਣਾ

ਦੇ ਬਾਵਜੂਦ ਚੀਨ ਨੇ 1962 ਵਿਚ ਭਾਰਤ ਤੇ ਵਿਸ਼ਾਲ ਹਮਲਾ ਕਰ ਦਿੱਤਾ। ਭਾਰਤ ਇਸ ਵੱਡੇ ਹਮਲੇ ਲਈ ਤਿਆਰ ਨਹੀਂ ਸੀ। ਜਿਸ ਕਾਰਨ ਭਾਰਤ ਦਾ ਕਾਫੀ ਮਾਤਰਾ ਵਿਚ ਜਾਨੀ, ਮਾਲੀ ਅਤੇ ਖੇਤਰ ਦਾ ਨੁਕਸਾਨ ਹੋਇਆ। ਇਹ ਹਮਲਾ ਸ਼ਾਇਦ ਸੰਯੁਕਤ ਭਾਰਤ ਤੇ ਸੰਭਵ ਨਹੀਂ ਹੋ ਸਕਦਾ ਸੀ। ਇਸ ਹਮਲੇ ਤੋਂ ਬਾਅਦ ਪਾਕਿਸਤਾਨ ਅਤੇ ਚੀਨ ਦੀ ਆਪਸੀ ਦੋਸਤੀ ਬਹੁਤ ਵੱਧ ਗਈ ਕਿਉਂਕਿ ਭਾਰਤ ਦੋਨਾਂ ਦੇਸ਼ਾਂ ਦਾ ਸਾਂਝਾ ਦੁਸ਼ਮਣ ਸੀ। ਚੀਨ ਨੇ ਪਾਕਿਸਤਾਨ ਨੂੰ ਹਥਿਆਰ ਦੀ ਭਰਪੂਰ ਮਦਦ ਦਿੱਤੀ ਅਤੇ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਵੀ ਚੀਨ ਨੇ ਪਾਕਿਸਤਾਨ ਦੀ ਨੈਤਿਕ, ਸੈਨਿਕ ਅਤੇ ਰਾਜਨੀਤਕ ਪੱਧਰ ਤੇ ਮਦਦ ਕੀਤੀ।

**6. ਬੰਗਲਾ ਦੇਸ਼ ਦਾ ਹੋਂਦ ਵਿਚ ਆਉਣਾ :–** ਪਾਕਿਸਤਾਨ ਵਿਚ 1958 ਤੋਂ 1969 ਤੱਕ ਜਰਨਲ ਅਯੂਬ ਖਾਨ ਨੇ ਰਾਜ ਕੀਤਾ। 1969 ਵਿਚ ਜਨਰਲ ਯਹੀਆ ਖਾਨ ਨੇ ਹਕੂਮਤ ਸੰਭਾਲ ਲਈ ਅਤੇ 1970 ਵਿਚ ਪਾਕਿਸਤਾਨ ਵਿਚ ਚੋਣਾਂ ਹੋਈਆਂ। ਚੋਣਾਂ ਦੌਰਾਨ ਪੂਰਬੀ ਪਾਕਿਸਤਾਨ ਦੀ ਅਵਾਮੀ ਲੀਗ ਪਾਰਟੀ ਨੂੰ ਭਾਰੀ ਬਹੁਮਤ ਪ੍ਰਾਪਤ ਹੋਇਆ ਪਰ ਪੱਛਮੀ ਪਾਕਿਸਤਾਨ ਵਿਚ ਉਸ ਸਮੇਂ ਦੀ ਤਾਕਤਵਰ ਪਾਕਿਸਤਾਨ ਪੀਪਲਸ ਪਾਰਟੀ ਅਤੇ ਜਨਰਲ ਅਯੂਬ ਨੇ ਅਵਾਮੀ ਲੀਗ ਨੂੰ ਸੱਤਾ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪੱਛਮੀ ਪਾਕਿਸਤਾਨ ਦੀ ਪੂਰਬੀ ਪਾਕਿਸਤਾਨ ਉਪਰ ਪ੍ਰਭੂਸੱਤਾ ਤੇ ਬੁਰਾ ਪ੍ਰਭਾਵ ਪੈਂਦਾ ਸੀ। ਪੂਰਬੀ ਪਾਕਿਸਤਾਨ ਵਿਚ ਦੰਗੇ ਅਤੇ ਸੰਘਰਸ਼ ਅਰੰਭ ਹੋ ਗਏ। ਪ੍ਰਧਾਨ ਯਹੀਆ ਖਾਨ ਨੇ ਸੈਨਾ ਦੇ ਜਨਰਲ ਟਿੱਕਾ ਖਾਨ ਨੂੰ ਸੰਘਰਸ਼ ਜਬਰਨ ਕੁਚਲਣ ਲਈ ਪੂਰਬੀ ਪਾਕਿਸਤਾਨ ਭੇਜਿਆ। ਬਹੁਤ ਸਾਰੇ ਲੋਕ ਸੈਨਾ ਦੁਆਰਾ ਮਾਰ ਦਿੱਤੇ ਗਏ। ਲੱਖਾਂ ਲੋਕ ਦੋੜ ਕੇ ਭਾਰਤ ਆ ਗਏ। ਭਾਰਤ ਵਿਚ ਇਨ੍ਹਾਂ ਲੋਕਾਂ ਨੇ ਮੁਕਤੀ ਬਹਿਨੀ ਸੈਨਾ ਦੀ (Liberation Force of Bangladesh-Mukti Bahini) ਸਥਾਪਨਾ ਕੀਤੀ। 1971 ਵਿਚ ਭਾਰਤ ਪਾਕਿਸਤਾਨ ਜੰਗ ਹੋਈ ਅਤੇ ਪੂਰਬੀ ਪਾਕਿਸਤਾਨ ਇਕ ਨਵੇਂ ਦੇਸ਼ ਬੰਗਲਾ ਦੇਸ਼ ਵਜੋਂ ਆਜ਼ਾਦ ਹੋ ਕੇ ਸਥਾਪਤ ਹੋ ਗਿਆ।

**7. ਸੁਪਰ ਤਾਕਤਾਂ ਦਾ ਦੱਖਣੀ ਏਸ਼ੀਆ ਅਤੇ ਹਿੰਦ ਮਹਾਂ ਸਾਗਰ ਵਿਚ ਪ੍ਰਵੇਸ਼ :–** ਵੰਡ ਅਤੇ ਆਪਸੀ ਫੁੱਟ ਕਾਰਣ ਦੱਖਣੀ ਏਸ਼ੀਆ ਦੀ ਕਮਜ਼ੋਰ ਹੋਈ ਤਾਕਤ ਨੇ ਸੁਪਰ ਤਾਕਤਾਂ ਦੇ ਪ੍ਰਵੇਸ਼ ਨੂੰ ਨਿਮੰਤਰਣ ਦਿੱਤਾ। ਇੰਗਲੈਂਡ ਦੇ ਸੁਏਜ਼ ਨਹਿਰ ਦੇ ਪੂਰਬ ਵਿਚੋਂ ਵਾਪਸੀ ਦੇ ਫੈਸਲੇ ਨੇ ਇਸ ਖੇਤਰ ਵਿਚ ਇਕ ਖਲਾਅ ਪੈਦਾ ਕਰ ਦਿੱਤਾ ਜਿਸ ਨੂੰ ਭਰਨ ਲਈ ਅਤੇ ਸੋਵੀਅਤ ਸੰਘ ਦੇ ਪ੍ਰਭਾਵ ਨੂੰ ਰੋਕਣ ਲਈ ਅਮਰੀਕਾ ਨੇ ਸੈਨਿਕ ਅੱਡਿਆਂ ਅਤੇ ਕਈ ਸੈਨਿਕ ਸੰਧੀਆਂ ਰਾਹੀਂ ਇਸ ਖੇਤਰ ਵਿਚ ਆਪਣਾ ਪ੍ਰਭਾਵ ਵਧਾਇਆ। ਸੋਵੀਅਤ ਸੰਘ ਨੇ ਵੀ ਕਈ ਦੇਸ਼ਾਂ ਵਿਚ ਆਪਣੇ ਸੈਨਿਕ ਅੱਡੇ ਸਥਾਪਤ ਕੀਤੇ। ਇਸ ਤਰ੍ਹਾਂ ਪੂਰਾ ਦੱਖਣੀ ਏਸ਼ੀਆ ਅਤੇ ਹਿੰਦ ਮਹਾਂਸਾਗਰ ਲਗਾਤਾਰ ਖਿਚੋਤਾਣ ਅਤੇ ਸੰਘਰਸ਼ ਦਾ ਖੇਤਰ ਬਣ ਗਿਆ। ਇਸ ਦਾ ਕਾਰਣ ਇਸ ਖੇਤਰ ਦੇ ਦੇਸ਼ਾਂ ਖਾਸ ਕਰਕੇ ਭਾਰਤ ਪਾਕਿਸਤਾਨ ਦੀ ਆਪਸੀ ਦੁਸ਼ਮਣੀ ਅਤੇ ਕਿਸੇ ਵੱਡੀ ਤਾਕਤ ਦਾ ਨਾ ਹੋਣਾ ਸੀ।

**8. ਪ੍ਰਮਾਣੂ ਹਥਿਆਰਾਂ ਦਾ ਖਤਰਾ ਅਤੇ ਵਿਸਤਾਰਕ :–** ਵੰਡ ਅਤੇ ਆਪਸੀ ਦੁਸ਼ਮਣੀ ਨੇ ਅਸੁਰੱਖਿਆ ਦੀ ਭਾਵਨਾ ਨੂੰ ਜਨਮ ਦਿੱਤਾ। ਇਸ ਅਸੁਰੱਖਿਆ ਦੀ ਭਾਵਨਾ ਨੇ ਸੈਨਾਵਾਦ ਨੂੰ ਵਧਾਇਆ। ਸੈਨਾਵਾਦ ਦਾ ਇਕ ਪਹਿਲੂ ਇਸ ਖੇਤਰ ਦੇ ਦੇਸ਼ਾਂ ਵਿਚ ਪ੍ਰਮਾਣੂ ਹਥਿਆਰਾਂ ਦਾ ਵਿਕਾਸ ਹੈ। ਭਾਰਤ ਨੇ 18 ਮਈ 1974 ਨੂੰ (ਪੋਖਰਾਨ) ਰਾਜਸਥਾਨ ਵਿਚ ਪ੍ਰਮਾਣੂ ਤਜਰਬਾ ਕੀਤਾ ਅਤੇ ਇਸ ਤੋਂ ਬਾਅਦ 11 ਅਤੇ 13 ਮਈ 1998 ਨੂੰ ਪੰਜ ਪ੍ਰਮਾਣੂ ਧਮਾਕੇ ਕੀਤੇ। ਪਾਕਿਸਤਾਨ ਨੇ ਵੀ ਪ੍ਰਮਾਣੂ ਸ਼ਕਤੀ ਹਾਸਲ ਕਰਨ ਲਈ ਵਿਸ਼ਾਲ ਪੱਧਰ ਤੇ ਕੰਮ ਕੀਤਾ। ਪਾਕਿਸਤਾਨ ਨੂੰ ਚੀਨ ਨੇ ਚੋਰੀ-ਛਿਪੇ ਤਕਨੀਕੀ ਅਤੇ ਸਾਜੋ-ਸਮਾਨ ਦੀ ਮਦਦ ਕੀਤੀ। ਪਾਕਿਸਤਾਨ ਨੇ ਚੋਰੀ-ਛਿਪੇ ਹੋਰ ਵੀ ਕਈ ਦੇਸ਼ਾਂ ਤੋਂ ਪ੍ਰਮਾਣੂ ਹਥਿਆਰਾਂ ਲਈ ਲੋੜੀਂਦੀ ਸਮੱਗਰੀ ਦੀ ਤਸਕਰੀ ਕੀਤੀ ਹੈ। ਭਾਰਤ ਅਤੇ ਪਾਕਿਸਤਾਨ ਦੋਨਾਂ ਨੇ ਹੀ ਪ੍ਰਮਾਣੂ ਵਿਸਤਾਰ ਸੰਧੀ (NPT) ਅਤੇ ਸੰਪੂਰਣ ਟੈਸਟ ਬੈਨ ਸੰਧੀ (CTBT) ਤੇ ਦਸਖਤ ਨਹੀਂ ਕੀਤੇ ਹਨ। ਇਸ ਤਰ੍ਹਾਂ ਇਹ ਦੋਨੋ ਹੀ ਦੇਸ਼ ਪ੍ਰਮਾਣੂ ਸ਼ਕਤੀ ਦੀ ਸਮਰੱਥਾ ਹਾਸਲ ਕਰਨ ਵਿਚ ਜੁੱਟੇ ਹੋਏ ਹਨ ਭਾਵੇਂ ਦੋਵੇਂ ਹੀ ਦੇਸ਼ ਇਸ ਸ਼ਕਤੀ ਦਾ ਇਸਤੇਮਾਲ ਸਿਰਫ ਸ਼ਾਂਤਮਈ ਕੰਮਾਂ ਲਈ ਹੀ ਕਰਨ ਦਾ ਦਾਅਵਾ ਕਰਦੇ ਹਨ। ਇਸ ਤਰ੍ਹਾਂ ਵੰਡ ਅਤੇ ਵਿਰੋਧ ਨੇ ਪ੍ਰਮਾਣੂ ਪੱਧਰ ਤੇ ਹੋਰ ਵੀ ਅਸੁਰੱਖਿਆ ਪ੍ਰਦਾਨ ਕੀਤੀ ਹੈ।

**ਨਿਚੋੜ :–** ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਉਪ-ਮਹਾਂਦੀਪ ਦੀ ਵੰਡ ਨੇ ਭਾਰਤ ਨੂੰ ਟੁਕੜੇ-ਟੁਕੜੇ ਤੇ ਕਮਜ਼ੋਰ ਹੀ ਨਹੀਂ ਸਗੋਂ ਬਾਹਰਲੀਆਂ ਤਾਕਤਾਂ ਨੂੰ ਵੀ ਇਸ ਖੇਤਰ ਵਿਚ ਦਖਲ-ਅੰਦਾਜ਼ੀ ਲਈ ਨਿਮੰਤਰਣ ਦਿੱਤਾ ਹੈ। ਇਨ੍ਹਾਂ ਕਾਰਨਾਂ ਕਰਕੇ

ਇਹ ਖੇਤਰ ਦੀ ਸੁਰੱਖਿਆ ਨੂੰ ਗੰਭੀਰ ਖਤਰੇ ਦਰਪੇਸ਼ ਰਹੇ ਹਨ।

## ਪਾਕਿਸਤਾਨ ਨਾਲ ਸੰਬੰਧਿਤ ਭਾਰਤ ਦੀਆਂ ਸੁਰੱਖਿਆ ਸਮੱਸਿਆਵਾਂ

ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਪਾਕਿਸਤਾਨ, ਚੀਨ, ਨੇਪਾਲ, ਭੂਟਾਨ, ਬਰਮਾ, ਬੰਗਲਾ ਦੇਸ਼, ਮਾਲਦੀਪ ਅਤੇ ਸ਼੍ਰੀਲੰਕਾ ਸ਼ਾਮਲ ਹਨ। ਸ਼੍ਰੀਲੰਕਾ ਅਤੇ ਮਾਲਦੀਪ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਨਾਲ ਜ਼ਮੀਨੀ ਸਰਹੱਦ ਲਗਦੀਆਂ ਹਨ। ਇਨ੍ਹਾਂ ਸਰਹੱਦਾਂ ਦੇ ਸਾਂਝੀਆਂ ਹੋਣ ਦੇ ਕਾਰਨ ਕਿੰਨੇ ਹੀ ਝਗੜੇ ਪੈਦਾ ਹੋ ਜਾਂਦੇ ਹਨ, ਜਿਨ੍ਹਾਂ ਦਾ ਅਸਰ ਭਾਰਤ ਦੀ ਸੁਰੱਖਿਆ ਤੇ ਪੈਂਦਾ ਹੈ। ਇਨ੍ਹਾਂ ਦੇਸ਼ਾਂ ਵਿਚ ਭਾਰਤ ਦੀ ਸੁਰੱਖਿਆ ਨੂੰ ਸਿੱਧਾ ਪ੍ਰਭਾਵਿਤ ਕਰਨ ਵਾਲੇ ਦੇਸ਼ ਪਾਕਿਸਤਾਨ ਅਤੇ ਚੀਨ ਵੀ ਹਨ, ਜਿਨ੍ਹਾਂ ਨਾਲ ਅਨੇਕਾਂ ਝਗੜੇ ਹੋਣ ਦੇ ਕਾਰਨ ਭਾਰਤ ਚਾਰ ਲੜਾਈਆਂ ਵੀ ਲੜ ਚੁੱਕਾ ਹੈ। ਫੌਜੀ ਸ਼ਕਤੀ ਪੱਖੋਂ ਇਹ ਦੇਸ਼ ਕਾਫੀ ਸ਼ਕਤੀਸ਼ਾਲੀ ਹਨ। ਪਹਿਲਾਂ ਤਾਂ ਭਾਰਤ ਦੀ ਇਨ੍ਹਾਂ ਦੇਸ਼ਾਂ ਨਾਲ ਪ੍ਰਾਂਪਰਿਕ (Conventional) ਹਥਿਆਰਾਂ ਦੀ ਦੋੜ ਚਲਦੀ ਰਹੀ ਅਤੇ ਇਸ ਵੇਲੇ ਪ੍ਰਮਾਣੂ ਸ਼ਕਤੀ ਵਧਾਈ ਜਾ ਰਹੀ ਹੈ।

ਭਾਰਤ ਦੀ ਇਹ ਕੋਸ਼ਿਸ਼ ਰਹੀ ਹੈ ਕਿ ਆਪਣੇ ਗੁਆਂਢੀ ਦੇਸ਼ਾਂ ਨਾਲ ਚੰਗੇ ਸੰਬੰਧ ਬਣਾਏ ਜਾਣ ਪਰ ਫਿਰ ਵੀ ਭਾਰਤ ਨੂੰ ਚਾਰ ਲੜਾਈਆਂ ਦਾ ਸਾਹਮਣਾ ਕਰਨਾ ਪਿਆ ਹੈ। ਚੀਨ ਇਸ ਖੇਤਰ ਦਾ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਦੇਸ਼ ਹੈ, ਜਿਸ ਕੋਲ ਇਕ ਚੰਗੀ ਅਤੇ ਵੱਡੀ ਸੈਨਾ ਹੈ। ਇਸ ਤੋਂ ਇਲਾਵਾ ਚੀਨ ਦਾ ਹਥਿਆਰਾਂ ਦੀ ਪੈਦਾਵਾਰ ਵਿਚ ਸੰਸਾਰ ਵਿਚ ਚੰਗਾ ਸਥਾਨ ਹੈ। ਚੀਨ ਪਾਕਿਸਤਾਨ ਨੂੰ ਆਰਥਿਕ ਅਤੇ ਫੌਜੀ ਮਦਦ ਦਿੰਦਾ ਰਿਹਾ ਹੈ। ਪਾਕਿਸਤਾਨ ਅਤੇ ਚੀਨ ਮਿਲ ਕੇ ਇਕ ਵੱਡੀ ਯੁੱਧਨੀਤਿਕ ਸੜਕ ਵੀ ਬਣਾ ਚੁੱਕੇ ਹਨ। ਇਸ ਸੜਕ ਦਾ ਨਾਂ ਕਾਰਾਕੁਰਮ ਹਾਈਵੇ ਹੈ। ਇਹ ਪਾਕਿਸਤਾਨ ਵਿਚ ਹਵੇਲੀਆਂ ਤੋਂ ਸ਼ੁਰੂ ਹੋ ਕੇ ਚੀਨ ਦੇ ਸਿਕਿਆਂਗ ਪ੍ਰਾਂਤ ਨਾਲ ਮਿਲਦੀ ਹੈ। ਇਹ ਸੜਕ ਹਰ ਮੌਸਮ ਵਿਚ ਵਰਤੀ ਜਾ ਸਕਦੀ ਹੈ ਅਤੇ ਇਸੇ ਕਾਰਨ ਫੌਜੀ ਪੱਖ ਤੋਂ ਇਹ ਸੜਕ ਕਾਫੀ ਮਹੱਤਵਪੂਰਨ ਹੈ। ਇਸ ਤਰ੍ਹਾਂ ਦੋਨਾਂ ਦੇਸ਼ਾਂ ਦੇ ਬੜੇ ਦੋਸਤਾਨਾਂ ਸੰਬੰਧ ਹਨ। ਨੇਪਾਲ ਨੂੰ ਵੀ ਚੀਨ ਨੇ ਕਾਫੀ ਮਦਦ ਦਿੱਤੀ ਹੈ। ਚੀਨ ਨੇ ਨੇਪਾਲ ਨੂੰ ਮੁੱਖ ਮਦਦ ਸੜਕਾਂ ਦੀ ਉਸਾਰੀ ਲਈ ਦਿੱਤੀ ਹੈ। ਇਹਨਾਂ ਸੜਕਾਂ ਦੀ ਵੀ ਯੁੱਧਨੀਤਿਕ ਪੱਖ ਤੋਂ ਕਾਫੀ ਮਹੱਤਤਾ ਹੈ।

ਪਾਕਿਸਤਾਨੀ ਸੈਨਾਵਾਂ ਭਾਰਤ ਦੇ ਮੁਕਾਬਲੇ ਘੱਟ ਗਿਣਤੀ ਵਿਚ ਹਨ ਪਰ ਪਾਕਿਸਤਾਨ ਨੇ ਆਪਣੀ ਸੈਨਾ ਨੂੰ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਕੀਤਾ ਹੈ। ਪਾਕਿਸਤਾਨ ਦੀ ਹਵਾਈ ਸੈਨਾ ਕੋਲ ਬਹੁਤ ਹੀ ਅਤਿ ਆਧੁਨਿਕ ਹਥਿਆਰ ਹਨ। ਭਾਰਤ ਪਹਿਲਾਂ ਹੀ ਪ੍ਰਮਾਣੂ ਸ਼ਕਤੀ ਪ੍ਰਾਪਤ ਕਰ ਚੁੱਕਿਆ ਹੈ ਅਤੇ ਮਈ 1974 ਵਿਚ ਅਤੇ ਫਿਰ 11-13 ਮਈ 1998 ਨੂੰ ਸਫਲ ਪ੍ਰਮਾਣੂ ਧਮਾਕੇ ਵੀ ਕਰ ਚੁਕਿਆ ਹੈ। ਭਾਰਤ ਨੂੰ ਪਾਕਿਸਤਾਨ ਦੀ ਪ੍ਰਮਾਣੂ ਸ਼ਕਤੀ ਬਾਰੇ ਖਤਰਾ ਹੈ ਕਿਉਂਕਿ ਦੋਨਾਂ ਦੇਸ਼ਾਂ ਦੀਆਂ ਪ੍ਰਮਾਣੂ ਸ਼ਕਤੀਆਂ ਬਾਰੇ ਨੀਤੀਆਂ ਵਿਚ ਕਾਫੀ ਅੰਤਰ ਹੈ। ਭਾਰਤ ਪ੍ਰਮਾਣੂ ਸ਼ਕਤੀ ਦੀ ਸ਼ਾਂਤਮਈ ਵਰਤੋਂ ਕਰਨ ਦੇ ਹੱਕ ਵਿਚ ਹੈ ਅਤੇ ਪਾਕਿਸਤਾਨ ਦੀ ਪ੍ਰਮਾਣੂ ਨੀਤੀ ਸਾਫ ਨਹੀਂ ਹੈ ਜਿਸ ਦੇ ਕਾਰਨ ਭਾਰਤ ਵਲੋਂ ਪਾਕਿਸਤਾਨ ਦੇ ਪ੍ਰਮਾਣੂ ਬੰਬ ਪ੍ਰਾਪਤ ਕਰ ਲੈਣ ਬਾਰੇ ਵੀ ਕਾਫੀ ਵਾਦ ਵਿਵਾਦ ਚਲ ਰਿਹਾ ਹੈ। ਪਾਕਿਸਤਾਨ ਅਤੇ ਚੀਨ ਨਾਲ ਭਾਰਤ ਦੀਆਂ ਸੁਰੱਖਿਆ ਸਮੱਸਿਆਵਾਂ ਕਾਫੀ ਜ਼ਿਆਦਾ ਹਨ, ਇਨ੍ਹਾਂ ਨੂੰ ਵਿਸਥਾਰ ਵਿਚ ਜਾਣਨ ਦੇ ਲਈ ਚੀਨ ਅਤੇ ਪਾਕਿਸਤਾਨ ਦਾ ਅਲੱਗ ਅਲੱਗ ਅਧਿਐਨ ਕਰਨਾ ਉਚਿਤ ਹੋਵੇਗਾ।

## ਪਾਕਿਸਤਾਨ

ਅਗਸਤ 1947 ਤੋਂ ਪਹਿਲਾਂ ਭਾਰਤ ਦੀ ਉਤਰ ਪੱਛਮੀ ਸੀਮਾ, ਪਾਮੀਰ ਦੀਆਂ ਪਹਾੜੀਆਂ ਵਿਚ ਸਥਿਤ ਗਿਲਗਿਟ ਤੋਂ ਲੈ ਕੇ ਅਰਬ ਸਾਗਰ ਤਕ ਫੈਲੀ ਹੋਈ ਸੀ, ਪਰ 1947 ਵਿਚ ਭਾਰਤ ਨਾਲੋਂ ਪਾਕਿਸਤਾਨ ਧਰਮ ਦੇ ਆਧਾਰ ਤੇ ਅਲੱਗ ਹੋ ਗਿਆ। ਇਸ ਅਲੱਗ ਹੋਣ ਦੀ ਘਟਨਾ ਦੇ ਨਾਲ ਹੀ ਭਾਰਤ ਦੀਆਂ ਸੁਰੱਖਿਆ ਸੰਬੰਧੀ ਕਈ ਸਮੱਸਿਆਵਾਂ ਸ਼ੁਰੂ ਹੋ ਗਈਆਂ। ਭਾਰਤ ਦੀ ਸਰਹੱਦੀ ਰੇ ਖਾ ਕਸ਼ਮੀਰ ਤੋ ਲੈ ਕੇ ਕੱਛ (Rann of Kutch) ਤੱਕ ਫੈਲੀ ਹੋਈ ਸੀ ਜੋ ਕਸ਼ਮੀਰ ਤੋਂ ਇਲਾਵਾ ਇਕ ਚੌੜੇ ਮੈਦਾਨ ਵਿਚੋਂ ਦੀ ਵੀ ਲੰਘਦੀ ਹੈ।

ਇਸ ਤੋਂ ਪਹਿਲਾਂ ਕਿ ਭਾਰਤ ਆਪਣੀ ਰੱਖਿਆ ਸੰਬੰਧੀ ਸੈਨਾ ਦਾ ਪੁਨਰ ਸੰਗਠਨ ਅਤੇ ਪ੍ਰਬੰਧ ਦੇ ਪੁਨਰ ਸੰਗਠਨ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੋਚਦਾ, ਭਾਰਤ ਨੂੰ ਆਜ਼ਾਦੀ ਮਿਲਣ ਤੋਂ ਕੁਝ ਹੀ ਸਮੇਂ ਬਾਅਦ ਜੰਮੂ ਅਤੇ ਕਸ਼ਮੀਰ ਦੀ ਸਾਰੀ ਰਿਆਸਤ ਨੂੰ ਬਾਹਰੀ ਤਾਕਤ ਦੁਆਰਾ ਆਯੋਜਤ ਕੀਤੇ ਹਮਲੇ ਦਾ ਸਾਹਮਣਾ ਕਰਨਾ ਪੈ ਗਿਆ। ਜੰਮੂ ਕਸ਼ਮੀਰ ਦੀ ਮੁਸਲਿਮ ਬਹੁ-ਗਿਣਤੀ

ਵਾਲੀ ਰਿਆਸਤ ਦਾ ਹਿੰਦੂ ਮਹਾਰਾਜਾ ਹਰੀ ਸਿੰਘ ਵੀ ਹੈਦਰਾਬਾਦ ਦੇ ਨਿਜ਼ਾਮ ਅਤੇ ਜੂਨਾਗੜ੍ਹ ਦੇ ਨਵਾਬ ਵਾਂਗ ਆਪਣੀ ਰਿਆਸਤ ਨੂੰ ਪਹਿਲਾਂ ਭਾਰਤ ਜਾਂ ਪਾਕਿਸਤਾਨ ਦਾ ਹਿੱਸਾ ਬਣਾਉਣ ਦੀ ਥਾਂ ਆਪਣੇ ਆਪ ਨੂੰ ਸੁਤੰਤਰ ਅਤੇ ਖੁਦ-ਮੁਖਤਿਆਰ ਰਖਣਾ ਚਾਹੁੰਦਾ ਸੀ। ਪਰ ਬਾਅਦ ਵਿਚ ਭਾਰਤ ਸਰਕਾਰ ਨਾਲ ਇਕ ਸਮਝੌਤਾ ਕਰ ਲਿਆ ਸੀ। ਸਾਰੇ ਦਾ ਸਾਰਾ ਜੰਮੂ ਕਸ਼ਮੀਰ ਰਾਜ ਬਾਕੀ ਦੇ ਭਾਰਤ ਨਾਲ ਅਜਿਹੀ ਸੜਕ ਦੁਆਰਾ ਜੋੜਿਆ ਹੋਇਆ ਹੈ ਜਿਹੜੀ ਕਿ ਜੰਮੂ ਤੋਂ ਅੱਗੇ ਦੋ ਹਿੱਸਿਆਂ ਵਿਚ ਵੰਡ ਜਾਂਦੀ ਹੈ, ਉਨ੍ਹਾਂ ਵਿਚੋਂ ਇਕ ਸੜਕ ਸ੍ਰੀਨਗਰ ਲਦਾਖ ਸੈਕਟਰ ਅਤੇ ਦੂਜੀ ਰਾਜੌਰੀ-ਨੌਸ਼ੇਰਾ ਸੈਕਟਰ (Rajori-Naushera Sector) ਨੂੰ ਜਾਂਦੀ ਹੈ। ਸੰਚਾਰ ਅਤੇ ਆਵਾਜਾਈ ਸਾਧਨ ਪਾਕਿਸਤਾਨ ਨਾਲ ਪ੍ਰਮੁੱਖ ਰੂਪ ਵਿਚ ਜੁੜੇ ਹੋਏ ਸਨ ਅਤੇ ਸੜਕ ਅਤੇ ਰੇਲ ਦੇ ਰਸਤੇ ਪਾਕਿਸਤਾਨ ਵਾਲੇ ਹਿੱਸੇ ਵਿਚੋਂ ਹੀ ਰਿਆਸਤ ਵਿਚ ਜਾਂਦੇ ਸਨ। ਇਨ੍ਹਾਂ ਰਸਤਿਆਂ ਨੂੰ ਪਾਕਿਸਤਾਨ ਵਲੋਂ ਆਪਣੇ ਰਜਾਕਾਰਾਂ ਅਤੇ ਮੁਜ਼ਾਹਿਦਾਂ ਦੀ ਵਰਤੋਂ ਕਰਕੇ ਕਸ਼ਮੀਰ ਘਾਟੀ ਵਿਚ ਰਾਜਨੀਤਕ ਬੇਚੈਨੀ ਫੈਲਾਉਣ ਅਤੇ ਉਨ੍ਹਾਂ ਦੁਆਰਾ ਸੈਨਿਕ ਕਾਰਵਾਈ ਰਾਹੀਂ ਰਿਆਸਤ ਉਪਰ ਕਬਜ਼ਾ ਕਰਨ ਦੀ ਯੋਜਨਾ ਵੀ ਤਿਆਰ ਕੀਤੀ ਗਈ ਜਿਸ ਵਿਚ ਉਨ੍ਹਾਂ ਨੂੰ ਕਾਫੀ ਹੱਦ ਤਕ ਸਫਲਤਾ ਵੀ ਹਾਸਲ ਹੋਈ। ਰਿਆਸਤ ਦੇ ਰਾਜੇ ਦੇ ਵਿਰੋਧ ਕਰਨ ਦੇ ਬਾਵਜੂਦ ਪਾਕਿਸਤਾਨੀ ਸੈਨਾਵਾਂ ਨੇ 22 ਅਕਤੂਬਰ 1947 ਨੂੰ ਸਰਹੱਦ ਤੇ ਸਥਿਤ ਕਸਬੇ ਮੁਜ਼ਫਰਾਬਾਦ ਉਪਰ ਹਮਲਾ ਕਰ ਦਿੱਤਾ। ਜਦੋਂ ਮਹਾਰਾਜੇ ਨੇ ਇਸ ਗੱਲ ਦਾ ਅੰਦਾਜ਼ਾ ਲਗਾਇਆ ਕਿ ਉਸ ਦੀਆਂ ਸੈਨਾਵਾਂ ਇਸ ਸਾਰੀ ਸਥਿਤੀ ਦਾ ਮੁਕਾਬਲਾ ਕਰਨ ਤੋਂ ਅਸਮਰਥ ਹਨ ਤਾਂ ਉਹ ਸ੍ਰੀਨਗਰ ਤੋਂ ਭੱਜ ਕੇ ਜੰਮੂ ਆ ਗਿਆ ਅਤੇ 26 ਅਕਤੂਬਰ 1947 ਨੂੰ ਉਸ ਨੇ ਜੰਮੂ-ਕਸ਼ਮੀਰ ਰਿਆਸਤ ਨੂੰ ਭਾਰਤ ਦਾ ਹਿੱਸਾ ਬਣਾਉਣ ਦੇ ਲਈ ਲੋੜੀਂਦੇ ਦਸਤਾਵੇਜ ਉਪਰ ਦਸਤਖਤ ਕਰ ਦਿੱਤੇ, ਜਿਸ ਨਾਲ ਰਿਆਸਤ ਦੀ ਸੁਰੱਖਿਆ ਦੀ ਜ਼ੁੰਮੇਵਾਰੀ ਭਾਰਤ ਦੀ ਬਣ ਗਈ। ਪਾਕਿਸਤਾਨ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਭਾਰਤੀ ਸੈਨਾਵਾਂ ਨੂੰ ਕਸ਼ਮੀਰ ਘਾਟੀ ਵਿਚ ਜਾਣ ਦੇ ਹੁਕਮ ਜਾਰੀ ਕਰਨੇ ਪਏ।

ਸਰਦੀ ਵਿਚ ਕਸ਼ਮੀਰ ਦੀਆਂ ਸੜਕਾਂ ਤੇ ਆਵਾਜਾਈ ਦੇ ਸਾਧਨ ਬੰਦ ਹੋ ਜਾਂਦੇ ਹਨ। ਉਸ ਵੇਲੇ ਸਪਲਾਈ ਲਈ ਭਾਰਤ ਦੀ ਹਵਾਈ ਸੈਨਾ ਕੋਲ ਥੋੜ੍ਹੇ ਜਿਹੇ ਢੋਆ-ਢੁਆਈ ਵਾਲੇ ਜਹਾਜ਼ (Transport planes) ਸਨ। ਕਸ਼ਮੀਰ ਵਿਚ ਸਰਦੀ ਖ਼ਾਸ ਕਰ ਬਹੁਤ ਹੁੰਦੀ ਹੈ ਅਤੇ ਭਾਰਤੀ ਯੂਨਿਟਾਂ ਜਿਹੜੀਆਂ ਕਿ ਜ਼ਿਆਦਾਤਰ ਮੈਦਾਨੀ ਇਲਾਕਿਆਂ ਵਿਚੋਂ ਆਈਆਂ ਸਨ, ਇਸ ਲਈ ਖੇਤਰ ਦੀਆਂ ਲੜਨ ਦੀਆਂ ਹਾਲਤਾਂ (Conditions of warfare) ਉਨ੍ਹਾਂ ਦੇ ਅਨੁਕੂਲ ਨਹੀਂ ਸਨ। ਅਸਲ ਵਿਚ ਸਾਰੇ ਜੰਮੂ ਅਤੇ ਕਸ਼ਮੀਰ ਦੇ ਖੇਤਰ ਦਾ ਆਪਰੇਸ਼ਨ ਸੰਗਠਨ (Operational organization) ਬੜੀ ਕਾਹਲੀ ਵਿਚ ਆਯੋਜਿਤ ਕੀਤਾ ਗਿਆ ਅਤੇ ਇਸ ਕਾਰਨ ਆਪਰੇਸ਼ਨ ਤੇ ਰਸਦ ਪਾਣੀ ਪਹੁੰਚਾਉਣ (Logistical) ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਫੇਰ ਵੀ ਭਾਰਤੀ ਸੈਨਾ ਦੀਆਂ ਟੁਕੜੀਆਂ ਨੇ ਹਮਲਾਵਰਾਂ, ਜਿਨ੍ਹਾਂ ਨੂੰ ਪਾਕਿਸਤਾਨ ਦੀ ਨਿਯਮਤ ਸੈਨਾ ਦੀ ਸਮੁੱਚੇ ਫਰੰਟ (Front) ਤੇ ਮਦਦ ਸੀ, ਨੂੰ ਪਿਛੇ ਧਕੇਲ ਦਿੱਤਾ ਅਤੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। 21 ਅਪ੍ਰੈਲ 1948 ਨੂੰ ਸੁਰੱਖਿਆ ਪ੍ਰੀਸ਼ਦ ਨੇ ਇਕ ਮੱਤਾ ਪਾਸ ਕਰ ਦਿੱਤਾ ਜਿਸ ਅਨੁਸਾਰ ਭਾਰਤ ਅਤੇ ਪਾਕਿਸਤਾਨ ਲਈ ਇਕ ਸੰਯੁਕਤ ਕਮਿਸ਼ਨ (United Nations Commission on India and Pakistan) ਬਣਾਇਆ ਗਿਆ। ਜਿਸ ਨੇ ਜਲਦੀ ਹੀ ਦੋਨਾਂ ਦੇਸ਼ਾਂ ਦਾ ਦੌਰਾ ਕੀਤਾ। 13 ਅਗਸਤ 1948 ਨੂੰ ਕਮਿਸ਼ਨ ਨੇ ਇਕ ਪ੍ਰਸਤਾਵ ਪਾਸ ਕੀਤਾ, ਜਿਸ ਅਨੁਸਾਰ ਜੰਗਬੰਦੀ (Cease fire) ਕਰ ਦਿੱਤੀ ਗਈ ਅਤੇ ਸਥਾਨਕ ਫੌਜਾਂ ਦੀਆਂ ਟੁਕੜੀਆਂ ਦੀ ਵਿਊਂਤ (Deployment) ਨੂੰ ਉਸੀ ਤਰ੍ਹਾਂ ਰਹਿਣ ਦਿੱਤਾ ਗਿਆ ਜਿਥੇ ਕਿ ਲੜਾਈ ਵੇਲੇ ਤੈਨਾਤ ਕੀਤੀਆਂ ਹੋਈਆਂ ਸਨ। ਭਾਰਤ ਨੇ ਆਪਣੀ ਫੌਜ ਦੇ ਖੱਬੇ ਹਿੱਸੇ ਨੂੰ ਪਾਕਿਸਤਾਨ ਦੇ ਨਾਗਰਿਕਾਂ ਅਤੇ ਕਬਾਇਲੀ ਲੋਕਾਂ ਦੇ ਪਿੱਛੇ ਹੱਟਣ ਮਗਰੋਂ ਅਤੇ ਜਦੋਂ ਕਿ ਪਾਕਿਸਤਾਨੀ ਫੌਜ ਨੂੰ ਪਿੱਛੇ ਹਟਾਇਆ ਜਾ ਰਿਹਾ ਸੀ, ਦੇ ਬਾਅਦ ਵਿਚ ਪਿੱਛੇ ਹਟਾਣਾ ਸੀ। ਅੰਤਿਮ ਨਿਪਟਾਰੇ ਦੀਆਂ ਸ਼ਰਤਾਂ ਦੀ ਪ੍ਰਵਾਨਗੀ ਹੋਣ ਤਕ, ਭਾਰਤ ਨੂੰ ਜੰਗਬੰਦੀ ਰੇਖਾ ਦੇ ਅੰਦਰ ਵਾਲੇ ਪਾਸੇ ਅਜਿਹੀ ਫੌਜ ਰਖਣੀ ਸੀ ਜਿਹੜੀ ਕਮਿਸ਼ਨ ਦੇ ਸਮਝੌਤੇ ਅਨੁਸਾਰ ਕਾਨੂੰਨ ਅਤੇ ਵਿਵਸਥਾ ਨੂੰ ਬਣਾਈ ਰਖਣ ਵਿਚ ਅਤੇ ਸਥਾਨਿਕ ਅਧਿਕਾਰੀ ਵਰਗ (Local authorities) ਦੀ ਮਦਦ ਕਰਨ ਲਈ ਜਰੂਰੀ ਸਮਝੀ ਜਾਵੇ। ਪ੍ਰਸਤਾਵ ਦਾ ਤੀਜਾ ਭਾਗ ਲੋਕਾਂ ਦੀ ਰਾਏ ਸ਼ੁਮਾਰੀ (Plebiscite) ਕਰਵਾਉਣ ਦਾ ਸੀ।

ਯੂ. ਐਨ. ਸੀ. ਆਈ ਪੀ. (UNCIP) ਨੇ ਇਕ ਹੋਰ ਪ੍ਰਸਤਾਵ ਤਿਆਰ ਕੀਤਾ ਜਿਹੜਾ ਕਿ 5 ਜਨਵਰੀ 1949 ਨੂੰ ਲਾਗੂ ਕੀਤਾ ਗਿਆ। ਇਸ ਮਤੇ ਅਨੁਸਾਰ ਲੋਕਾਂ ਦੀ ਰਾਏ-ਸ਼ੁਮਾਰੀ ਉਸ ਵੇਲੇ ਕਰਵਾਉਣੀ ਸੀ ਜਦੋਂ 13 ਅਗਸਤ ਵਾਲੇ ਪ੍ਰਸਤਾਵ ਦੇ ਭਾਗ ਪਹਿਲੇ ਅਤੇ ਦੂਜੇ ਨੂੰ ਪੂਰਾ ਕਰ ਦਿੱਤਾ ਜਾਵੇਗਾ, ਇਨ੍ਹਾਂ ਤਜਵੀਜ਼ਾਂ ਨੂੰ ਮੰਨ ਲਿਆ ਗਿਆ ਅਤੇ 1 ਜਨਵਰੀ 1949 ਨੂੰ ਜੰਗਬੰਦੀ

ਨੂੰ ਅਮਲੀ ਰੂਪ ਦੇ ਦਿੱਤਾ ਗਿਆ। ਕਸ਼ਮੀਰ ਦਾ ਇਹ ਵਾਸਤਵਿਕ ਅਨੁਭਵ ਰੱਖਿਆ ਦੀਆਂ ਕਈ ਮਹੱਤਵਪੂਰਨ ਸਮੱਸਿਆਵਾਂ ਤੇ ਚਾਨਣਾ ਪਾਉਣਾ ਹੈ।

ੳ) ਇਹ ਅਨੁਭਵ ਕੀਤਾ ਗਿਆ ਕਿ ਕਸ਼ਮੀਰ ਦੀ ਸਮੱਸਿਆ ਇਕ ਲੰਬੀ ਸਮੱਸਿਆ ਹੈ ਅਤੇ ਇਹ ਭਵਿੱਖ ਵਿਚ ਭਾਰਤ ਦੀ ਪ੍ਰੇਸ਼ਾਨੀ ਦਾ ਕਾਰਣ ਬਣੀ ਰਹੇਗੀ, ਜਦੋਂ ਤਕ ਇਸ ਦਾ ਕੋਈ ਸ਼ਾਂਤੀ ਪੂਰਨ ਫੈਸਲਾ ਨਹੀਂ ਹੋ ਜਾਂਦਾ।

ਅ) ਇਹ ਵੀ ਵੇਖਿਆ ਗਿਆ ਕਿ ਕਸ਼ਮੀਰ ਵਿਚ ਪਾਕਿਸਤਾਨ ਨੂੰ ਕਈ ਜੰਗੀ ਮਹੱਤਵ ਵਾਲੇ ਲਾਭ ਸਨ। ਪਾਕਿਸਤਾਨ ਪਾਸਿਉਂ ਕਸ਼ਮੀਰ ਦੇ ਪਹੁੰਚ ਮਾਰਗ ਸੁਗਮ ਹਨ ਅਤੇ ਘਾਟੀਆਂ ਵਿਚੋਂ ਦੀ ਲੰਘਦੇ ਹਨ। ਇਸ ਲਈ ਪਾਕਿਸਤਾਨ ਅਲੱਗ ਅਲੱਗ ਥਾਵਾਂ ਤੇ ਆਪਣੀ ਭਾਰੀ ਫੌਜ ਨੂੰ ਬੜੀ ਆਸਾਨੀ ਨਾਲ ਭੇਜ ਸਕਦਾ ਹੈ ਅਤੇ ਕਸ਼ਮੀਰ ਵਿਚ ਇਕ ਵੱਡੀ ਲੜਾਕੂ ਫੌਜ ਨੂੰ ਰਖ ਸਕਦਾ ਹੈ। ਜਦੋਂ ਕਿ ਭਾਰਤ ਅਜਿਹਾ ਨਹੀਂ ਕਰ ਸਕਦਾ ਕਿਉਂਕਿ ਇਸ ਦੇ ਰਸਦ ਪਾਣੀ ਪਹੁੰਚਣ ਦੇ ਮਾਰਗ ਬਹੁਤ ਲੰਬੇ ਹਨ। ਦੂਸਰੇ ਇਨ੍ਹਾਂ ਆਸਾਨ ਮਾਰਗਾਂ ਕਾਰਨ ਹੀ ਪਾਕਿਸਤਾਨ ਹਮੇਸ਼ਾਂ ਹੀ ਸਾਰੀ ਜੰਗਬੰਦੀ ਰੇਖਾ ਦੇ ਨਾਲ ਘੁਸਪੈਠੀਆਂ (Infiltrators) ਨੂੰ ਭੇਜ ਸਕਦਾ ਹੈ। ਇਸ ਲਈ ਸੈਨਿਕ ਗਤੀਵਿਧੀਆਂ ਨੂੰ ਜੰਮੂ ਅਤੇ ਕਸ਼ਮੀਰ ਦੇ ਖੇਤਰ ਤਕ ਹੀ ਸੀਮਤ ਰਖਣਾ ਪਾਕਿਸਤਾਨ ਨੂੰ ਲਾਭਕਾਰੀ ਅਤੇ ਭਾਰਤ ਲਈ ਨੁਕਸਾਨ ਦੇਣ ਵਾਲਾ ਹੋਵੇਗਾ। ਇਸ ਲਈ ਭਾਰਤ ਦੀ ਮੁੱਖ ਤੱਤਕਾਲੀ ਸਮੱਸਿਆ ਇਹ ਸੀ ਕਿ ਪਾਕਿਸਤਾਨ ਦੇ ਜੰਗੀ ਮਹੱਤਵ ਵਾਲੇ ਲਾਭ ਦੇ ਬਦਲੇ ਵਿਚ ਭਾਰਤ ਨੂੰ ਕੀ ਕਰਨਾ ਚਾਹੀਦਾ ਹੈ। ਇਸ ਸਮੱਸਿਆ ਦਾ ਹੱਲ ਇਹ ਹੋ ਸਕਦਾ ਹੈ ਕਿ ਭਾਰਤ ਹੋਰ ਜਿਆਦਾ ਵਿਕਸਿਤ ਤੇ ਕਈ ਤਰ੍ਹਾਂ ਦੇ ਸੰਚਾਰ ਮਾਰਗਾਂ ਦੇ ਨਿਰਮਾਣ ਕਰੇ ਅਤੇ ਸੈਨਿਕ ਗਤੀਵਿਧੀਆਂ ਨੂੰ ਜੰਮੂ ਅਤੇ ਕਸ਼ਮੀਰ ਦੇ ਖੇਤਰ ਤਕ ਹੀ ਸੀਮਤ ਨਾ ਰਖੇ।

ਇਸ 1946–47 ਦੇ ਭਾਰਤ ਪਾਕਿ ਟਕਰਾਅ ਤੋਂ ਬਾਅਦ ਭਾਰਤ ਨੇ ਫੈਸਲਾ ਕੀਤਾ ਕਿ ਪਾਕਿਸਤਾਨ ਨੂੰ ਦੂਜਿਆਂ ਦੇਸ਼ਾਂ ਤੋਂ ਵੱਖ ਕੀਤਾ ਜਾਵੇ ਤਾਂ ਕਿ ਉਹ ਵਿਦੇਸ਼ੀ ਹਥਿਆਰਾਂ ਦੀ ਮਦਦ ਨਾ ਲੈ ਸਕੇ ਅਤੇ ਭਾਰਤ ਲਈ ਆਉਣ ਵਾਲੇ ਸਮੇਂ ਵਿਚ ਮੁਸ਼ਕਲ ਖੜੀ ਨਾ ਕਰ ਸਕੇ। ਭਾਰਤ ਨੇ ਆਪਣੇ ਹਥਿਆਰ ਬਣਾਉਣ ਦੀ ਸ਼ਕਤੀ ਨੂੰ ਵਧਾਉਣ ਦਾ ਫੈਸਲਾ ਕੀਤਾ ਅਤੇ ਕਸ਼ਮੀਰ ਮਸਲੇ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਨਿਪਟਾਉਣ ਦਾ ਫੈਸਲਾ ਵੀ ਕੀਤਾ ਗਿਆ। ਇਸ ਦੇ ਬਾਅਦ ਵੀ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਸੁਧਰੇ ਨਹੀਂ। ਸੀਟੋ (Seato) ਅਤੇ ਸੈਂਟੋ (Cento) ਦੇ ਹੋਂਦ ਵਿਚ ਆਉਣ ਤੋਂ ਬਾਅਦ ਪਾਕਿ ਨੇ ਅਮਰੀਕਾ ਨਾਲ 1953–55 ਵਿਚ ਵੀ ਸੁਰੱਖਿਆ ਸਮਝੌਤੇ ਕੀਤੇ। ਇਸ ਦੇ ਨਤੀਜੇ ਵਜੋਂ ਪਾਕਿਸਤਾਨ ਨੂੰ ਬਹੁਤ ਸਾਰੀ ਆਰਥਿਕ ਅਤੇ ਸੈਨਿਕ ਸਹਾਇਤਾ ਹਾਸਲ ਹੋਈ। ਭਾਵੇਂ 1960 ਦੇ ਦਹਾਕੇ ਦੇ ਆਰੰਭ ਵਿਚ ਅਮਰੀਕਾ ਵਲੋਂ ਚੀਨ ਦੇ ਵਿਰੁੱਧ ਭਾਰਤ ਦੀ ਸਹਾਇਤਾ ਦੇਣ ਕਾਰਣ ਪਾਕਿਸਤਾਨ ਨਾਲ ਸੰਬੰਧ ਬਹੁਤ ਵਧੀਆ ਨਹੀਂ ਰਹੇ ਹਨ, ਫੇਰ ਵੀ ਭਾਰਤ ਚੀਨ ਜੰਗ ਦੇ ਖਤਮ ਹੋਣ ਦੇ ਉਪਰੰਤ ਅਮਰੀਕਾ ਨੇ ਪਾਕਿਸਤਾਨ ਨੂੰ ਬਹੁਤ ਸਾਰੇ ਹਥਿਆਰ, ਪੈਟਨ ਟੈਂਕ, ਸੈਬਰ ਜੈਟ ਹਵਾਈ ਜਹਾਜ਼ ਅਤੇ ਸਮੁੰਦਰੀ ਜਹਾਜ਼ ਦਿੱਤੇ ਜਿਨ੍ਹਾਂ ਦੇ ਫਲਸਰੂਪ ਪਾਕਿਸਤਾਨ ਸੈਨਿਕ ਤਾਨਾਸ਼ਾਹ ਅਯੂਬ ਖਾਂ ਨੇ ਦੇਸ਼ ਦੀ ਵਿਗੜ ਰਹੀ ਅੰਦਰੂਨੀ ਰਾਜਨੀਤਿਕ ਸਥਿਤੀ ਵਲੋਂ ਲੋਕਾਂ ਦਾ ਧਿਆਨ ਬਦਲਣ ਲਈ ਕਸ਼ਮੀਰ ਦੀ ਸਮੱਸਿਆ ਦਾ ਹੱਲ ਕਰਨ ਦੇ ਆਸ਼ੇ ਨਾਲ ਭਾਰਤ ਵਿਰੁੱਧ ਜੰਗ ਸ਼ੁਰੂ ਕਰ ਦੇਣ ਦਾ ਵਿਚਾਰ ਬਣਾਇਆ। ਇਸ ਤੋਂ ਬਿਨਾਂ 1965 ਵਿਚ ਪਾਕਿਸਤਾਨ ਨੇ ਕਈ ਵਾਰ ਸੀਮਾ ਦੀ ਉਲੰਘਣਾ ਕੀਤੀ ਜਿਨ੍ਹਾਂ ਨੇ ਭਾਰਤ ਦੀ ਸੁਰੱਖਿਆ ਵਿਚ ਇਕ ਨਵਾਂ ਦੌਰ ਪੈਦਾ ਕਰ ਦਿੱਤਾ। ਇਸ ਸਮੇਂ ਦੌਰਾਨ ਪਾਕਿਸਤਾਨ ਨੇ ਸੀਮਾ ਸਥਿਤੀ ਨੂੰ ਗੰਭੀਰ ਬਣਾਉਣ ਲਈ ਕੱਛ ਦੇ ਇਲਾਕੇ (Rann of Kutch) ਵਿਚ ਆਪਣਾ ਅਧਿਕਾਰ ਦਰਸਾਇਆ ਅਤੇ ਬਿਨਾਂ ਚੇਤਾਵਨੀ ਦੇ ਅਮਰੀਕੀ ਹਥਿਆਰਾਂ ਨਾਲ ਲੈਸ ਸੈਨਾ ਨੇ ਭਾਰਤ ਉਪਰ ਹਮਲਾ ਕਰ ਦਿੱਤਾ। ਇਹ ਸਾਫ ਤੌਰ ਤੇ ਪਾਕਿਸਤਾਨ ਦੀ ਕਸ਼ਮੀਰ ਨੂੰ ਤਾਕਤ ਨਾਲ ਅਤੇ ਘੁਸਪੈਠੀਆਂ ਦੀ ਮਦਦ ਨਾਲ ਹੜੱਪ ਕਰਨ ਦੀ ਮਹਾਨ ਨੀਤੀ ਦਾ ਹੀ ਇਕ ਭਾਗ ਸੀ। ਉਨ੍ਹਾਂ ਦਾ ਖਿਆਲ ਸੀ ਕਿ ਭਾਰਤੀ ਸੈਨਾ ਨੂੰ ਕੱਛ ਦੇ ਇਲਾਕੇ ਵਿਚ ਉਲਝਾ ਕੇ ਰਖਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਕਸ਼ਮੀਰ ਵਿਚ ਆਪਣੇ ਨਾਪਾਕ ਇਰਾਦੇ ਹਾਸਲ ਕਰਨ ਦਾ ਮੌਕਾ ਮਿਲ ਸਕੇ। ਇਹ ਕੁਝ ਪ੍ਰਾਪਤ ਕਰਨ ਲਈ ਅਯੂਬ ਖਾਂ ਨੇ ਤਿੰਨ ਪੜਾਵਾਂ ਵਾਲੀ ਇਕ ਯੋਜਨਾ ਤਿਆਰ ਕੀਤੀ ਅਤੇ ਇਸ ਨੂੰ ਕਾਮਯਾਬ ਕਰਨ ਲਈ ਉਸ ਦੀ ਭਾਰਤ ਪਾਕਿ ਸੀਮਾ ਦੀ ਉਲੰਘਣਾ ਵੀ ਇਕ ਭਾਗ ਸੀ। ਪਹਿਲੇ ਪੜਾਅ ਵਿਚ ਜੰਮੂ ਕਸ਼ਮੀਰ

ਰਿਆਸਤ ਵਿਚ ਘੁਸਪੈਠੀਏ (Infiltarators) ਭੇਜਣਾ ਅਤੇ 'ਮਾਰੋ ਅਤੇ ਭੱਜੋ' ਯੁੱਧ ਨੀਤੀ ਤੇ ਹਮਲਾ ਕਰਨਾ ਸੀ ਅਤੇ ਤੀਜੀ ਅਵਸਥਾ ਵਿਚ ਪੂਰਨ ਭਾਰਤ ਉਪਰ ਸੈਨਿਕ ਹਮਲਾ ਕਰਨਾ ਸ਼ਾਮਿਲ ਸੀ।

ਭਾਰਤੀ ਸੈਨਿਕ ਸਾਮਵਾਦੀ ਚੀਨ ਪਾਸੋਂ ਹਾਰ ਖਾਣ ਕਰਕੇ ਮਾਨਸਿਕ ਰੂਪ ਵਿਚ ਲੜਾਈ ਦੇ ਯੋਗ ਨਹੀਂ ਸਨ ਅਤੇ ਨਾ ਹੀ ਉਸ ਕੋਲ ਪਾਕਿਸਤਾਨ ਵਾਂਗ ਕੋਈ ਵੀ ਆਧੁਨਿਕ ਟੈਂਕ ਜਾਂ ਹਵਾਈ ਜਹਾਜ਼ ਮੌਜੂਦ ਸਨ। ਉਸ ਨੇ ਰਾਜਨੀਤਿਕ ਪੱਖੋਂ ਇਹ ਮਹਿਸੂਸ ਕੀਤਾ ਕਿ ਭਾਰਤ ਇਕੱਲਾ ਰਹਿ ਗਿਆ ਹੈ ਅਤੇ ਪਾਕਿਸਤਾਨ ਦੀ ਸਹਾਇਤਾ ਲਈ ਅਮਰੀਕਾ ਅਤੇ ਚੀਨ ਹਾਜ਼ਰ ਸਨ।

ਪਾਕਿਸਤਾਨ ਨੇ 24 ਅਪ੍ਰੈਲ 1965 ਨੂੰ ਕੱਛ ਵਿਚ ਆਪਣੀ 8ਵੀਂ ਪੈਦਲ ਸੈਨਾ ਡਿਵੀਜ਼ਨ ਰਾਹੀਂ ਕੰਜਰਕੋਟ, ਜੋ 20 ਮੀਲ ਦੱਖਣ ਪੱਛਮ ਵਲ ਹੈ, ਅਤੇ ਵਿਗੋਲੋਟ ਜੋ ਕੰਜਰਕੋਟ ਦੇ ਦੱਖਣ ਪੂਰਬ ਵਲ ਸਥਿਤ ਹੈ, ਉਪਰ ਪੈਟਨ ਟੈਂਕਾਂ ਅਤੇ ਤੋਪਾਂ ਨਾਲ ਇਕੱਠਾ ਹਮਲਾ ਕਰਕੇ ਇਨ੍ਹਾਂ ਉਪਰ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਪੂਰੀ ਸਰਹੱਦ ਤੇ ਲੜਾਈ ਹੋ ਗਈ। ਇਸ ਲੜਾਈ ਵਿਚ ਪਾਕਿਸਤਾਨ ਨੇ ਵੱਖ-ਵੱਖ ਇਲਾਕਿਆਂ ਵਿਚ ਹਮਲਾ ਕਰਨ ਦੀ ਪਹਿਲ ਕੀਤੀ ਪਰ ਜਦੋਂ ਯੁੱਧਬੰਦੀ ਦਾ ਐਲਾਨ ਹੋਇਆ ਤਾਂ ਭਾਰਤ ਦੁਸ਼ਮਣ ਦੇ ਮੁਕਾਬਲੇ ਬਹੁਤ ਹੀ ਲਾਭਕਾਰੀ ਸਥਿਤੀ ਵਿਚ ਸੀ ਅਤੇ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਸੀ ਜੇ ਲੜਾਈ ਥੋੜ੍ਹੀ ਦੇਰ ਹੋਰ ਜਾਰੀ ਰਹਿੰਦੀ ਤਾਂ ਭਾਰਤ ਚੰਗੇ ਨਤੀਜੇ ਹਾਸਲ ਕਰ ਸਕਦਾ ਸੀ।

ਇਸ ਲੜਾਈ ਦੇ ਸਿੱਟੇ ਵਜੋਂ ਭਾਰਤ ਦੀਆਂ ਸੁਰੱਖਿਆ ਸੰਬੰਧੀ ਮੁਸ਼ਕਲਾਂ ਹੋਰ ਵੱਧ ਗਈਆਂ। ਇਹ ਵੀ ਵੇਖਿਆ ਗਿਆ ਸੀ ਕਿ ਭਾਰਤ ਦਾ ਸੂਹੀਆ ਵਿਭਾਗ ਇਨ੍ਹਾਂ ਹੋਣ ਵਾਲੀਆਂ ਘਟਨਾਵਾਂ ਬਾਰੇ ਖਬਰਦਾਰ ਕਰਨ ਵਿਚ ਅਸਮਰਥ ਰਿਹਾ ਸੀ। ਪਾਕਿਸਤਾਨ ਦੇ ਇੰਨੇ ਜ਼ਿਆਦਾ ਫੌਜੀ ਦਖਲ ਅਤੇ ਘੁਸਪੈਠੀ ਸਫਲਤਾ ਦਾ ਕਾਰਨ ਭਾਰਤੀ ਸੈਨਾ ਅਤੇ ਅਰਧ ਸੈਨਿਕ ਸੰਸਥਾਵਾਂ ਵਿਚ ਮਿਲਵਰਤਨ ਦੀ ਘਾਟ ਸੀ।

ਪਾਕਿਸਤਾਨ ਦੇ ਕਸ਼ਮੀਰ ਵਿਚ ਇਸ ਮਹੱਤਵਪੂਰਨ ਯੁੱਧ ਕਲਾ ਦੇ ਪੱਖੋਂ ਲਾਭ ਨੂੰ ਘਟਾਉਣ ਲਈ, ਅੰਤਰ-ਰਾਸ਼ਟਰੀ ਸੀਮਾ ਨੂੰ ਕਿਸੇ ਹੋਰ ਥਾਂ ਤੋਂ ਸੈਨਾ ਰਾਹੀਂ ਭੰਗ ਕਰਨਾ ਬਹੁਤ ਹੀ ਜ਼ਰੂਰੀ ਹੋ ਗਿਆ ਤਾਂ ਪਾਕਿਸਤਾਨ ਸੈਨਾ ਦਾ ਧਿਆਨ ਕਸ਼ਮੀਰ ਵਿਚੋਂ ਹਟਾ ਕੇ ਉਥੇ ਲਿਆਂਦਾ ਜਾਵੇ। ਇਹ ਵੀ ਅਨੁਮਾਨ ਲਗਾਇਆ ਗਿਆ ਕਿ ਆਉਣ ਵਾਲੇ ਸਮੇਂ ਵਿਚ ਹੋਣ ਵਾਲੀ ਕੋਈ ਵੀ ਲੜਾਈ ਘੱਟ ਸਮੇਂ ਦੀ ਹੋਵੇਗੀ। ਇਸ ਲਈ ਉਸ ਸਮੇਂ ਲਾਭਦਾਇਕ ਸਿੱਟੇ ਹਾਸਲ ਕਰਨ ਅਤੇ ਦੁਸ਼ਮਣ ਦੀ ਫੌਜੀ ਤਾਕਤ ਭੰਗ ਕਰਨ ਜਾਂ ਨਸਟ ਕਰਨ ਲਈ ਭਾਰਤ ਨੂੰ ਲੜਾਈ ਦੀ ਅਜਿਹੀ ਸ਼ਕਤੀ ਹਾਸਲ ਕਰਨੀ ਚਾਹੀਦੀ ਹੈ, ਜੋ ਥੋੜ੍ਹੇ ਸਮੇਂ ਵਿਚ ਹੀ ਫੈਸਲਾ ਕਰ ਸਕੇ। ਇਸ ਜੰਗ ਤੋਂ ਬਾਅਦ ਇਹ ਵੀ ਸੋਚਿਆ ਗਿਆ ਕਿ ਪਾਕਿਸਤਾਨ ਨੂੰ ਕੁਝ ਸੈਨਿਕ ਅਤੇ ਰਾਜਨੀਤਿਕ ਮਹੱਤਤਾ ਕਾਰਨ, ਹਥਿਆਰਾਂ ਦੀ ਮਦਦ ਦਾ ਸਿਲਸਿਲਾ, ਆਉਣ ਵਾਲੇ ਸਮੇਂ ਵਿਚ ਹੋਰ ਵੀ ਮਜ਼ਬੂਤੀ ਨਾਲ ਚਲਦਾ ਰਹੇਗਾ ਅਤੇ ਇਸ ਦਾ ਮੁਕਾਬਲਾ ਕੇਵਲ ਆਤਮ ਨਿਰਭਰਤਾ ਰਾਹੀਂ ਹੀ ਕੀਤਾ ਜਾ ਸਕਦਾ ਹੈ।

1965 ਤੋਂ 1971 ਦੇ ਸਮੇਂ ਵਿਚ ਦੋਨਾਂ ਦੇਸ਼ਾਂ ਦੇ ਸੰਬੰਧ ਸੁਖਾਵੇਂ ਨਹੀਂ ਰਹੇ। 1971 ਵਿਚ ਫਿਰ ਭਾਰਤ ਪਾਕਿਸਤਾਨ ਜੰਗ ਛਿੜ ਗਈ। ਇਹ ਜੰਗ ਪੂਰਬੀ ਪਾਕਿਸਤਾਨ (ਬੰਗਲਾ ਦੇਸ਼) ਵਿਚ ਲੜੀ ਗਈ। 1965 ਤੋਂ ਬਾਅਦ ਦੋਵੇਂ ਦੇਸ਼ ਲਗਾਤਾਰ ਤਨਾਉ ਦੀ ਸਥਿਤੀ ਵਿਚੋਂ ਗੁਜ਼ਰ ਰਹੇ ਸਨ। 1971 ਵਿਚ ਪੂਰਬੀ ਪਾਕਿਸਤਾਨ ਜੰਗ ਦੇ ਨਤੀਜੇ ਵਜੋਂ ਹੋਂਦ ਵਿਚ ਆ ਗਿਆ। ਇਸ ਜੰਗ ਦੇ ਭਾਵੇਂ ਅਨੇਕਾਂ ਸਮਾਜਿਕ ਅਤੇ ਆਰਥਿਕ ਕਾਰਨ ਵੀ ਸਨ ਪਰ ਇਸ ਵਿਚ ਭਾਰਤ ਨੂੰ ਕਿਉਂ ਦਖਲ-ਅੰਦਾਜ਼ੀ ਕਰਨੀ ਪਈ, ਇਸ ਦੇ ਵੀ ਅਨੇਕਾਂ ਕਾਰਨ ਸਨ। ਪੂਰਬੀ ਪਾਕਿਸਤਾਨ ਵਿਚ ਕੀਤੇ ਗਏ ਕਿੰਨੇ ਹੀ ਅਤਿਆਚਾਰਾਂ ਦਾ ਸਦਕਾ ਮਾਰਚ 1971 ਦੇ ਅਖੀਰਲੇ ਹਫਤੇ ਤੋਂ ਹੀ ਬੰਗਾਲੀ ਸ਼ਰਨਾਰਥੀ ਭਾਰਤ ਦੀਆਂ ਸਰਹੱਦਾਂ ਪਾਰ ਕਰਕੇ ਭਾਰਤ ਵਿਚ ਪ੍ਰਵੇਸ਼ ਕਰਨ ਲਗੇ। ਭਾਰਤੀ ਸੁਰੱਖਿਆ ਸੈਨਾਵਾਂ ਲਈ ਉਂਜ ਤਾਂ ਕਿਸੇ ਵੀ ਅਜਿਹੇ ਗੈਰ-ਕਾਨੂੰਨੀ ਪ੍ਰਵੇਸ਼ ਰੋਕਣ ਲਈ ਸ਼ਕਤੀ ਦਾ ਪ੍ਰਯੋਗ ਕਰਨਾ ਹੀ ਸਭ ਤੋਂ ਉਚਿਤ ਢੰਗ ਸੀ, ਪਰੰਤੂ ਭਾਰਤ ਨੇ ਮਨੁੱਖਤਾਂ ਦੇ ਆਧਾਰ ਤੇ ਉਨ੍ਹਾਂ ਦੇ ਭਾਰਤ ਵਿਚ ਪ੍ਰਵੇਸ਼ ਨੂੰ ਅਜਿਹੇ ਕਠਿਨ ਸਮੇਂ ਰੋਕਣਾ ਉਚਿਤ ਨਾ ਸਮਝਿਆ। ਲੱਖਾਂ ਦੀ ਗਿਣਤੀ ਵਿਚ ਬੰਗਾਲੀ ਸ਼ਰਨਾਰਥੀਆਂ ਦੇ ਭਾਰਤ ਵਿਚ ਆਉਣ ਨਾਲ ਭਾਰਤ ਸਰਕਾਰ ਨੂੰ ਉਨ੍ਹਾਂ ਦੀ ਰਿਹਾਇਸ਼, ਖੁਰਾਕ ਅਤੇ ਸਹੂਲਤ ਦੇ ਪ੍ਰਬੰਧ ਕਰਨੇ ਪਏ, ਜਿਹੜੇ ਕਿ ਬਹੁਤ ਲੰਮੇ ਸਮੇਂ ਲਈ ਕਠਿਨ ਹੀ ਨਹੀਂ ਸਗੋਂ ਅਸੰਭਵ ਵੀ ਸਨ। ਲੰਮੇ ਸਮੇਂ ਲਈ ਕਿਸੇ ਵੀ ਵਿਦੇਸ਼ੀ ਜੰਨ ਸੰਖਿਆ ਦਾ ਕਿਸੇ ਦੇਸ਼ ਵਿਚ ਠਹਿਰਣਾ ਉਸ ਦੇਸ਼ ਦੇ ਰਾਜ ਪ੍ਰਬੰਧ, ਸੁਰੱਖਿਆ, ਸਿਹਤ, ਖੁਰਾਕ ਅਤੇ ਮਾਲੀ ਸਥਿਤੀ ਉਪਰ ਭਾਰ ਪਾਉਣ ਤੋਂ ਇਲਾਵਾ ਕਈ ਕਿਸਮ ਦੀਆਂ ਅਨੇਕਾਂ ਸਮੱਸਿਆਵਾਂ ਉਤਪੰਨ ਕਰਨ

ਵਿਚ ਸਹਾਈ ਸਿੱਧ ਹੁੰਦਾ ਹੈ। ਅਜਿਹੇ ਜਨ ਸਮੂਹ ਵਿਚ ਬਹੁਤ ਸਾਰੇ ਗੈਰ-ਕਾਨੂੰਨੀ ਅਤੇ ਅਨੈਤਿਕ, ਤੱਤ, ਜਾਸੂਸ, ਮੁਜਰਿਮ, ਚੋਰ, ਮਰੀਜ਼ ਆਦਿ ਵੀ ਸ਼ਾਮਲ ਹੁੰਦੇ ਹਨ। ਸਤੰਬਰ 1971 ਵਿਚ ਪੂਰਬੀ ਪਾਕਿਸਤਾਨ ਵਿਚੋਂ ਆਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 10 ਮਿਲੀਅਨ ਸੀ ਵਿਸ਼ਵ ਬੈਂਕ ਦੇ ਅਨੁਮਾਨ ਅਨੁਸਾਰ ਇਨ੍ਹਾਂ ਸਰਨਾਰਥੀਆਂ ਦੀ ਸੰਭਾਲ ਲਈ ਭਾਰਤ ਨੂੰ 1971-72 ਵਿੱਤੀ ਸਾਲ ਦੌਰਾਨ ਘੱਟੋ-ਘੱਟ 700 ਮਿਲੀਅਨ ਡਾਲਰ ਚਾਹੀਦੇ ਸਨ ਜੋ ਕਿ ਭਾਰਤ ਵਰਗੇ ਗਰੀਬ ਦੇਸ਼ ਲਈ ਮੁਸ਼ਕਲ ਕੰਮ ਸੀ।

ਇਨ੍ਹਾਂ ਸ਼ਰਨਾਰਥੀਆਂ ਨੂੰ ਰੋਕਣ ਲਈ ਕਿਸੇ ਕਿਸਮ ਦੀ ਵੱਡੀ ਸੈਨਿਕ ਕਾਰਵਾਈ ਕਰਨ ਲਈ ਕਾਫੀ ਮੁਸ਼ਕਲਾਂ ਪੇਸ਼ ਸਨ ਕਿਉਂਕਿ ਅਜਿਹੀ ਕਾਰਵਾਈ ਦੇ ਰਸਤੇ ਉਸ ਸਮੇਂ ਪਾਕਿਸਤਾਨ ਦੀ ਮਦਦ ਕਰ ਰਹੇ ਅਮਰੀਕਾ ਅਤੇ ਚੀਨ ਵਲੋਂ ਰੋਕ ਪੈਦਾ ਕਰਨੀ ਸੁਭਾਵਿਕ ਗੱਲ ਹੀ ਸੀ। ਪਰ ਭਾਰਤ ਨੇ ਰੂਸ ਦੀ ਸਹਾਇਤਾ ਨਾਲ ਇਸ ਸਮੱਸਿਆ ਨੂੰ ਹੱਲ ਕਰਨ ਵਿਚ ਸਫਲਤਾ ਹਾਸਲ ਕੀਤੀ। ਇਸ ਸਮੇਂ ਦੀਆਂ ਸੈਨਾਵਾਂ ਨੂੰ ਅੰਦਰੂਨੀ ਸੁਰੱਖਿਆ, ਅਮਨ, ਕਾਨੂੰਨ ਅਤੇ ਚੀਨ ਨਾਲ ਲੱਗਦੀ ਸਰਹੱਦ ਨੂੰ ਸੁਰੱਖਿਆ ਪ੍ਰਦਾਨ ਕਰਨ, ਕਸ਼ਮੀਰ ਵਿਚ ਅਤੇ ਪਾਕਿਸਤਾਨ ਨਾਲ ਲੱਗਦੀ ਪੱਛਮੀ ਸਰਹੱਦ ਤੇ ਵੀ ਸੈਨਾਵਾਂ ਤੈਨਾਤ ਕਰਨਾ ਜ਼ਰੂਰੀ ਸੀ। ਕਸ਼ਮੀਰ ਦੀ ਮਹੱਤਤਾ ਅਤੇ ਇਸ ਪ੍ਰਤੀ ਪਾਕਿਸਤਾਨ ਦੇ ਇਰਾਦੇ ਨੂੰ ਮੁੱਖ ਰਖਦੇ ਹੋਏ ਪਠਾਨਕੋਟ ਤੋਂ ਜੰਮੂ, ਸ੍ਰੀਨਗਰ, ਪੁੰਛ, ਰਾਜੋਰੀ ਆਦਿ ਖੇਤਰਾਂ ਵਿਚ ਪਾਕਿਸਤਾਨੀ ਕਾਰਵਾਈ ਨੂੰ ਨਜ਼ਰੋਂ ਉਹਲੇ ਨਹੀਂ ਕੀਤਾ ਜਾ ਸਕਦਾ। ਭਾਰਤ ਪਾਕਿ ਦੇ 1948 ਦੇ ਸਮਝੋਤੇ ਅਨੁਸਾਰ ਭਾਰਤ ਇਸ ਖੇਤਰ ਵਿਚ ਸੀਮਤ ਸੈਨਾਵਾਂ ਹੀ ਤੈਨਾਤ ਕਰ ਸਕਦਾ ਸੀ। ਇਸ ਖੇਤਰ ਵਿਚ ਆਵਾਜਾਈ ਦੇ ਸਾਧਨਾਂ ਦੀ ਘਾਟ ਸੀ ਅਤੇ ਲੋੜ ਪੈਣ ਤੇ ਸੈਨਾ ਨੂੰ ਵਧਾਉਣਾ ਮੁਸ਼ਕਲ ਕੰਮ ਸੀ। ਪੂਰਬੀ ਪਾਕਿਸਤਾਨ ਵਾਲੇ ਖੇਤਰ ਵਿਚ ਖਾਸ ਤੌਰ ਤੇ ਅਪ੍ਰੈਲ ਮਈ ਦੇ ਮਹੀਨੇ ਕਿਸੇ ਸੈਨਿਕ ਕਾਰਵਾਈ ਵਿਚ ਮੌਨਸੂਨ ਦੀ ਭਾਰਤੀ ਵਰਖਾ ਇਕ ਬਹੁਤ ਵੱਡੀ ਰੁਕਾਵਟ ਸੀ। ਕਿਉਂਕਿ ਇਸ ਨਾਲ ਇਸ ਖੇਤਰ ਵਿਚ ਨਮੀ ਦੀ ਇਤਨੀ ਜ਼ਿਆਦਾ ਮਾਤਰਾ ਵੱਧ ਜਾਂਦੀ ਹੈ ਕਿ ਧਰਤੀ ਉਪਰ ਕਿਸੇ ਵੀ ਭਾਰੀ ਸੈਨਿਕ ਗੱਡੀ ਜਾਂ ਟੈਂਕ ਦੀ ਆਵਾਜਾਈ ਲਗਭਗ ਅਸੰਭਵ ਹੋ ਜਾਂਦੀ ਹੈ। ਇਸ ਤੋਂ ਇਲਾਵਾ ਗਰਮੀ ਵਿਚ ਹਿਮਾਲਿਆ ਪਰਬਤ ਤੇ ਬਰਫ ਘੱਟ ਜਾਂਦੀ ਹੈ ਅਤੇ ਚੀਨ ਆਪਣੀ ਸੈਨਾ ਨੂੰ ਲੋੜ ਅਨੁਸਾਰ ਇਕੱਠਾ ਕਰ ਸਕਦਾ ਹੈ। ਚੀਨ ਬੰਗਲਾ ਦੇਸ਼ ਉਪਰ ਭਾਰਤੀ ਕਾਰਵਾਈ ਨੂੰ ਆਸਾਨੀ ਨਾਲ ਰੋਕ ਸਕਦਾ ਸੀ। ਇਨ੍ਹਾਂ ਹਾਲਤਾਂ ਨੂੰ ਦੇਖਦੇ ਹੋਏ ਭਾਰਤ ਨੇ ਹੇਠ ਲਿਖੇ ਫੈਸਲੇ ਲਏ :

(1) ਹਮਲੇ ਨੂੰ ਉਦੋਂ ਤਕ ਅਗੇ ਪਾਇਆ ਜਾਵੇ ਜਿਸ ਵੇਲੇ ਚੀਨ ਦੀ ਸੈਨਿਕ ਕਾਰਵਾਈ ਕਰਨ ਦੀ ਯੋਗਤਾ ਘੱਟ ਹੁੰਦੀ ਹੈ। ਨਵਬੰਰ ਦਸੰਬਰ ਇਸ ਲਈ ਠੀਕ ਮੌਸਮ ਸੀ ਅਤੇ ਇਸ ਸਮੇਂ ਬੰਗਲਾ ਦੇਸ਼ ਦਾ ਮੌਸਮ ਵੀ ਠੀਕ ਹੁੰਦਾ ਹੈ।

(2) ਮੁਕਤੀ ਫੌਜ ਨੂੰ ਲੋੜੀਂਦੇ ਹਥਿਆਰ ਅਤੇ ਟ੍ਰੇਨਿੰਗ ਦਿੱਤੀ ਜਾਵੇ।

(3) ਅੰਤਰ-ਰਾਸ਼ਟਰੀ ਪੱਧਰ ਤੇ ਕੂਟਨੀਤੀ ਵਰਤ ਕੇ ਲੋਕ ਮੱਤ ਆਪਣੇ ਹੱਕ ਵਿਚ ਕੀਤਾ ਜਾਵੇ।

ਭਾਰਤੀ ਨੇਤਾਵਾਂ ਦਾ ਇਹ ਵਿਚਾਰ ਸੀ ਕਿ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ। ਪਰ 10 ਮਿਲੀਅਨ ਸ਼ਰਨਾਰਥੀਆਂ ਦਾ ਭਾਰਤ ਵਿਚ ਅਣਮਿਥੇ ਸਮੇਂ ਲਈ ਆ ਜਾਣਾ ਭਾਰਤ ਲਈ ਇਕ ਬਹੁਤ ਵੱਡੀ ਸਮੱਸਿਆ ਸੀ। ਇਸ ਸਮੱਸਿਆ ਨੂੰ ਹੱਲ ਕਰਨ ਲਈ ਇਹ ਜ਼ਰੂਰੀ ਸੀ ਕਿ ਪੂਰਬੀ ਬੰਗਾਲ ਦੀ ਸਮੱਸਿਆ ਦਾ ਕੋਈ ਰਾਜਨੀਤਿਕ ਹੱਲ ਲਭਿਆ ਜਾ ਸਕੇ, ਜਿਹੜਾ ਕਿ ਉਥੋਂ ਦੇ ਲੋਕਾਂ ਦੀਆਂ ਇੱਛਾਵਾਂ ਮੁਤਾਬਕ ਹੋਵੇ। ਕਿਉਂਕਿ ਲੋਕਾਂ ਦੀਆਂ ਇੱਛਾਵਾਂ ਦੇ ਉਲਟ ਕੀਤਾ ਗਿਆ ਪ੍ਰਬੰਧ ਵਧੇਰੇ ਸਮੇਂ ਲਈ ਨਹੀਂ ਰਹਿ ਸਕਦਾ ਸੀ। ਭਾਰਤ ਇਸ ਸਮੇਂ ਅਜਿਹਾ ਹੱਲ ਚਾਹੁੰਦਾ ਸੀ ਕਿ ਜਿਸ ਨਾਲ ਸ਼ਰਨਾਰਥੀ ਵਾਪਿਸ ਜਾ ਕੇ ਆਪਣਾ ਜੀਵਨ ਸੁਖ-ਸ਼ਾਂਤੀ ਨਾਲ ਬਤੀਤ ਕਰ ਸਕਣ ਅਤੇ ਭਾਰਤ ਨਹੀਂ ਸੀ ਚਾਹੁੰਦਾ ਕਿ ਉਸ ਨੂੰ ਪਾਕਿਸਤਾਨ ਨਾਲ ਯੁੱਧ ਕਰਨਾ ਪਵੇ। ਪਰ ਜੁਲਾਈ 1971 ਤਕ ਭਾਰਤ ਵਲੋਂ ਵਿਸ਼ਵ ਲੋਕ ਮੱਤ ਦੁਆਰਾ ਪਾਕਿਸਤਾਨ ਉਪਰ ਦਬਾਓ ਪਾਉਣ ਦੇ ਸਾਰੇ ਯਤਨ ਅਸਫਲ ਹੋ ਰਹੇ ਦਿਖਾਈ ਦਿੰਦੇ ਸਨ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਵਿਦੇਸ਼ ਮੰਤਰੀ ਸਵਰਨ ਸਿੰਘ ਨੂੰ ਵਿਦੇਸ਼ਾਂ ਵਿਚ ਜਾ ਕੇ ਸਮੱਸਿਆ ਨੂੰ ਹੱਲ ਕਰਨ ਵਿਚ ਕੋਈ ਵੀ ਸਫਲਤਾ ਨਾ ਮਿਲ ਸਕੀ। ਅਮਰੀਕਾ ਦੇ ਪ੍ਰਧਾਨ ਮੰਤਰੀ ਨਿਕਸਨ ਦੀ ਚੀਨ ਪ੍ਰਤੀ 'ਪਿੰਗ ਪੌਂਗ' ਅੰਤਰ ਰਾਸ਼ਟਰੀ ਕੂਟ-ਨੀਤੀ ਅਤੇ ਕਿਸਿੰਜਰ ਦੁਆਰਾ ਪਾਕਿਸਤਾਨ ਅਤੇ ਚੀਨ ਦਾ ਦੌਰਾ ਭਾਰਤ ਦੀਆਂ ਸ਼ਾਤੀ ਲਈ ਕੋਸ਼ਿਸ਼ਾਂ ਦੇ ਉਲਟ ਸਿੱਧ ਹੋਇਆ ਜਿਸ ਦੇ ਨਤੀਜੇ ਵਜੋਂ ਭਾਰਤ ਰੂਸ ਵਿਚਕਾਰ ਮਿੱਤਰਤਾ ਅਤੇ ਮਿਲਵਰਤਨ ਲਈ 9 ਅਗਸਤ 1971 ਨੂੰ ਇੱਕ ਸੰਧੀ ਹੋਂਦ ਵਿਚ ਆਈ। ਇਹ ਸੰਧੀ ਕਰਨ ਸਮੇਂ ਕੀਤੀ ਗਈ ਸ਼ਾਂਤੀ ਅਤੇ ਸੁਰੱਖਿਆ ਦੀ ਸਥਿਤੀ ਕਾਇਮ ਕਰਨ ਦੇ ਆਸ਼ੇ ਦੇ ਉਲਟ ਪੂਰਬੀ

ਬੰਗਾਲ ਵਿਚ ਸਥਿਤੀ ਵਿਗੜਦੀ ਹੀ ਗਈ ਅਤੇ ਪਾਕਿਸਤਾਨ ਦੀ ਸੈਨਿਕ ਤਾਨਾਸ਼ਾਹੀ ਸਰਕਾਰ ਦੇ ਬੰਗਾਲੀ ਲੋਕਾਂ ਵਿਰੁੱਧ ਜ਼ੁਲਮ ਅਤੇ ਤਸ਼ੱਦਦ ਵੱਧਦੇ ਗਏ। ਇਨ੍ਹਾਂ ਹਾਲਤਾਂ ਨਾਲ ਯੁੱਧ ਦੀਆਂ ਸੰਭਾਵਨਾਵਾਂ ਵੱਧਣੀਆਂ ਸ਼ੁਰੂ ਹੋ ਗਈਆਂ।

ਨਵੰਬਰ ਵਿਚ ਪਾਕਿਸਤਾਨ ਵਲੋਂ ਭਾਰਤੀ ਸੀਮਾ ਉਲੰਘਣਾਵਾਂ ਦੀਆਂ ਕਾਰਵਾਈਆਂ ਕੀਤੀਆਂ ਗਈਆਂ। 23 ਨਵਬੰਰ ਨੂੰ ਜਨਰਲ ਯਹੀਆ ਖਾਂ ਨੇ ਪਾਕਿਸਤਾਨ ਵਿਚ ਆਪਾਤ ਕਾਲ ਸਥਿਤੀ (Emergency) ਦਾ ਐਲਾਨ ਕਰ ਦਿੱਤਾ। 20 ਨਵੰਬਰ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰ ਗਾਂਧੀ ਨੇ ਪਾਕਿਸਤਾਨੀ ਸੈਨਿਕ ਸਰਕਾਰ ਨੂੰ ਪੂਰਬ ਬੰਗਾਲ ਵਿਚੋਂ ਆਪਣੇ ਸੈਨਿਕ ਵਾਪਿਸ ਬੁਲਾ ਲੈਣ ਦੀ ਅਪੀਲ ਕੀਤੀ ਤਾਂ ਜੋ ਉਥੇ ਆਮ ਵਰਗੇ ਹਾਲਾਤ ਪੈਦਾ ਕੀਤੇ ਜਾ ਸਕਣ ਅਤੇ ਭਾਰਤ ਵਿਚ ਆਏ ਲੱਖਾਂ ਸ਼ਰਨਾਰਥੀ ਵਾਪਸ ਜਾ ਸਕਣ। ਇਸ ਅਪੀਲ ਦੇ ਬਾਵਜੂਦ ਪਾਕਿਸਤਾਨ ਨੇ ਭਾਰਤ ਦੇ ਇਲਾਕੇ ਵਿਚ ਤ੍ਰੀਪੁਰਾ ਦੀ ਰਾਜਧਾਨੀ ਅਗਰਤਲਾ ਦੇ ਹਵਾਈ ਅੱਡੇ ਤੇ ਅਤੇ ਥਲ ਸੈਨਾ ਰਾਹੀਂ ਸੀਮਾ ਦੇ ਇਲਾਕੇ ਉਪਰ ਦਸੰਬਰ ਨੂੰ ਹਮਲਾ ਕਰ ਦਿੱਤਾ। 3 ਦਸੰਬਰ ਨੂੰ ਪਾਕਿਸਤਾਨ ਨੇ ਭਾਰਤ ਦੇ ਅੱਠ ਪ੍ਰਮੁੱਖ ਹਵਾਈ ਅੱਡਿਆਂ ਤੇ ਪ੍ਰੀ-ਇਮਪਟਿਵ (pre-emptive) ਹਮਲਾ ਕਰ ਦਿੱਤਾ। ਇਸ ਹਵਾਈ ਕਾਰਵਾਈ ਦੇ ਨਾਲ ਹੀ ਪਾਕਿਸਤਾਨੀ ਥਲ ਸੈਨਾ ਵੱਖ ਵੱਖ ਥਾਵਾਂ ਤੇ ਭਾਰਤੀ ਸੀਮਾ ਨੂੰ ਪਾਰ ਕਰ ਗਈ। ਇਸ ਘਟਨਾ ਦੇ ਨਾਲ ਹੀ ਭਾਰਤ ਨੇ ਆਪਣੀਆਂ ਸੈਨਾਵਾਂ ਨੂੰ ਜੁਆਬੀ ਹਮਲਾਵਰੀ ਕਾਰਵਾਈ ਕਰਨ ਲਈ ਆਦੇਸ਼ ਦੇ ਦਿੱਤਾ।

ਇਸ ਲੜਾਈ ਵਿਚ ਪਾਕਿਸਤਾਨ ਪੂਰਬੀ ਪਾਕਿਸਤਾਨ ਵਿਚ ਦਬਾਉ ਦੀ ਯੁੱਧ ਨੀਤੀ ਅਪਨਾਉਣੀ ਚਾਹੁੰਦਾ ਸੀ ਅਤੇ ਪੱਛਮੀ ਪਾਕਿਸਤਾਨ ਵਲੋਂ ਹਮਲਾਵਰ ਕਾਰਵਾਈ ਕਰਨਾ ਚਾਹੁੰਦਾ ਸੀ। ਪਾਕਿਸਤਾਨੀ ਨੇਤਾ ਇਸ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਸਨ ਕਿ ਜੇ ਭਾਰਤ ਪੂਰਬੀ ਪਾਕਿਸਤਾਨ ਉਪਰ ਹਮਲਾ ਕਰਨਾ ਚਾਹੁੰਦਾ ਹੈ ਤਾਂ ਪਾਕਿਸਤਾਨ ਹਮਲੇ ਨੂੰ ਰੋਕਣ ਦੇ ਸਮਰਥ ਨਹੀਂ ਹੈ। ਪੱਛਮੀ ਸਰਹੱਦ ਤੇ ਪਾਕਿਸਤਾਨ ਹਮਲਾਵਰ ਕਾਰਵਾਈ ਤਾਂ ਕਰਨੀ ਚਾਹੁੰਦਾ ਸੀ ਕਿ ਉਹ ਭਾਰਤ ਦੇ ਕੁਝ ਇਲਾਕੇ ਤੇ ਕਬਜ਼ਾ ਕਰ ਲਵੇ । ਇਸ ਵਿਚ ਕਸ਼ਮੀਰ ਘਾਟੀ ਅਤੇ ਪੰਜਾਬ ਸ਼ਾਮਲ ਸਨ ਤਾਂ ਜੋ ਭਾਰਤ ਦੇ ਪੂਰਬੀ ਪਾਕਿਸਤਾਨ ਉਪਰ ਭਾਰਤ ਦੀ ਕਿਸੇ ਪ੍ਰਾਪਤੀ ਤੋਂ ਬਾਅਦ ਭਾਰਤ ਉਪਰ ਅੰਤਰ-ਰਾਸ਼ਟਰੀ ਪੱਧਰ ਤੇ ਦਬਾਅ ਪਾ ਕੇ ਕਿਸੇ ਕਿਸਮ ਦੀ ਸੌਦੇਬਾਜ਼ੀ ਕਰ ਲਈ ਜਾਵੇ। ਭਾਰਤ ਨੇ ਪੂਰਬੀ ਪਾਕਿਸਤਾਨ ਵਿਚ ਹਮਲਾਵਰ ਨੀਤੀ ਅਪਣਾਈ ਅਤੇ ਪੱਛਮੀ ਸਰਹੱਦ ਤੇ ਭਾਰਤ ਦੀ ਯੁੱਧ ਨੀਤੀ ਸੀਮਿਤ ਯੁੱਧ ਤੇ ਆਧਾਰਿਤ ਸੀ। ਭਾਰਤ ਸਮਝੌਤੇ ਦੀ ਹਾਲਤ ਨੂੰ ਨਜਿੱਠਣ ਦੇ ਲਈ ਪੱਛਮੀ ਪਾਕਿਸਤਾਨ ਦੇ ਕੁਝ ਇਲਾਕੇ ਤੇ ਆਰਜ਼ੀ ਤੌਰ ਤੇ ਕਬਜ਼ਾ ਕਰਨ ਦੇ ਹੱਕ ਵਿਚ ਸੀ।

ਭਾਰਤ ਵਲੋਂ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪੂਰਬੀ ਕਮਾਂਡ ਨੂੰ ਚਾਰ ਪ੍ਰਮੁੱਖ ਭਾਗਾਂ ਵਿਚ ਵੱਖ ਵੱਖ ਖੇਤਰਾਂ ਦੀ ਜ਼ੁੰਮੇ ਵਾਰੀ ਸੌਂਪੀ ਗਈ। ਭਾਰਤ ਦੀ ਸੈਨਾ ਨੂੰ ਇੰਜੀਨੀਅਰਿੰਗ ਕੋਰ ਦੀ ਮਦਦ ਵੀ ਹਾਸਲ ਸੀ। ਇਸ ਨੂੰ ਲੋੜ ਪੈਣ ਤੇ ਪੁਲ ਆਦਿ ਬਣਾਉਣ ਲਈ ਵਰਤਿਆ ਗਿਆ। ਭਾਰਤੀ ਸੈਨਾ ਦਾ ਮੁੱਖ ਮਕਸਦ ਚਾਰ ਦਿਸ਼ਾਵਾਂ ਤੇ ਹਮਲਾ ਕਰਦੇ ਸਮੇਂ ਪਾਕਿਸਤਾਨ ਦੀਆਂ ਸੈਨਾਵਾਂ ਦੀਆਂ ਸਪਲਾਈ ਲਾਈਨਾਂ ਕੱਟਦੇ ਹੋਏ ਢਾਕਾ ਪਹੁੰਚਣਾ ਸੀ। ਪੱਛਮੀ ਖੇਤਰ ਵਿਚ ਵੀ ਭਾਰਤੀ ਸੈਨਾਵਾਂ ਲੋੜ ਅਨੁਸਾਰ ਸੁਰੱਖਿਆ ਪ੍ਰਦਾਨ ਕਰਨ ਵਿਚ ਸਫਲ ਹੋਈਆਂ। ਪੂਰਬੀ ਖੇਤਰ ਵਿਚ ਕੀਤੀ ਗਈ ਕਾਰਵਾਈ ਕਾਫੀ ਕਾਮਯਾਬ ਹੋਈ। ਇਹ ਲੜਾਈ ਬਹੁਤ ਜਲਦੀ ਖਤਮ ਹੋ ਗਈ। 16 ਦਸੰਬਰ ਨੂੰ ਭਾਰਤੀ ਸੈਨਾਵਾਂ ਢਾਕੇ ਪਹੁੰਚ ਚੁੱਕੀਆਂ ਸਨ ਅਤੇ 17 ਦਸੰਬਰ ਨੂੰ ਸ਼ਾਮ ਦੇ 4.31 ਵਜੇ ਬੰਗਲਾ ਦੇਸ਼ ਵਿਚ ਤੈਨਾਤ ਪਾਕਿਸਤਾਨੀ ਸੈਨਾ ਦੇ ਕਮਾਂਡਰ ਲੈਫਟੀਨੈਂਟ ਜਨਰਲ ਏ. ਏ. ਕੇ. ਨਿਆਜੀ ਨੇ ਹਥਿਆਰ ਸੁੱਟ ਕੇ ਆਤਮ ਸਮਰਪਣ ਲਈ ਦਸਤਾਵੇਜ ਉਪਰ ਦਸਤਖਤ ਕਰ ਦਿੱਤੇ। ਇਸ ਨਾਲ ਪੂਰਬੀ ਪਾਕਿਸਤਾਨ ਬੰਗਲਾ ਦੇਸ਼ ਨਾਂ ਹੇਠ ਇਕ ਨਵੇਂ ਦੇਸ਼ ਦੇ ਤੌਰ ਤੇ ਸੰਸਾਰ ਦੇ ਨਕਸ਼ੇ ਤੇ ਉਭਰਿਆ।

ਇਸ ਲੜਾਈ ਨੇ ਯੁੱਧ-ਕਲਾ ਵੱਖੋਂ 'ਉਪ ਮਹਾਂਦੀਪ' ਦਾ ਨਕਸ਼ਾ ਹੀ ਬਦਲ ਦਿੱਤਾ। ਹੁਣ ਅਜਿਹੀ ਕੋਈ ਵੀ ਔਕੜ ਨਹੀਂ ਸੀ ਜੋ ਭਾਰਤ ਨੂੰ ਇਸ ਇਲਾਕੇ ਵਿਚ ਸਹੀ ਸਥਾਨ ਪ੍ਰਾਪਤ ਕਰਨ ਵਿਚ ਰੋੜਾ ਅਟਕਾ ਸਕੇ। ਬੇਸ਼ੱਕ ਭਾਰਤੀ ਸੈਨਿਕ ਸ਼ਕਤੀ ਨਿਰਵਿਰੋਧਕ ਤੌਰ ਤੇ ਉਪ ਮਹਾਂਦੀਪ ਵਿਚ ਜੰਮ ਗਈ ਸੀ ਅਤੇ ਸਾਡੇ ਨੇਤਾਵਾਂ ਦੀ ਅੰਤਰ-ਰਾਜਨੀਤਿਕ ਨਿਪੁੰਨਤਾ ਅਤੇ ਰਾਜਨੀਤਿਕ ਸਿਆਣਪ ਅਤੇ ਇੱਜ਼ਤ ਵਿਦੇਸ਼ਾਂ ਵਿਚ ਵਧ ਗਈ ਸੀ।

ਬੰਗਲਾ ਦੇਸ਼ ਦੇ ਹੋਂਦ ਵਿਚ ਆਉਣ ਨਾਲ ਭਾਰਤ ਦੀ ਸੁਰੱਖਿਆ ਦਾ ਭਾਰ ਹਲਕਾ ਜ਼ਰੂਰ ਹੋਇਆ ਸੀ ਪਰ ਇਸ ਨਾਲ ਇਸ ਦੀਆਂ ਪਾਕਿਸਤਾਨ ਸੰਬੰਧਿਤ ਸੁਰੱਖਿਆ ਸਮੱਸਿਆਵਾਂ ਖਤਮ ਨਹੀਂ ਹੋਈਆਂ। 1971 ਤੋਂ ਬਾਅਦ ਦੀਆਂ ਭਾਰਤ ਦੀਆਂ ਪਾਕਿਸਤਾਨ

ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹਠ ਲਿਖ ਸਿਰਲੇਖਾਂ ਅਧੀਨ ਦਰਸਾਇਆ ਜਾ ਸਕਦਾ ਹੈ।

## 1.4 ਜੰਮੂ ਅਤੇ ਕਸ਼ਮੀਰ ਦੀ ਸਮੱਸਿਆ (Problem of Jammu and Kashmir)

ਕਸ਼ਮੀਰ ਸਮੱਸਿਆ ਭਾਰਤ-ਪਾਕਿ ਸੰਬੰਧਾਂ ਵਿਚ ਅੜਿੱਕਾ ਲਾਉਣ ਵਾਲੀ ਸਭ ਤੋਂ ਪਹਿਲੀ ਅਤੇ ਵੱਡੀ ਸਮੱਸਿਆ ਹੈ। ਇਸ ਸਮੱਸਿਆ ਕਾਰਨ 1947 ਵਿਚ ਜਦੋਂ ਪਾਕਿਸਤਾਨ ਹੋਂਦ ਵਿਚ ਆਇਆ ਉਦੋਂ ਹੀ ਪਾਕਿਸਤਾਨ ਦਾ ਭਾਰਤ ਨਾਲ ਇਸ ਮਸਲੇ ਉਪਰ ਟਕਰਾਅ ਹੋ ਗਿਆ ਸੀ। 1947 ਦੇ ਕਬਾਇਲੀ ਹਮਲੇ ਵਿਚ ਪਾਕਿਸਤਾਨ ਨੇ ਇਸ ਸਟੇਟ ਦਾ 4,499 ਵਰਗਮੀਲ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਪਾਕਿਸਤਾਨ ਇਸ ਨੂੰ ਆਜ਼ਾਦ ਕਸ਼ਮੀਰ ਦਾ ਨਾਂ ਦਿੰਦਾ ਹੈ ਅਤੇ ਭਾਰਤ ਇਸ ਨੂੰ ਮਕਬੂਜਾ ਕਸ਼ਮੀਰ (Pakistan occupied Kashmir) ਦਾ ਨਾਂ ਦਿੰਦਾ ਹੈ। 1947 ਦੀ ਯ. ਐਨ. ਓ. ਵਲੋਂ ਕਰਵਾਈ ਗਈ ਜੰਗ-ਬੰਦੀ ਤੋਂ ਬਾਅਦ ਇਹ ਮੁਸ਼ਕਲ ਉਥੇ ਦੀ ਉਥੇ ਖੜੀ ਹੈ। 1947 ਦੀ ਜੰਗ ਵੇਲੇ ਵੀ ਇਹ ਦੋਨਾਂ ਦੇਸ਼ਾਂ ਵਿਚ ਲੜਾਈ ਦਾ ਕਾਰਨ ਸੀ। 1965 ਦੇ ਹਮਲੇ ਵਿਚ ਪਾਕਿਸਤਾਨ ਦਾ ਨਿਸ਼ਾਨਾ ਕਸ਼ਮੀਰ ਭਾਰਤ ਨਾਲੋ ਕੱਟ ਦੇਣਾ ਸੀ। 1971 ਦੀ ਜੰਗ ਤੋਂ ਬਾਅਦ ਜੁਲਫਕਾਰ ਅਲੀ ਭੁੱਟੋ ਅਤੇ ਇੰਦਰਾ ਗਾਂਧੀ ਵਿਚ 2 ਜੁਲਾਈ 1972 ਨੂੰ ਸਮਝੌਤਾ ਹੋਇਆ ਅਤੇ ਕਸ਼ਮੀਰ ਵਿਚ ਲੜਾਈ ਬੰਦ ਹੋਣ ਵੇਲੇ ਜਿਸ ਲਾਈਨ ਤੇ ਲੜਾਈ ਬੰਦ ਹੋਈ ਸੀ, ਨੂੰ ਸਰਹੱਦ ਮੰਨ ਲਿਆ ਗਿਆ। ਸ਼ਿਮਲਾ ਸਮਝੌਤੇ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਭਵਿੱਖ ਵਿਚ ਦੋਨਾਂ ਦੇਸ਼ਾਂ ਵਿਚ ਜੇ ਕੋਈ ਟਕਰਾਅ ਦਾ ਕਾਰਨ ਬਣਦਾ ਵੀ ਹੈ ਤਾਂ ਇਸ ਦਾ ਦੋ ਪੱਖੀ (Bilateral) ਗੱਲਬਾਤ ਦੇ ਆਧਾਰ ਤੇ ਹੱਲ ਕਰ ਲਿਆ ਜਾਵੇਗਾ। ਭਾਰਤ ਦੁਆਰਾ ਇਹ ਉਮੀਦ ਕੀਤੀ ਗਈ ਸੀ ਕਿ ਇਹ ਮਸਲਾ ਪਾਕਿਸਤਾਨ ਵਲੋਂ ਸਮਝੌਤੇ ਦੀਆਂ ਸ਼ਰਤਾਂ ਮੁਤਾਬਕ ਅੰਤਰ-ਰਾਸ਼ਟਰੀ ਪੱਧਰ ਤੇ ਨਹੀਂ ਉਠਾਇਆ ਜਾਵੇਗਾ ਪਰ ਪਾਕਿਸਤਾਨ ਨੇ ਸਮਝੌਤੇ ਦੀ ਇਸ ਹੱਦ ਤੇ ਅਮਲ ਨਹੀਂ ਕੀਤਾ। ਮਈ 29, 1976 ਨੂੰ ਭੁੱਟੋਂ ਨੇ ਆਪਣੀ ਚੀਨ ਯਾਤਰਾ ਸਮੇਂ ਇਹ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਨੂੰ ਆਪਣੇ ਸੰਬੰਧ ਸੁਖਾਵੇਂ ਬਣਾਉਣ ਲਈ ਪਹਿਲ ਦੇ ਆਧਾਰ ਤੇ ਕਸ਼ਮੀਰ ਮਸਲਾ ਹੱਲ ਕਰਨਾ ਚਾਹੀਦਾ ਹੈ।

ਜਨਰਲ ਜ਼ਿਆ ਦੇ ਸ਼ਕਤੀ ਵਿਚ ਆ ਜਾਣ ਨਾਲ ਹਾਲਾਤ ਹੋਰ ਵੀ ਬਦਲ ਗਏ। ਇਸ ਸਮੇਂ ਪਾਕਿਸਤਾਨ ਯੂ. ਐਨ. ਓ. ਵਿਚ ਇਸ ਮਸਲੇ ਦੇ ਹੱਲ ਦੀ ਗੱਲ ਉਠਾਉਂਦਾ ਰਿਹਾ ਅਤੇ ਇਸ ਦੇ ਨਾਲ ਨਾਲ ਜ਼ਿਆ ਨੇ ਅਮਰੀਕਾ ਪਾਸੋਂ ਭਾਰੀ ਮਾਤਰਾ ਵਿਚ ਹਥਿਆਰਾਂ ਦੀ ਮਦਦ ਲੈਣੀ ਸ਼ੁਰੂ ਕਰ ਦਿੱਤੀ। 1978 ਵਿਚ ਭਾਰਤ ਦੇ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਦੀ ਯਾਤਰਾ ਤੇ ਗਏ ਪਰ ਇਸ ਸਮੇਂ ਵੀ ਇਹ ਮੁਸ਼ਕਲ ਕਿਸੇ ਕੰਢੇ ਨਾ ਲੱਗ ਸਕੀ। ਜਨਰਲ ਜ਼ਿਆ ਨੇ ਚੀਨ ਦੇ ਵਾਇਸ ਪ੍ਰੀਮੀਅਰ ਦੀ ਪਾਕਿਸਤਾਨ ਯਾਤਰਾ ਸਮੇਂ ਵੀ ਇਹ ਗੱਲ ਕਹੀ ਕਿ ਕਸ਼ਮੀਰ ਦੇ ਲੋਕਾਂ ਨੂੰ ਆਤਮ ਨਿਰਣੇ ਦਾ ਅਧਿਕਾਰ ਦੇਣਾ ਚਾਹੀਦਾ ਹੈ। 1980 ਵਿਚ ਇਸਲਾਮਿਕ ਕਾਨਫਰੰਸ ਸਮੇਂ ਇਸਲਾਮਿਕ ਦੇਸ਼ਾਂ ਦੇ ਪੰਜ ਮਸਲਿਆਂ ਵਿਚੋਂ ਕਸ਼ਮੀਰ ਨੂੰ ਇਕ ਮਸਲਾ ਦੱਸਿਆ। ਪਾਕਿਸਤਾਨ ਵਲੋਂ ਇਸਲਾਮਿਕ ਕਾਨਫਰੰਸ ਦੌਰਾਨ ਉਠਾਏ ਗਏ ਕਸ਼ਮੀਰ ਮਸਲੇ ਦੀ ਭਾਰਤ ਨੇ ਆਲੋਚਨਾ ਕੀਤੀ। 1980 ਵਿਚ ਚੀਨ ਦੀ ਯਾਤਰਾ ਸਮੇਂ ਜ਼ਿਆ ਨੇ ਫੇਰ ਕਿਹਾ ਕਿ ਕਸ਼ਮੀਰ ਮਸਲਾ ਯੂ. ਐਨ. ਓ. ਦੁਆਰਾ ਹੱਲ ਕਰਨਾ ਚਾਹੀਦਾ ਹੈ।

1981 ਵਿਚ ਪਾਕਿਸਤਾਨ ਨੇ ਕਸ਼ਮੀਰ ਦੀ ਹੱਦ ਦੇ ਨੇੜੇ ਭਾਰੀ ਸੈਨਾਵਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਸਮੇਂ ਦੋਨਾਂ ਦੇ ਸ਼ਾਂ ਦੇ ਸੰਬੰਧ ਪੂਰੇ ਟਕਰਾਅ ਵਾਲੇ ਹੋ ਗਏ ਅਤੇ ਕੁਝ ਗੋਲਾਬਾਰੀ ਦੀਆਂ ਘਟਨਾਵਾਂ ਵੀ ਹੋਈਆਂ। 1982 ਵਿਚ ਜ਼ਿਆ ਨੇ ਬਿਆਨ ਦਿੱਤਾ ਕਿ ਗਿਲਗਿਟ, ਹੂੰਜਾ ਅਤੇ ਸਕਾਰਡੂ ਮਕਬੂਜਾ ਕਸ਼ਮੀਰ ਦਾ ਭਾਗ ਨਹੀਂ ਬਲਕਿ ਪਾਕਿਸਤਾਨ ਦੇ ਭਾਗ ਹਨ। ਇਸ ਨਾਲ ਦੋਵਾਂ ਦੇਸ਼ਾਂ ਦੇ ਸੰਬੰਧ ਖਰਾਬ ਹੋਏ। ਇਸ ਤੋਂ ਬਾਅਦ ਸ਼ਿਮਲਾ ਸਮਝੌਤੇ ਦੀ ਆਪਣੇ ਵੱਖੋ ਵੱਖਰੇ ਢੰਗ ਨਾਲ ਵਿਆਖਿਆ ਕਰਦੇ ਰਹੇ। 1982 ਵਿਚ ਹੀ ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਅੰਤਰ ਰਾਸ਼ਟਰੀ ਪੱਧ ਤੇ ਇਸ ਮਸਲੇ ਨੂੰ ਉਠਾਉਣਾ ਚਾਹੇਗਾ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਇਸ ਨੂੰ ਸ਼ਿਮਲਾ ਸਮਝੌਤੇ ਦੀ ਉਲੰਘਣਾ ਦੱਸਿਆ। 1983 ਦੀ ਨਿਰਲੇਪ ਦੇਸ਼ਾਂ ਦੇ ਨਵੀਂ ਦਿੱਲੀ ਸ਼ਿਖਰ ਸੰਮੇਲਨ ਦੌਰਾਨ ਪਾਕਿਸਤਾਨ ਨੇ ਕਸ਼ਮੀਰ ਮਸਲਾ ਫਿਰ ਉਠਾਇਆ।

ਜੁਲਾਈ 1983 ਵਿਚ ਭਾਰਤੀ ਖੁਫੀਆ ਏਜੰਸੀਆਂ ਨੇ ਸਰਕਾਰ ਨੂੰ ਖਬਰ ਦਿੱਤੀ ਕਿ ਪਾਕਿਸਤਾਨ ਵਲੋਂ ਕਸ਼ਮੀਰ ਵਿਚ ਘੁਸਪੈਠੀਏ ਭੇਜ ਕੇ ਭੰਨ ਤੋੜ ਦੀਆਂ ਕਾਰਵਾਈਆਂ ਕਰਨ ਦੀ ਉਮੀਦ ਹੈ। ਇਸ ਤੋਂ ਬਾਅਦ ਕਸ਼ਮੀਰ ਘਾਟੀ ਵਿਚ ਗੜਬੜ ਸ਼ੁਰੂ ਹੋ ਗਈ। ਪਾਕਿਸਤਾਨ ਨੇ ਕਸ਼ਮੀਰ ਦੇ ਅਤਿਵਾਦੀਆਂ ਨੂੰ ਭਾਰੀ ਮਾਤਰਾ ਵਿਚ ਹਥਿਆਰਾਂ ਦੀ ਮਦਦ ਅਤੇ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਜਿਹੜੀ ਕਿ ਅਜੇ ਵੀ ਚੱਲ ਰਹੀ ਹੈ। 27 ਸਤੰਬਰ 1983 ਨੂੰ ਯੂ. ਐਨ.ਓ. ਦੀ ਜਨਰਲ ਅਸੈਂਬਲੀ ਵਿਚ ਫਿਰ ਪਾਕਿਸਤਾਨ ਅਤੇ

ਭਾਰਤ ਵਿਚ ਟਕਰਾਅ ਹੋ ਗਿਆ। ਇਸ ਤਰ੍ਹਾਂ ਕਸ਼ਮੀਰ ਦੇ ਮਸਲੇ ਨੇ ਭਾਰਤ ਦੀ ਸੁਰੱਖਿਆ ਤੇ ਬਹੁਤ ਅਸਰ ਪਾਇਆ ਹੈ। ਪਾਕਿਸਤਾਨ ਨਾਲ ਭਾਰਤ ਦੇ ਟਕਰਾਅ ਦਾ ਇਹੀ ਸਭ ਤੋਂ ਵੱਡਾ ਕਾਰਨ ਹੈ। ਭਾਰਤ ਨੂੰ ਹਾਲੇ ਵੀ ਇਹ ਉਮੀਦ ਹੈ ਕਿ ਇਹ ਮਸਲਾ ਦੋਨਾਂ ਦੇਸ਼ਾਂ ਵੱਲੋਂ ਸ਼ਾਂਤੀਪੂਰਨ ਤਰੀਕੇ ਨਾਲ ਹੱਲ ਕਰ ਲਿਆ ਜਾਵੇਗਾ।

## 2. ਸਿਆਚਿਨ ਝਗੜਾ (Siachin Glacier Dispute)

ਇਸ ਝਗੜੇ ਦਾ ਪਿਛੋਕੜ ਵੀ 1947 ਦਾ ਹੀ ਹੈ। ਪਰ ਇਸ ਮਸਲੇ ਦੀ ਅਹਿਮੀਅਤ 1980 ਤੋਂ ਬਾਅਦ ਹੀ ਵਧੀ ਹੈ। ਇਸ ਜਗ੍ਹਾ ਦੀ ਅਹਿਮੀਅਤ ਯੁੱਧਨੀਤੀ ਪੱਖ ਤੋਂ ਇਸ ਕਰਕੇ ਜ਼ਿਆਦਾ ਹੈ ਕਿ ਪਾਕਿਸਤਾਨ ਅਤੇ ਚੀਨ ਦੋਨਾਂ ਦੇ ਨੇੜੇ ਪੈਂਦਾ ਹੈ ਅਤੇ ਪਾਕਿਸਤਾਨ ਅਤੇ ਚੀਨ ਵਲੋਂ ਨਵੀਂ ਉਸਾਰੀ ਗਈ ਕਾਰਾਕੁਰਮ ਸੜਕ ਦੇ ਕਾਫੀ ਨੇੜੇ ਹੈ। ਇਸ ਯੁੱਧਨੀਤੀਕ ਸੜਕ ਤੇ ਨਿਗਾਹ ਰਖਣ ਲਈ ਭਾਰਤ ਦਾ ਸਿਆਚਿਨ ਤੇ ਕਬਜ਼ਾ ਜ਼ਰੂਰੀ ਹੈ। ਇਸ ਇਲਾਕੇ ਵਿਚ ਜਾਣ ਲਈ ਹੈਲੀਕਾਪਟਰ ਹੀ ਇਕੋ ਇਕ ਸਾਧਨ ਹੈ। ਇਕ ਭਾਗ ਮਕਬੂਜਾ ਕਸ਼ਮੀਰ ਦੇ ਉੱਤਰ ਪੂਰਬ ਵਿਚ ਪੈਂਦਾ ਹੈ ਅਤੇ ਇਸ ਦੇ ਝਗੜੇ ਦਾ ਕਾਰਨ ਦੋਨਾਂ ਦੇਸ਼ਾਂ ਵਲੋਂ ਆਪਣੀ ਸਰਹੱਦ ਦੀ ਨਿਸ਼ਾਨਦੇਹੀ ਨਾ ਕਰਨ ਕਰਕੇ ਹੈ। 1947 ਵਿਚ ਜਦੋਂ ਯੁੱਧਬੰਦੀ ਹੋਈ ਤਾਂ ਵੀ ਪਾਕਿਸਤਾਨ ਨੇ ਇਸ ਇਲਾਕੇ ਵਲ ਕੋਈ ਖਾਸ ਧਿਆਨ ਨਾ ਦਿੱਤਾ ਅਤੇ ਕਿਉਂਕਿ ਪਾਕਿਸਤਾਨ ਨੂੰ ਉਮੀਦ ਸੀ ਕਿ ਸਾਰਾ ਕਸ਼ਮੀਰ ਕਿਸੇ ਦਿਨ ਪਾਕਿਸਤਾਨ ਦਾ ਹੀ ਭਾਗ ਹੋਵੇਗਾ। ਦੂਜੇ ਪਾਸੇ ਭਾਰਤ ਨੂੰ ਇਹ ਉਮੀਦ ਸੀ ਕਿ ਇਸ ਖੇਤਰ ਵਿਚ ਸ਼ਾਂਤੀ ਰਹੇਗੀ ਅਤੇ ਕਦੇ ਵੀ ਯੁੱਧ ਨਹੀਂ ਹੋਵੇਗਾ। ਤਕਨੀਕੀ ਪੱਖ ਤੋਂ ਵੀ ਇਸ ਇਲਾਕੇ ਦੀ ਨਿਸ਼ਾਨਦੇਹੀ ਕੋਈ ਸੌਖਾ ਕੰਮ ਨਹੀਂ।

1965 ਅਤੇ 1971 ਦੀ ਭਾਰਤ-ਪਾਕਿ ਜੰਗ ਤੋਂ ਵੀ ਇਹ ਇਲਾਕਾ ਪ੍ਰਭਾਵਿਤ ਨਹੀਂ ਹੋਇਆ। ਪਰ ਇਹ ਝਗੜਾ ਉਦੋਂ ਗੰਭੀਰ ਰੂਪ ਧਾਰਨ ਕਰ ਗਿਆ ਜਦੋਂ ਪਾਕਿਸਤਾਨ ਨੇ ਆਪਣੇ ਵਲੋਂ ਪਰਬਤ ਅਰੋਹੀਆਂ (Mountaineers) ਨੂੰ ਭਾਰਤੀ ਇਲਾਕੇ ਵਿਚ ਜਾਣ ਦੀ ਇਜਾਜ਼ਤ ਦਿੱਤੀ। ਪਹਿਲੀ ਮੁਹਿੰਮ ਦੀ 1957 ਵਿਚ ਪਾਕਿਸਤਾਨ ਨੇ ਇੰਪੀਰੀਅਲ ਡੀਫੈਂਸ ਕਾਲਿਜ, ਇੰਗਲੈਂਡ ਨੂੰ ਇਜਾਜ਼ਤ ਦਿੱਤੀ। ਇਸ ਤੋਂ ਬਾਅਦ ਇਹ ਸਿਲਸਿਲਾ ਜਾਰੀ ਰਿਹਾ। ਮੁਹਿੰਮ ਬਾਅਦ ਵਿਚ ਇਸ ਬਾਰੇ ਪੱਛਮ ਦੀ ਪ੍ਰੈਸ ਵਿਚ ਇਸ ਮੁਹਿੰਮ ਬਾਰੇ ਰਿਪੋਰਟ ਛਾਪੀ ਜਾਂਦੀ ਸੀ ਅਤੇ ਰਿਪੋਰਟ ਨਾਲ ਬਣਾਏ ਗਏ ਨਕਸ਼ਿਆਂ ਵਿਚ ਭਾਰਤ ਦੇ ਕੁਝ ਇਲਾਕੇ ਨੂੰ ਜਿਸ ਵਿਚ ਸਿਆਚਿਨ ਵੀ ਸ਼ਾਮਲ ਸੀ ਪਾਕਿਸਤਾਨ 'ਚ ਦਿਖਾਇਆ ਜਾਂਦਾ ਸੀ। ਇਸ ਨਾਲ ਜਿਹੜੀ ਲੜਾਈ ਸ਼ੁਰੂ ਹੋਈ ਉਸ ਨੂੰ (Orographic warfare) ਜੰਗ ਕਿਹਾ ਜਾਂਦਾ ਸੀ। ਭਾਰਤ ਵਲੋਂ ਇਸ ਚੁਣੌਤੀ ਨੂੰ ਕਾਫੀ ਗੰਭੀਰਤਾ ਨਾਲ ਲਿਆ ਗਿਆ ਅਤੇ 1978 ਵਿਚ ਭਾਰਤ ਨੇ ਇਸ ਇਲਾਕੇ ਵਿਚ ਮੁਹਿੰਮਾਂ ਸ਼ੁਰੂ ਕਰ ਦਿੱਤੀਆਂ ਸਨ।

ਮਈ 1986 ਵਿਚ ਪਾਕਿਸਤਾਨ ਨੇ ਧਰਤੀ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਅਮਰੀਕੀ ਮਿਜ਼ਾਈਲਾਂ (Shoulder firing stringer surface to air missiles) ਸਿਆਚਿਨ ਗਲੇਸ਼ੀਅਰ ਉਪਰ ਲਾ ਦਿੱਤੀਆਂ। ਇਹ ਮਿਜ਼ਾਈਲਾਂ ਭਾਰਤੀ ਹਵਾਈ ਸੈਨਾ ਦੇ ਢੋ-ਢੁਆਈ ਜਹਾਜ਼ਾਂ ਲਈ ਇਕ ਵੱਡਾ ਖਤਰਾ ਸਨ ਜੋ ਇਸ ਇਲਾਕੇ ਵਿਚ ਜ਼ਰੂਰੀ ਸਮਾਨ ਆਦਿ ਪਹੁੰਚਾਉਣ ਦਾ ਕੰਮ ਕਰਦੇ ਸੀ। ਪਾਕਿਸਤਾਨ ਇਸ ਇਲਾਕੇ ਉਪਰ ਸ਼ਕਤੀ ਨਾਲ ਆਪਣਾ ਕਬਜ਼ਾ ਜਮਾਉਣਾ ਚਾਹੁੰਦਾ ਹੈ ਅਤੇ ਇਸ ਕੰਮ ਲਈ ਉਹ ਚੀਨ ਦੀ ਮਦਦ ਲੈ ਰਿਹਾ ਹੈ ਅਤੇ ਇਸ ਦਾ ਅਸਰ ਭਾਰਤ ਦੀ ਸੁਰੱਖਿਆ ਤੇ ਪੈਂਦਾ ਹੈ। 1986 ਤੋਂ ਬਾਅਦ ਪਾਕਿ ਅਤੇ ਭਾਰਤ ਦੀ ਇਸ ਖੇਤਰ ਵਿਚ ਚੋਟੀਆਂ ਤੇ ਕਬਜ਼ਾ ਕਰਨ ਲਈ ਰੁਕ-ਰੁਕ ਕੇ ਗੋਲੀ-ਬਾਰੀ ਹੁੰਦੀ ਰਹਿੰਦੀ। ਦੋਨਾਂ ਦੇਸ਼ਾਂ ਵਲੋਂ ਇਸ ਮਸਲੇ ਨੂੰ ਹੱਲ ਕਰਨ ਦੀਆਂ ਕੋਸ਼ਿਸ਼ਾਂ ਚਲਦੀਆਂ ਰਹਿੰਦੀਆਂ ਹਨ। ਦੋਨਾਂ ਦੇਸ਼ਾਂ ਦੀ ਸੈਕਟਰੀ ਪੱਧਰ ਤੇ ਕਿੰਨੀਆਂ ਹੀ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਇਸ ਮਸਲੇ ਦਾ ਜਿੰਨਾ ਚਿਰ ਕੋਈ ਹਲ ਨਹੀਂ ਹੁੰਦਾ ਉਨਾ ਚਿਰ ਇਹ ਭਾਰਤ ਦੀ ਸੁਰੱਖਿਆ ਲਈ ਖਤਰਾ ਹੈ ਅਤੇ ਕਦੇ ਵੀ ਭਵਿੱਖ ਵਿਚ ਇਹ ਮਸਲਾ ਗੰਭੀਰ ਰੂਪ ਧਾਰਨ ਕਰ ਸਕਦਾ ਹੈ।

## 3. ਹਥਿਆਰਾਂ ਦੀ ਦੌੜ ਅਤੇ ਅਮਰੀਕੀ ਸਹਾਇਤਾ (Arms Race and America's Support)

ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜਨੀਤਿਕ, ਆਰਥਿਕ, ਉਦਯੋਗਿਕ ਅਤੇ ਮਿਲਟਰੀ ਤੌਰ ਤੇ ਭਾਰਤ ਪਾਕਿਸਤਾਨ ਨਾਲੋਂ ਕਾਫੀ ਜ਼ਿਆਦਾ ਮਜ਼ਬੂਤ ਹੈ। ਪਾਕਿਸਤਾਨ ਦੀ ਨੀਤੀ ਹਮੇਸ਼ਾਂ ਭਾਰਤ ਦੀ ਬਰਾਬਰਤਾ ਹਾਸਲ ਕਰਨ ਦੀ ਰਹੀ ਹੈ। ਇਸ ਆਸ਼ੇ ਲਈ ਪਾਕਿਸਤਾਨ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਤੇ ਨਿਰਭਰ ਕਰਦਾ ਰਿਹਾ ਹੈ ਜਿਸ ਦਾ ਅਸਰ ਭਾਰਤ ਦੀ ਸੁਰੱਖਿਆ ਤੇ ਪੈਂਦਾ

ਹੈ। ਭਾਰਤ ਅਮਰੀਕੀ ਮਦਦ ਦਾ ਵਿਰੋਧ ਵੀ ਕਰਦਾ ਰਿਹਾ ਹੈ। ਪਾਕਿਸਤਾਨ ਨੇ ਪਹਿਲਾਂ ਤਾਂ ਪ੍ਰਾਂਪਰਿਕ ਹਥਿਆਰਾਂ ਦੀ ਦੌੜ ਲਗਾਈ ਅਤੇ ਆਪਣੀਆਂ ਹਵਾਈ, ਜਲ ਅਤੇ ਥਲ ਸੈਨਾਵਾਂ ਨੂੰ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਕੀਤਾ। ਇਹਨਾਂ ਆਧੁਨਿਕ ਹਥਿਆਰਾਂ ਵਿਚੋਂ ਬਹੁਤ ਜ਼ਿਆਦਾ ਹਥਿਆਰ ਅਮਰੀਕਾ ਦੁਆਰਾ ਹੀ ਦਿੱਤੇ ਸਨ। ਪਾਕਿਸਤਾਨ ਦੀ ਪ੍ਰਮਾਣੂ ਬੰਬ ਪ੍ਰਾਪਤ ਕਰਨ ਦੀ ਨੀਤੀ ਨੇ ਭਾਰਤ ਲਈ ਖਤਰਾ ਪੈਦਾ ਕਰ ਦਿੱਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਚਾਹੇ ਪਹਿਲਾਂ ਹੀ 1974 ਅਤੇ ਹੁਣ 1998 ਵਿਚ ਸਫਲ ਪ੍ਰਮਾਣੂ ਤਜਰਬਾ ਕਰ ਵੀ ਚੁੱਕਿਆ ਹੈ ਪਰ ਦੋਨਾਂ ਦੇਸ਼ਾਂ ਦੀਆਂ ਪ੍ਰਮਾਣੂ ਨੀਤੀਆਂ ਵਿਚ ਬਹੁਤ ਜ਼ਿਆਦਾ ਫਰਕ ਹੈ ਕਿਉਂਕਿ ਭਾਰਤ ਹਮੇਸ਼ਾਂ ਇਹ ਕਹਿੰਦਾ ਆਇਆ ਹੈ ਕਿ ਪ੍ਰਮਾਣੂ ਸ਼ਕਤੀ ਦੀ ਵਰਤੋਂ ਕੇਵਲ ਸ਼ਾਂਤੀਪੂਰਣ ਕੰਮਾਂ ਲਈ ਹੀ ਕਰੇਗਾ, ਪਰ ਪਾਕਿਸਤਾਨ ਦੇ ਇਰਾਦੇ ਸਾਫ ਨਹੀਂ ਹਨ। ਪਾਕਿਸਤਾਨ ਦੇ ਪ੍ਰਮਾਣੂ ਬੰਬ ਪ੍ਰਾਪਤ ਕਰ ਲੈਣ ਨਾਲ ਭਾਰਤ ਦੀ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਖੜਾ ਹੋ ਗਿਆ ਹੈ।

## 4. ਹਿੰਦ ਮਹਾਂਸਾਗਰ ਅਤੇ ਪਾਕਿਸਤਾਨ (Indian Ocean and Pakistan)

ਹਿੰਦ ਮਹਾਂਸਾਗਰ ਸੰਬੰਧੀ ਮਸਲਿਆਂ ਉੱਤੇ ਵੀ ਦੋਨਾਂ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਦਾ ਰਵੱਈਆ ਵੱਖੋ ਵੱਖਰਾ ਹੈ। ਹੋਰ ਦੱਖਣ ਏਸ਼ੀਆਈ ਦੇਸ਼ਾਂ ਲਈ ਵੀ ਹਿੰਦ ਮਹਾਂਸਾਗਰ ਕਾਫੀ ਮਹੱਤਤਾ ਰਖਦਾ ਹੈ। ਪਰ ਹਿੰਦ ਮਹਾਂਸਾਗਰ ਦੀ ਭਾਰਤ ਲਈ ਬਹੁਤ ਜ਼ਿਆਦਾ ਅਹਿਮੀਅਤ ਹੈ। ਕੇ. ਐਮ. ਪਾਨੀਕਰ ਦੇ ਅਨੁਸਾਰ, ''ਭਾਰਤ ਨੇ ਉਨਾਂ ਚਿਰ ਤਕ ਆਪਣੀ ਆਜ਼ਾਦੀ ਨਹੀਂ ਖੋਹੀ ਜਿੰਨਾ ਚਿਰ ਤਕ ਆਪਣਾ ਸਮੁੰਦਰ ਤੋਂ ਕਾਬੂ ਨਹੀਂ ਖੋ ਲਿਆ।''

ਭਾਰਤ ਦੀ ਇਹ ਪੇਸ਼ਕਸ਼ ਰਹੀ ਹੈ ਕਿ ਹਿੰਦ ਮਹਾਂਸਾਗਰ ਸ਼ਾਂਤੀ ਦਾ ਖੇਤਰ ਹੋਵੇ। ਜਦੋਂ ਭਾਰਤ ਇਸ ਖੇਤਰ ਲਈ ਸ਼ਾਂਤੀ ਦੇ ਖੇਤਰ ਦੀ ਗੱਲ ਕਰਦਾ ਹੈ ਤਾਂ ਉਸ ਦਾ ਮਤਲਬ ਹਿੰਦ ਮਹਾਂਸਾਗਰ ਨੂੰ ਕਿਸੇ ਫੌਜੀ ਗਤੀਵਿਧੀ ਅਤੇ ਮੌਜੂਦਗੀ ਤੋਂ ਦੂਰ ਰਖਣ ਦੀ ਹੁੰਦੀ ਹੈ। ਮਹਾਂਸਾਗਰ ਦੀ ਸੁਰੱਖਿਆ ਦੇ ਖੇਤਰ ਵਿਚ ਪੈਣ ਨਾਲ ਭਾਰਤ ਦੀ ਸੁਰੱਖਿਆ ਵੀ ਖਤਰੇ ਵਿਚ ਪੈ ਸਕਦੀ ਹੈ। ਭਾਵੇਂ ਇਸ ਨਾਲ ਹੋਰ ਦੱਖਣ ਏਸ਼ਿਆਈ ਦੇਸ਼ ਵੀ ਬੰਗਲਾ ਦੇਸ਼, ਸ੍ਰੀਲੰਕਾ ਅਤੇ ਪਾਕਿਸਤਾਨ ਵੀ ਪ੍ਰਭਾਵਿਤ ਹੁੰਦੇ ਹਨ ਪਰ ਉਹ ਭਾਰਤ ਦੀ ਤਰ੍ਹਾਂ ਇਸ ਖੇਤਰ ਨੂੰ ਸ਼ਾਂਤੀ ਦਾ ਖੇਤਰ ਬਣਾਉਣ ਲਈ ਚਿੰਤਤ ਨਹੀਂ ਜਾਪਦੇ। ਕਿਉਂਕਿ ਅਮਰੀਕਾ ਡਿਗੋ ਗਾਰਸ਼ੀਆ ਸਮੇਤ ਕਿੰਨੇ ਹੀ ਅੱਡੇ ਹਿੰਦ ਮਹਾਂਸਾਗਰ ਵਿਚ ਬਣਾ ਚੁੱਕਿਆ ਹੈ। ਇਹਨਾਂ ਅੱਡਿਆਂ ਦੇ ਨਤੀਜੇ ਵਜੋਂ ਅਮਰੀਕਾ ਵਿਰੋਧੀ ਸ਼ਕਤੀਆਂ ਵੀ ਅੱਡੇ ਬਣਾ ਰਹੀਆਂ ਹਨ। ਪਾਕਿਸਤਾਨ ਜੋ ਕਿ ਭਾਰਤ ਦਾ ਮੁੱਖ ਵਿਰੋਧੀ ਦੇਸ਼ ਹੈ ਅਮਰੀਕੀ ਹਥਿਆਰਾਂ ਅਤੇ ਹਰ ਮਦਦ ਦੇ ਬਦਲੇ ਵਿਚ ਅਮਰੀਕਾ ਨੂੰ ਅੱਡੇ ਦਿੰਦਾ ਰਿਹਾ ਹੈ। ਪਾਕਿਸਤਾਨ ਦੀ ਇਸ ਸੰਬੰਧ ਵਿਚ ਨੀਤੀ ਦੋਗਲੀ ਰਹੀ ਹੈ। ਇਕ ਪਾਸੇ ਤਾਂ ਪਾਕਿਸਤਾਨ ਨੇ ਹਿੰਦ ਮਹਾਂਸਾਗਰ ਨੂੰ ਸ਼ਾਂਤੀ ਦਾ ਖੇਤਰ ਬਣਾਉਣ ਦੀ ਪੇਸ਼ਕਸ਼ ਦਾ ਸਵਾਗਤ ਕੀਤਾ ਹੈ ਅਤੇ ਦੂਜੇ ਪਾਸੇ ਅਮਰੀਕਾ ਦੀ ਹਿੰਦ ਮਹਾਂਸਾਗਰ ਵਿਚ ਹਾਜ਼ਰੀ ਦੀ ਮਦਦ ਕੀਤੀ ਹੈ। ਜਦੋਂ ਅਮਰੀਕਾ ਨੇ ਡੀਗੋ ਗਾਰਸ਼ੀਆ ਵਿਚ ਆਪਣਾ ਅੱਡਾ ਬਣਾਇਆ ਸੀ ਤਾਂ ਉਸ ਵੇਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਭੁਟੋ ਨੇ ਕਿਹਾ ਸੀ ਕਿ ਪਾਕਿਸਤਾਨ ਨੂੰ ਡੀਗੋ ਗਾਰਸ਼ੀਆ ਵਿਚ ਅੱਡਾ ਸਥਾਪਤ ਕੀਤੇ ਜਾਣ ਤੇ ਕੋਈ ਇਤਰਾਜ ਨਹੀਂ ਹੈ। ਇਸ ਤਰ੍ਹਾਂ ਪਾਕਿਸਤਾਨ ਵਲੋਂ ਹਿੰਦ ਮਹਾਂਸਾਗਰ ਵਿਚ ਅਮਰੀਕਾ ਦੇ ਹੱਕ ਵਿਚ ਬੋਲਣਾ ਅਤੇ ਮਦਦ ਕਰਨ ਦਾ ਭਾਰਤ ਦੀ ਸੁਰੱਖਿਆ ਤੇ ਅਸਰ ਪੈਂਦਾ ਹੈ। ਜਦੋਂ ਹਿੰਦ ਮਹਾਂਸਾਗਰ ਦੀ ਸ਼ਾਂਤੀ ਖਤਰੇ ਵਿਚ ਪੈਂਦੀ ਹੈ ਤਾਂ ਇਸ ਦਾ ਭਾਰਤ ਦੀ ਸੁਰੱਖਿਆ ਤੇ ਜ਼ਰੂਰ ਅਸਰ ਪੈਂਦਾ ਹੈ। (ਵਿਸਥਾਰ ਲਈ ਦੇਖੋ ਇਸ ਪਰਚੇ ਦਾ ਪਾਠ ਨੰ. 3)

## 5. ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ (Interference in India's Internal Security Issues)

ਭਾਰਤ ਦੇ ਉੱਤਰੀ ਰਾਜਾਂ ਪੰਜਾਬ ਅਤੇ ਕਸ਼ਮੀਰ ਵਿਚ ਪਾਕਿਸਤਾਨ ਸਿੱਖ ਅਤੇ ਕਸ਼ਮੀਰੀ ਮਿਲੀਟੈਂਟਾਂ ਨੂੰ ਪਾਕਿਸਤਾਨੀ ਹਥਿਆਰਾਂ ਦੀ ਮਦਦ ਅਤੇ ਸਿਖਲਾਈ ਦਿੰਦਾ ਰਿਹਾ ਹੈ। ਇਸ ਨਾਲ ਭਾਰਤ ਦੀ ਏਕਤਾ ਅਤੇ ਇਕਮੁੱਠਤਾ ਖਤਰੇ ਵਿਚ ਪੈ ਗਈ ਹੈ। ਭਾਰਤ ਸਰਕਾਰ ਲਈ ਇਸ ਨੇ ਅਨੇਕਾਂ ਸਮੱਸਿਆਵਾਂ ਪੈਦਾ ਕੀਤੀਆਂ ਹਨ। ਜੇ ਅਸੀਂ ਪਾਕਿਸਤਾਨ ਦੀ ਇਸ ਮਦਦ ਪਿੱਛੇ ਕਾਰਨ ਦੇਖਦੇ ਹਾਂ ਤਾਂ ਇਹ ਕਿਹਾ ਜਾ ਸਕਦਾ ਹੈ ਕਿ 1971 ਦੀ ਲੜਾਈ ਦੇ ਸਿੱਟੇ ਵਜੋਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ 1971 ਦੀ ਭਾਰਤ ਪਾਕਿ ਜੰਗ ਲੜਨ ਪਿੱਛੇ ਭਾਰਤ ਦੀਆਂ ਕਿੰਨੀਆਂ ਹੀ ਅੰਦਰੂਨੀ ਸਮੱਸਿਆਵਾਂ ਹਨ ਪਰ ਪਾਕਿਸਤਾਨੀ ਪੱਖ ਤੋਂ ਸਿਰਫ

ਇਹ ਹੀ ਸੋਚਿਆ ਜਾਂਦਾ ਹੈ ਕਿ ਭਾਰਤ ਨੇ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਕੇ ਪਾਕਿਸਤਾਨ ਦੇ ਇਕ ਭਾਗ ਨੂੰ ਉਸ ਨਾਲੋਂ ਅਲੱਗ ਕੀਤਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਬੰਗਲਾ ਦੇਸ਼ ਵਾਲੇ ਆਧਾਰ ਤੇ ਹੀ ਪੰਜਾਬ ਦੇ ਅਤੇ ਕਸ਼ਮੀਰ ਦੇ ਮਿਲੀਟੈਂਟਾਂ ਨੂੰ ਮਦਦ ਦੇ ਕੇ ਭਾਰਤ ਲਈ ਵੱਡੀ ਸਮੱਸਿਆ ਖੜੀ ਕਰ ਦਿੱਤੀ ਹੈ। ਜਿਸ ਨੂੰ ਨਜਿਠਣ ਲਈ ਭਾਰਤ ਸਰਕਾਰ ਨੂੰ ਕਿੰਨਾ ਹੀ ਪੁਲਿਸ ਅਤੇ ਨੀਮ ਫੋਜੀ ਦਲਾਂ ਉਪਰ ਖਰਚ ਕਰਨਾ ਪੈ ਰਿਹਾ ਹੈ। ਇਸ ਪੰਜਾਬ ਅਤੇ ਕਸ਼ਮੀਰ ਦੇ ਮਿਲੀਟੈਂਟਾਂ ਦੀ ਮਦਦ ਕਾਰਨ ਭਾਰਤ ਲਈ ਕਿੰਨੀਆਂ ਹੀ ਆਰਥਿਕ ਅਤੇ ਸੁਰੱਖਿਆ ਨਾਲ ਸੰਬੰਧਿਤ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

## ਚੀਨ ਨਾਲ ਸੰਬੰਧਤ ਭਾਰਤ ਦੀਆਂ ਸੁਰੱਖਿਆ ਸਮੱਸਿਆਵਾਂ

(i) ਭਾਰਤ-ਚੀਨ ਸੀਮਾ ਵਿਵਾਦ

(ii) ਭਾਰਤ-ਚੀਨ ਜੰਗ-1962 : ਕਾਰਣ ਅਤੇ ਸਿੱਟੇ

(iii) ਸੀਮਾ ਵਿਵਾਦ ਹੱਲ ਕਰਨ ਲਈ ਭਾਰਤ-ਚੀਨ ਵਲੋਂ ਕੀਤੇ ਗਏ ਯਤਨ :

ਚੀਨ ਦੁਨੀਆਂ ਦੀ ਸਭ ਤੋਂ ਵੱਡੀ ਜਨਸੰਖਿਆ ਵਾਲਾ, 9.6 ਮਿਲੀਅਨ ਕਿ. ਮੀ. ਰਕਬੇ ਅਤੇ ਚਾਰ ਮਿਲੀਅਨ ਹਥਿਆਰਬੰਦ ਫੌਜਾਂ ਵਾਲਾ ਭਾਰਤ ਦਾ ਸਭ ਤੋਂ ਵੱਡਾ ਸ਼ਕਤੀਸ਼ਾਲੀ ਗੁਆਂਢੀ ਦੇਸ਼ ਹੈ। ਇਸ ਦੀ ਵਿਸਥਾਰਵਾਦੀ ਅਤੇ ਦੱਖਣੀ ਏਸ਼ੀਆ ਵਿਚ ਸਰਦਾਰੀ ਸਥਾਪਿਤ ਕਰਨ ਦੀ ਨੀਤੀ ਦੇ ਕਾਰਣ ਭਾਰਤ ਨਾਲ ਇਸ ਦਾ ਝਗੜਾ ਅਟੱਲ ਹੈ। ਇਸ ਖੇਤਰ ਵਿਚ ਆਪਣੀ ਪ੍ਰਮੁੱਖਤਾ ਕਾਇਮ ਕਰਨ ਲਈ ਇਹ ਭਾਰਤ ਨੂੰ ਕਿਸੇ ਵੀ ਤਰ੍ਹਾਂ ਦੀ ਚੁਨੌਤੀ ਦੇ ਸਕਦਾ ਹੈ। ਇਸ ਦੇਸ਼ ਨਾਲ ਭਾਰਤ ਦੀ 2800 ਮੀਲ ਦੀ ਸਰਹੱਦ ਸਾਂਝੀ ਹੈ ਜੋ ਕਿਧਰੇ ਕਿਧਰੇ ਕਮਜ਼ੋਰ ਹਿਮਾਲੀਆ ਰਾਜਾਂ ਦੇ ਕਾਰਨ ਟੁੱਟ ਜਾਂਦੀ ਹੈ।

ਸ਼ਤਾਬਦੀਆਂ ਤੋਂ ਭਾਰਤ ਅਤੇ ਚੀਨ ਵਿਚਕਾਰ ਸ਼ਾਂਤੀਪੂਰਣ ਅਤੇ ਦੋਸਤਾਨਾ ਸੰਬੰਧ ਚਲੇ ਆ ਰਹੇ ਹਨ। 1949 ਈ. ਵਿਚ ਜਦੋਂ ਚੀਨ ਵਿਚ ਸਮਾਜਵਾਦੀ ਹਕੂਮਤ ਸਥਾਪਿਤ ਹੋਈ ਅਤੇ ਭਾਰਤ ਉਹਨਾਂ ਪਹਿਲੇ ਰਾਸ਼ਟਰਾਂ ਵਿਚੋਂ ਸੀ ਜਿਹਨਾਂ ਨੇ ਚੀਨ ਨੂੰ ਮਾਨਤਾ ਪ੍ਰਦਾਨ ਕੀਤੀ। ਉਦੋਂ ਤੋਂ ਹੀ ਜਦੋਂ ਚੀਨ ਦਾ 'Peoples, Republic of China' (P. R. C) ਨਾਮ ਘੋਸ਼ਿਤ ਕੀਤਾ ਗਿਆ ਤਾਂ ਵੀ ਭਾਰਤ ਉਨ੍ਹਾਂ ਪਹਿਲੇ ਕੁਝ ਰਾਸ਼ਟਰਾਂ ਵਿਚੋਂ ਸੀ ਜੋ ਚੀਨ ਨੂੰ ਸੰਯੁਕਤ ਰਾਸ਼ਟਰ ਸੰਘ ਦਾ ਮੈਂਬਰ ਬਣਾਉਣ ਲਈ ਪ੍ਰਯਤਨਸ਼ੀਲ ਸਨ ਅਤੇ ਜਿਸ ਵਿਚ ਪੱਛਮੀ ਤਾਕਤਾਂ ਉਸ ਸਮੇਂ ਰੁਕਾਵਟਾਂ ਪਾ ਰਹੀਆਂ ਸਨ 1965 ਈ. ਵਿਚ ਹੋਈ ਬੈਂਡੂੰਗ ਕਾਨਫਰੰਸ (Bandung Conference) ਸਾਡੇ ਚੀਨ ਨਾਲ ਦੋਸਤਾਨਾ ਸੰਬੰਧਾਂ ਦੀ ਸ਼ੁਰੂਆਤ ਦੀ ਉਦਾਹਰਣ ਸੀ ਜਿਸ ਵਿਚ ਦੋਨਾਂ ਧਿਰਾਂ ਨੇ ਸ਼ਾਂਤੀਪੂਰਣ ਸਹਿਯੋਗ ਵਿਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਜੋ ਕਿ 'ਪੰਚਸ਼ੀਲ' ਦਾ ਇਕ ਮੁੱਖ ਨਿਯਮ ਸੀ ਅਤੇ ਇਹ ਨਿਯਮ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਸੀ। ਇਹ ਥੋੜ੍ਹਾ ਸਮਾਂ 'ਹਿੰਦੀ ਚੀਨੀ ਭਾਈ ਭਾਈ' ਦਾ ਸਮਾਂ ਸੀ।

### ਤਿੱਬਤ ਤੇ ਕਬਜ਼ਾ (Occupation of Tibet)

1951 ਈ. ਵਿਚ ਚੀਨ ਨੇ ਤਿੱਬਤ ਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਅਤੇ ਉਸ ਦੀ ਅੰਦਰੂਨੀ ਖੁਦਮੁਖਤਿਆਰੀ ਦੀ ਕੋਈ ਕਦਰ ਨਾ ਕੀਤੀ। ਭਾਰਤ ਨੇ ਆਪਣੇ ਗੁਆਂਢੀਆਂ ਨਾਲ ਚੰਗੇ ਸੰਬੰਧਾਂ ਨੂੰ ਕਾਇਮ ਰਖਣ ਲਈ ਚੀਨ ਦਾ ਤਿੱਬਤ ਤੇ ਅਧਿਕਾਰ ਵੀ ਪਰਵਾਨ ਕਰ ਲਿਆ ਭਾਵੇਂ ਤਿੱਬਤ 1950 ਤੋਂ ਘੱਟੋਂ ਘੱਟ 40 ਸਾਲ ਪਹਿਲਾਂ ਤੋਂ ਹੀ ਇਕ ਸੁਤੰਤਰ ਰਾਜ ਸੀ। ਭਾਰਤ ਨੇ ਦੋਸਤਾਨਾਂ ਸੰਬੰਧਾਂ ਦੀ ਖਾਤਰ ਉਸ ਦੀਆਂ ਇਸ ਖੇਤਰ ਵਿਚ ਜੰਗੀ ਚਾਲਾਂ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ। ਤਿੱਬਤ ਵਿਚ ਚੀਨੀ ਫੌਜਾਂ ਦੀ ਮੌਜੂਦਗੀ ਨੇ ਨਾ ਕੇਵਲ ਭਾਰਤ ਬਲਕਿ ਪੂਰੇ ਦੱਖਣ ਪੂਰਬੀ ਏਸ਼ੀਆ ਦੀ ਸੁਰੱਖਿਆ ਲਈ ਭਾਰੀ ਖਤਰਾ ਪੈਦਾ ਕਰ ਦਿੱਤਾ। ਤਿੱਬਤ ਚੀਨੀ ਫੌਜਾਂ ਦਾ ਵਿਰੋਧ ਕਰਨ ਵਾਲੇ ਤਿੱਬਤੀ ਬਾਗੀਆਂ ਨੂੰ ਕਦੀ ਵੀ ਭਾਰਤ ਵਲੋਂ ਹਮਦਰਦੀ ਪੂਰਨ ਸਹਿਯੋਗ ਨਹੀਂ ਮਿਲਿਆ ਸਿਵਾਏ ਇਸ ਦੇ ਕਿ ਉਹਨਾਂ ਦੀ ਰਿਆਸਤ ਦੇ ਧਾਰਮਿਕ ਆਗੂ ਦਲਾਈ ਲਾਮਾ ਅਤੇ ਉਸ ਦੇ ਕੁਝ ਚੇਲਿਆਂ ਨੂੰ ਰਾਜਨੀਤਿਕ ਸ਼ਰਨ ਦੇਣ ਦੇ ਜੋ ਕਿ 1959 ਈ. ਵਿਚ ਆਏ ਸਨ। ਦੋਸਤਾਨਾਂ ਸੰਬੰਧਾਂ ਨੂੰ ਕਾਇਮ ਰਖਣ ਦੀ ਧੁਨ ਨਾਲ ਭਾਰਤ ਨੇ ਚੀਨ ਨਾਲ 1954 ਈ. ਵਿਚ ਇਕ ਵਪਾਰਕ ਸੰਧੀ ਕੀਤੀ ਜਿਸ ਰਾਹੀਂ ਭਾਰਤ ਨੇ ਤਿੱਬਤ ਦੇ ਖੇਤਰ ਵਿਚ ਆਪਣੇ ਕਈ ਹੱਕਾਂ ਨੂੰ ਛੱਡ ਦਿੱਤਾ।

## ਚੀਨ ਦੀ ਨਕਸ਼ਿਆਂ ਪ੍ਰਤੀ ਹੇਰਾਫੇਰੀ

ਤਿੱਬਤ ਤੇ ਅਧਿਕਾਰ ਕਰਨ ਉਪਰੰਤ ਚੀਨ ਨੇ ਕੁਝ ਅਜਿਹੇ ਨਕਸ਼ੇ ਛਾਪੇ ਜਿਹਨਾਂ ਵਿਚ 36000 ਵਰਗਮੀਲ ਲਦਾਖ ਦੇ ਖੇਤਰ ਅਤੇ 15000 ਵਰਗਮੀਲ ਨੇਫਾ (NEFA) ਦਾ ਖੇਤਰ ਆਪਣਾ ਇਲਾਕਾ ਦਿਖਾਇਆ। ਭਾਰਤ ਸਰਕਾਰ ਨੇ 1954 ਅਤੇ 1955 ਈਸਵੀ ਵਿਚ ਚੀਨ ਦਾ ਇਸ ਗਲਤੀ ਵਲ ਧਿਆਨ ਦੁਆਇਆ ਅਤੇ ਦੋਨਾਂ ਦੇਸ਼ਾਂ ਵਿਚ ਸੀਮਾ ਨੂੰ ਠੀਕ ਨਿਰਧਾਰਤ ਕਰਨ ਦੀ ਇੱਛਾ ਨੂੰ ਪ੍ਰਗਟਾਇਆ, ਪ੍ਰੰਤੂ ਚੀਨ ਨੇ ਬਹੁਤ ਚਾਲਾਕੀ ਨਾਲ ਇਸ ਗੱਲ ਨੂੰ ਟਾਲ ਦਿੱਤਾ ਅਤੇ ਇਹ ਕਹਿ ਕੇ ਸ਼ਾਂਤ ਕਰ ਦਿੱਤਾ ਕਿ ਇਹ ਨਕਸ਼ੇ ਬਹੁਤ ਪੁਰਾਣੇ ਕੋਮਿਨਤਾਗ (Kumintang) ਸਰਕਾਰ ਦੇ ਨਕਸ਼ੇ ਹਨ ਅਤੇ ਇਹ ਸੋਧਣ ਵਾਲੇ ਹਨ। ਇਸ ਨੇ 1957 ਈ. ਵਿਚ ਤਿੱਬਤ ਅਤੇ ਆਪਣੇ ਸਰਹੱਦੀ ਇਲਾਕੇ ਸਿਨਕਿਆਂਗ (Sinkiang) ਨੂੰ ਜੋੜਨ ਵਾਲੀ ਐਕਸਿਆਚਿਨ ਸੜਕ (Aksaia Chin Road) ਬਣਾਈ ਜਿਹੜੀ ਕਿ ਭਾਰਤ ਤੇ ਸਿਆਚਿਨ ਖੇਤਰ ਵਿਚੋਂ ਲੰਘਦੀ ਸੀ। ਇਹਨਾਂ ਨੇ ਭਾਰਤੀ ਗਸ਼ਤੀ ਟੁਕੜੀਆਂ ਨੂੰ ਇਸ ਖੇਤਰ ਵਿਚ ਗਸ਼ਤ ਲਾਉਣ ਤੋਂ ਰੋਕ ਦਿੱਤਾ ਅਤੇ ਭਾਰਤੀ ਵਿਰੋਧਤਾ ਨੂੰ ਬਹੁਤ ਕੂਟਨੀਤੀ ਨਾਲ ਠੁਕਰਾ ਦਿੱਤਾ। ਸਤੰਬਰ 1959 ਈ. ਵਿਚ ਚੀਨ ਨੇ ਲਦਾਖ ਦੇ ਨੇਫਾ ਅਤੇ ਭਾਰਤੀ ਖੇਤਰ ਦੇ 50,000 ਵਰਗਮੀਲ ਦੇ ਇਲਾਕੇ ਤੇ ਆਪਣਾ ਰਸਮੀ ਹੱਕ ਜਮਾਇਆ। ਨੇਫਾ ਵਿਚ ਭਾਰਤ ਅਤੇ ਤਿੱਬਤ ਵਿਚਕਾਰ ਜੋ ਸਰਹੱਦ ਸੀ ਜਿਸ ਨੂੰ ਮੈਕਮੋਹਨ ਲਾਈਨ (McMohan Line) ਕਰਕੇ ਜਾਣਿਆ ਜਾਂਦਾ ਸੀ, ਚੀਨ ਨੂੰ ਸਵੀਕਾਰ ਨਹੀਂ ਸੀ। ਭਾਵੇਂ ਭਾਰਤ ਅਤੇ ਤਿੱਬਤ ਦੀਆਂ ਸਰਹੱਦਾਂ ਨੂੰ ਇਹ ਰੇ ਖਾ ਸੀਮਾ ਹੀ ਨਿਰਧਾਰਿਤ ਕਰਦੀ ਆ ਰਹੀ ਸੀ। ਇਥੋਂ ਤਕ ਕਿ ਨੇਪਾਲ ਅਤੇ ਬਰਮਾ ਨਾਲ ਸਰਹੱਦਾਂ ਨਿਰਧਾਰਿਤ ਕਰਨ ਸਮੇਂ ਚੀਨ ਨੇ ਇਸੇ ਰੇਖਾ ਨੂੰ ਮੰਨਿਆ ਸੀ।

## ਚੀਨੀ ਹਮਲਾ (Chinese Invasion)

ਅਕਤੂਬਰ 1962 ਈ. ਵਿਚ ਚੀਨ ਨੇ ਭਾਰਤ ਉਤੇ ਪੂਰੀ ਤਿਆਰੀ ਨਾਲ ਹਮਲਾ ਕਰ ਦਿੱਤਾ ਅਤੇ ਨੇਫਾ ਦੇ 14,500 ਵਰਗਮੀਲ ਇਲਾਕੇ ਨੂੰ ਹਥਿਆ ਲਿਆ ਅਤੇ ਭਾਰਤੀ ਫੌਜਾਂ ਦੀ ਕਮਜ਼ੋਰੀ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ। ਚੀਨੀ ਹਮਲੇ ਦੇ ਅਸਰ ਜੋ ਭਾਰਤ ਨੂੰ ਹੋਏ ਉਹ ਧਿਆਨ ਦੇਣ ਯੋਗ ਹਨ :

1. ਭਾਰਤ ਨੇ ਸੁਰੱਖਿਆ ਸਾਧਨਾਂ ਤੇ ਖਰਚ ਵਧਾ ਦਿੱਤਾ ਜਿਸ ਕਾਰਨ ਉੱਨਤੀ ਦੀ ਗਤੀ ਵਿਚ ਕੁਝ ਵਾਧਾ ਹੋਇਆ। ਕੇ ਵਲ 1% ਤੋਂ 1.5% ਦੇ ਸਮੁੱਚੇ ਰਾਸ਼ਟਰੀ ਉਤਪਾਦਨ ਦਾ 2.5% ਭਾਰਤ ਨੇ ਸੁਰੱਖਿਆ ਉੱਤੇ ਖਰਚ ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਵਿਚ ਇਹ 4.5% ਤਕ ਵਧਾ ਦਿੱਤਾ ਅਤੇ ਆਉਣ ਵਾਲੀਆਂ 2 ਪੰਜ ਸਾਲ ਯੋਜਨਾਵਾਂ ਤਕ ਵਧਾਉਣ ਦੀ ਸਕੀਮ ਬਣਾਈ।

2. ਭਾਰਤ ਨੇ ਆਪਣੀਆਂ ਉਤਰੀ ਸਰਹੱਦਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਵਲੋਂ ਉਹ ਪਹਿਲਾਂ ਪਹਿਲਾਂ ਬਿਲਕੁਲ ਲਾਪਰਵਾਹ ਸੀ। ਇਸ ਲਈ ਇਸ ਨੇ 14 ਮਾਊਂਟੈਨ ਡਵੀਜ਼ਨਾਂ ਦਾ ਨਿਰਮਾਣ ਕੀਤਾ। ਫੌਜੀ ਸਿਖਲਾਈ ਦੇ ਪ੍ਰੋਗਰਾਮਾਂ ਨੂੰ ਉਲੀਕਿਆ ਗਿਆ ਜੋ ਕਿ ਯੁੱਧ ਲਈ ਲਾਹੇ ਵੰਦ ਹੋਵੇ ਅਤੇ ਇਸ ਉਦੇਸ਼ ਦੀ ਪੂਰਤੀ ਲਈ ਵਿਚਾਰਸ਼ੀਲ ਫੌਜੀ ਨੀਤੀ ਨੂੰ ਅਪਣਾਇਆ ਗਿਆ ਭਾਵੇਂ ਇਹ ਪ੍ਰੋਗਰਾਮ ਬਹੁਤ ਖਰਚੀਲੇ ਸਨ ਪਰੰਤੂ ਰਾਸ਼ਟਰੀ ਸੁਰੱਖਿਆ ਲਈ ਇਹ ਬਹੁਤ ਜ਼ਰੂਰੀ ਸਨ।

3. ਚੀਨ ਨੇ ਇਸ ਜੰਗ ਦੁਆਰਾ ਭਾਰਤ ਦੇ ਅਫਰੀਕਾ ਅਤੇ ਏਸ਼ੀਆਈ (Afro-Asian) ਦੇਸ਼ਾਂ ਉੱਤੇ ਪ੍ਰਭਾਵ ਨੂੰ ਕਮਜ਼ੋਰ ਕਰ ਦਿੱਤਾ ਅਤੇ ਉਸ ਦੀ ਫੌਜੀ ਕਮਜ਼ੋਰੀ ਅਤੇ ਵਿਦੇਸ਼ ਨੀਤੀ ਦੇ ਖੋਖਲੇਪਨ ਨੂੰ ਜ਼ਾਹਰ ਕਰ ਦਿੱਤਾ।

4. ਭਾਰਤ ਦੇ ਪ੍ਰਭੂਤਵ ਨੂੰ ਜੋ ਕਿ ਹਿਮਾਲਿਆ ਰਾਜ ਜਿਵੇਂ ਕਿ ਨੇਪਾਲ, ਸਿੱਕਮ (ਜੋ ਕਿ 1975 ਤੋਂ ਬਾਅਦ ਭਾਰਤ ਦਾ ਹੀ ਇਕ ਹਿੱਸਾ ਬਣ ਗਿਆ ਹੈ) ਅਤੇ ਭੂਟਾਨ ਆਦਿ ਵਿਚ ਭਾਰੀ ਸੱਟ ਵੱਜੀ। ਚੀਨ ਨੇ ਆਪਣੇ ਨੇਤ੍ਰਿਤਵ ਵਿਚ ਹਿਮਾਲਿਆ ਰਾਜਾਂ ਦਾ ਸੰਗਠਨ (Confederation of Himalayan States) ਦੇ ਵਿਚਾਰ ਨੂੰ ਉਛਾਲਣਾ ਸ਼ੁਰੂ ਕਰ ਦਿੱਤਾ, ਇਸ ਨੇ ਜੰਗੀ ਨੁਕਤੇ ਤੋਂ ਕੁਝ ਸੜਕਾਂ ਦਾ ਵੀ ਨਿਰਮਾਣ ਕੀਤਾ ਜਿਹੜੀਆਂ ਕਿ ਨੇਪਾਲ ਨੂੰ ਤਿੱਬਤ ਨਾਲ ਜੋੜਦੀਆਂ ਸਨ ਜਿਵੇਂ ਕਿ ਕਾਠਮੰਡੂ-ਕੰਡਾਰੀ ਰੋਡ ਅਤੇ ਭਦਰਾਪੁਰ ਉਲੰਗ ਚੰਗ ਰੋਡ (Bhadurpur Olang Chang Road)।

## ਭਾਰਤ ਦੀਆਂ ਸੁਰੱਖਿਆ ਸਮੱਸਿਆਵਾਂ ਅਤੇ ਚੀਨ

## (Security Problems of India and China)

ਏਸ਼ੀਆ ਤੇ ਦੱਖਣੀ ਪੂਰਬੀ ਏਸ਼ੀਆ ਵਿਚ ਚੀਨ ਦੀ ਨੀਤੀ ਦੇ ਦੋ ਵੱਡੇ ਥੰਮ ਵਿਸਥਾਰਵਾਦ ਅਤੇ ਸਰਦਾਰੀ ਕਾਇਮ ਰਖਣਾ ਹੈ। ਇਸ ਸਮੁੱਚੇ ਇਲਾਕੇ ਵਿਚ ਭਾਰਤ ਹੀ ਇਕ ਅਜਿਹਾ ਵੱਡਾ ਅਤੇ ਮਜ਼ਬੂਤ ਦੇਸ਼ ਸੀ ਜੋ ਚੀਨ ਦੇ ਉਦੇਸ਼ਾਂ ਨੂੰ ਰੋਕ ਪਾਉਣ ਦੇ ਸਮਰੱਥ ਸੀ, ਇਸ ਕਰਕੇ ਉਹ ਚੀਨ ਦੀ ਹਿੰਸਾ ਅਤੇ ਵਿਰੋਧੀ ਪ੍ਰਚਾਰ ਦਾ ਨਿਸ਼ਾਨਾ ਬਣਿਆ। ਇਸ ਨੇ ਭਾਰਤ ਨੂੰ ਕਮਜ਼ੋਰ ਅਤੇ ਦੂਜੇ ਤੋਂ ਵੱਖ ਕਰਨ ਲਈ ਕਈ ਤਰ੍ਹਾਂ ਦੇ ਸਾਧਨਾਂ ਨੂੰ ਅਪਣਾਇਆ। ਕਿਉਂਕਿ ਭਾਰਤ ਅਤੇ ਰੂਸ ਇਕ ਦੂਜੇ ਦੇ ਨੇੜੇ ਆ ਰਹੇ ਸਨ ਅਤੇ ਚੀਨ ਅਤੇ ਰੂਸ ਦੇ ਸੰਬੰਧ 1962 ਈ. ਤੋਂ ਬਹੁਤ ਤਣਾਅ ਪੂਰਣ ਹਨ। ਭਾਰਤ-ਪਾਕਿਸਤਾਨ ਦੇ ਝਗੜੇ ਤੋਂ ਵੀ ਚੀਨ ਨੇ ਪੂਰਾ-ਪੂਰਾ ਫਾਇਦਾ ਉਠਾਇਆ ਅਤੇ ਪਾਕਿਸਤਾਨ ਨੂੰ ਰਾਜਨੀਤਿਕ ਅਤੇ ਆਰਥਿਕ ਪੱਖ ਤੋਂ ਪੂਰਾ-ਪੂਰਾ ਸਹਿਯੋਗ ਦਿੱਤਾ ਅਤੇ ਉਸ ਦੇ ਸੁਰੱਖਿਆ ਸਾਧਨਾਂ ਨੂੰ ਭਾਰਤ ਦੇ ਮੁਕਾਬਲੇ ਚੰਗੇ ਬਣਾਉਣ ਵਿਚ ਮਦਦ ਦਿੱਤੀ। ਇਸ ਨੇ ਪਾਕਿਸਤਾਨ ਵਲ ਆਪਣੀ ਦੋਸਤੀ ਦਾ ਪ੍ਰਗਟਾਵਾ ਕਰਦੇ ਹੋਏ 1963 ਈ. ਵਿਚ ਆਪਣੀਆਂ ਅਤੇ ਪਾਕਿਸਤਾਨ ਦੀਆਂ ਸਰਹੱਦਾਂ ਨੂੰ ਮਜ਼ਬੂਤ ਕੀਤਾ ਅਤੇ ਆਜ਼ਾਦ ਕਸ਼ਮੀਰ ਵਿਚੋਂ 2050 ਵਰਗਮੀਲ ਦਾ ਇਲਾਕਾ ਸਦਭਾਵਨਾ ਦੇ ਤੌਰ ਤੇ ਹਾਸਲ ਕਰ ਲਿਆ। ਇਸ ਗੈਰ-ਕਾਨੂੰਨੀ ਕਾਰਵਾਈ ਪ੍ਰਤਿ ਭਾਰਤ ਵਲੋਂ ਕੀਤੇ ਹੋਏ ਵਿਰੋਧ ਨੂੰ ਅੱਖੋਂ ਓਹਲੇ ਕਰ ਦਿੱਤਾ ਗਿਆ। 1965 ਈ. ਤੋਂ ਚੀਨ ਨੇ ਪਾਕਿਸਤਾਨ ਨੂੰ 2 ਬਿਲੀਅਨ ਡਾਲਰ ਦੇ ਫੌਜੀ ਸਮਾਨ ਦੀ ਮਦਦ ਦਿੱਤੀ, ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਹਥਿਆਰ, ਔਜ਼ਾਰ, ਫੌਜੀ ਸਮਾਨ ਸੀ ਅਤੇ ਖਾਸ ਤੌਰ ਤੇ ਮਿਗ-19, ਜੈਟ-ਫਾਈਟਰ, ਟੀ 59 ਟੈਂਕ ਅਤੇ ਨੇਵੀ ਦੇ ਕੁਝ ਜਹਾਜ਼ ਬਹੁਤ ਮਹੱਤਵਪੂਰਣ ਕਹੇ ਜਾ ਸਕਦੇ ਹਨ। ਉਨ੍ਹਾਂ ਨੇ ਦੋ ਪਾਕਿਸਤਾਨੀ ਡਵੀਜ਼ਨਾਂ ਨੂੰ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਕਰ ਦਿੱਤਾ ਅਤੇ ਫੌਜੀ ਤਕਨੀਸ਼ੀਅਨ ਭੇਜ ਕੇ ਪਾਕਿਸਤਾਨ ਵਿਚ ਸੁਰੱਖਿਆ ਦਾ ਸਮਾਨ ਬਣਾਉਣ ਲਈ ਕਾਰਖਾਨੇ ਲਗਾਉਣ ਵਿਚ ਮਦਦ ਕੀਤੀ। 1978 ਈ. ਵਿਚ ਉਨ੍ਹਾਂ ਨੇ 720 ਕਿਲੋਮੀਟਰ ਲੰਬੀ ਕਾਰਾਕੁਰਮ ਸੜਕ (Karakoram Road) ਪੂਰੀ ਕੀਤੀ ਜੋ ਗਿਲਗਿਤ (ਆਜ਼ਾਦ ਕਸ਼ਮੀਰ) ਨੂੰ ਕੇਸਗੜ੍ਹ (Keshgarh) ਸਿਨ ਕਿਆਂਗ, (ਚੀਨ ਦੇ ਇਕ ਪ੍ਰਾਂਤ ਨਾਲ ਜੋੜਦੀ ਹੈ)। ਇਸ ਫੋਜੀ ਮਹੱਤਤਾ ਵਾਲੀ ਸੜਕ ਨੇ ਭਾਰਤੀ ਸੁਰੱਖਿਆ ਲਈ ਕਈ ਪ੍ਰਕਾਰ ਦੀਆਂ ਔਕੜਾਂ ਖੜੀਆਂ ਕਰ ਦਿੱਤੀਆਂ। ਕੁਝ ਮਾਹਰਾਂ ਅਨੁਸਾਰ ਚੀਨ ਕੁਝ ਪਾਕਿਸਤਾਨੀ ਫੌਜੀਆਂ ਨੂੰ ਗੁਰੀਲਾ ਜੰਗ ਦੀ ਸਿਖਲਾਈ ਵੀ ਦੇ ਰਿਹਾ ਹੈ। ਰਾਜਨੀਤਿਕ ਪੱਖ ਤੋਂ ਚੀਨ ਕਸ਼ਮੀਰ ਦੇ ਮਸਲੇ ਤੇ ਪਾਕਿਸਤਾਨ ਦੀ ਹਮਾਇਤ ਕਰਦਾ ਹੈ ਅਤੇ ਕਸ਼ਮੀਰ ਵਿਚ ਲੋਕਮਤ ਕਰਾਉਣ ਦੇ ਹੱਕ ਵਿਚ ਇਸ ਨੇ ਸੰਯੁਕਤ ਰਾਸ਼ਟਰ ਵਿਚ ਦੱਖਣ ਏਸ਼ੀਆ ਦੇ ਇਲਾਕੇ ਨੂੰ 'ਪ੍ਰਮਾਣੂ ਰਹਿਤ' (Nuclear Free zone) ਘੋਸ਼ਿਤ ਕਰਨ ਦੇ ਪਾਕਿਸਤਾਨੀ ਮਸੌਦੇ ਦੀ ਹਮਾਇਤ ਕੀਤੀ ਤਾਂ ਜੋ ਭਾਰਤ ਦੇ ਸ਼ਾਂਤੀ ਪੂਰਨ ਪ੍ਰੋਗਰਾਮ ਨੂੰ ਉਲਝਾਇਆ ਜਾ ਸਕੇ। 1971 ਈ. ਵਿਚ ਪਾਕਿਸਤਾਨ ਦੇ ਟੋਟੇ ਹੋਣ ਤੇ ਇਸ ਨੇ ਭਾਰਤ ਦੀ ਬਹੁਤ ਕਰੜੀ ਆਲੋਚਨਾ ਕੀਤੀ।

ਰੂਸ ਦੇ ਡਰ ਕਰਕੇ 1970 ਈ. ਦੇ ਸ਼ੁਰੂ ਵਿਚ ਚੀਨ ਅਮਰੀਕਾ ਦੇ ਨੇੜੇ ਹੋਣਾ ਸ਼ੁਰੂ ਹੋ ਗਿਆ। ਇਨ੍ਹਾਂ ਦੋਨਾਂ ਦੇਸ਼ਾਂ ਨੂੰ ਨੇੜੇ ਲਿਆਉਣ ਵਿਚ ਪਾਕਿਸਤਾਨ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ।

ਚੀਨ ਨੇ ਭਾਰਤ ਵਿਚ ਨਾਗਾਲੈਂਡ ਅਤੇ ਮਿਜ਼ੋਰਮ ਦੇ ਬਾਗੀਆਂ ਨੂੰ ਹਥਿਆਰਾਂ, ਸਿਖਲਾਈ ਅਤੇ ਧਨ ਨਾਲ ਭਾਵ ਹਰ ਤਰ੍ਹਾਂ ਨਾਲ ਸਿਰਫ ਇਸ ਲਈ ਮਦਦ ਕੀਤੀ ਤਾਂ ਜੋ ਇਹ ਬਾਗੀ ਆਪਣੇ ਵਿਦਰੋਹ ਨੂੰ ਭਾਰਤ ਵਿਰੁੱਧ ਜਾਰੀ ਰੱਖ ਸਕਣ। ਇਸ ਨੇ ਭਾਰਤ ਵਿਚ ਨਕਸਲਬਾੜੀਆਂ ਦੀ ਹਥਿਆਰਾਂ ਆਦਿ ਨਾਲ ਮਦਦ ਕੀਤੀ ਜੋ ਕਿ ਮਾਰਕਸਵਾਦੀ ਲੈਨਿਨਵਾਦੀ ਸਿਧਾਂਤਾਂ ਪ੍ਰਤਿ ਉਗਰਪੰਥੀ ਹੋਣ ਕਰਕੇ ਹਮੇਸ਼ਾਂ ਫਤੂਰ ਪਾਈ ਰਖਦੇ ਹਨ।

ਬਰਮਾ ਦੇ ਉੱਤਰੀ ਜ਼ਿਲ੍ਹਿਆਂ ਦੇ ਸਮਾਜਵਾਦੀਆਂ ਤੇ ਚੀਨ ਦਾ ਬਹੁਤ ਡੂੰਘਾ ਪ੍ਰਭਾਵ ਹੈ। ਭਾਰਤ ਦੇ ਉੱਪਰ ਕਥਿਤ ਬਾਗੀਆਂ ਨਾਲ ਇਨ੍ਹਾਂ ਦਾ ਕਿਸੀ ਕਿਸਮ ਦਾ ਸੰਬੰਧ ਭਾਰਤ ਦੀ ਸੁਰੱਖਿਆ ਲਈ ਖਤਰਨਾਕ ਹੋ ਸਕਦਾ ਹੈ।

ਕੁਝ ਭਰੋਸੇਯੋਗ ਸੂਤਰਾਂ ਅਨੁਸਾਰ, ਚੀਨੀ ਪਣਡੁੱਬੀਆਂ ਬੰਗਾਲ ਦੀ ਖਾੜੀ ਵਿਚ ਮੌਜੂਦ ਸਨ। ਇਸ ਲਈ ਭਾਰਤੀ ਸਾਗਰ (Indian Ocean) ਵਿਚ ਭਾਰਤ ਨੂੰ ਖਤਰੇ ਦਾ ਸਮੇਂ ਸਿਰ ਮੁਕਾਬਲਾ ਕਰਨ ਅਤੇ ਇਸ ਖੇਤਰ ਵਿਚ ਆਪਣੇ ਵਿਰੁੱਧ ਪ੍ਰਾਪੇਗੰਡੇ ਨੂੰ ਰੋਕਣ ਦੇ ਲਈ ਆਪਣੇ ਲਾਭਾਂ ਦੀ ਬਹੁਤ ਸਾਵਧਾਨੀ ਨਾਲ ਨਿਗਰਾਨੀ ਕਰਨੀ ਪੈਂਦੀ ਹੈ। ਸਾਨੂੰ ਸਵਰਗੀਯ ਚੀਨੀ ਪ੍ਰਧਾਨ

ਮੰਤਰੀ ਸ੍ਰੀ ਚਾਉ-ਇਨ-ਲਾਈ ਦੇ ਵਿਚਾਰਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜੋ ਉਸ ਨੇ 1972 ਈ. ਵਿਚ ਯੋਗੋਸਲਾਵੀਆ ਦੇ ਇਕ ਰਸਾਲੇ ਨੂੰ ਇੰਟਰਵਿਯੂ ਵੇਲੇ ਦਿਤੇ ਸੀ ਕਿ, 'ਚੀਨ ਭਾਰਤੀ ਉਪ-ਮਹਾਂਦੀਪ ਅਤੇ ਹਿੰਦ ਮਹਾਂਸਾਗਰ (Indian Ocean) ਨੂੰ ਦੋ ਵੱਡੀਆਂ ਤਾਕਤਾਂ ਦੇ ਸ਼ਿਕੰਜੇ ਤੋਂ ਮੁਕਤ ਰੱਖਣ ਲਈ ਹਰ ਸੰਭਵ ਯਤਨ ਕਰਦਾ ਰਹੇਗਾ।

ਹਿਮਾਲਿਆ ਸਰਹੱਦਾਂ ਤੇ 1957 ਈ. ਵਿਚ ਜਦੋਂ ਚੀਨ ਨੇ ਨਾਥੂ ਲਾ (Nathu La) ਅਤੇ ਚੋ ਲਾ (Cho La) ਉੱਤੇ ਹਮਲਾ ਕੀਤਾ ਤਾਂ ਉਸ ਸਮੇਂ ਭਾਰਤੀ ਜੁਆਬ ਵਾਕਿਆ ਬਹੁਤ ਹੀ ਸ਼ਾਨਦਾਰ ਸੀ। ਆਪਣੀਆਂ ਸਰਹੱਦਾਂ ਤੇ ਚੀਨ ਵੱਲੋਂ ਅਜਿਹੀਆਂ ਨੋਕਾਂ ਝੋਕਾਂ ਅਤੇ ਵਾਰਦਾਤਾਂ ਦਾ ਮੁਕਾਬਲਾ ਕਰਨ ਲਈ ਭਾਰਤ ਨੂੰ ਆਪਣੀ ਫੌਜੀ ਤਾਕਤ ਮਜ਼ਬੂਤ ਕਰਨਾ ਜ਼ਰੂਰੀ ਸੀ।

1971 ਦੇ ਭਾਰਤ ਪਾਕਿ ਯੁੱਧ ਸਮੇਂ ਚੀਨ ਦੀ ਨੀਤੀ ਤਿੰਨ ਗੱਲਾਂ ਵਲ ਕੇਂਦਰਿਤ ਸੀ। ਪਹਿਲੀ ਯਾਹੀਆ ਖਾਂ ਨੂੰ ਭਾਰਤ ਵਿਰੁੱਧ ਸਹਾਇਤਾ ਦੇਣਾ ਅਤੇ ਪਾਕਿਸਤਾਨ ਨੂੰ ਮਹਾਂ ਸ਼ਕਤੀਆਂ ਵਲੋਂ ਪਾਏ ਜਾਣ ਵਾਲੇ ਦਬਾਓ ਨੂੰ ਮੰਨਣ ਤੋਂ ਰੋਕ ਕੇ ਰੱਖਣਾ, ਦੂਸਰੇ ਪੂਰਬੀ ਪਾਕਿਸਤਾਨ ਵਾਲੇ ਪਾਸੇ ਭਾਰਤ ਨਾਲ ਲਗਵੀਂ ਸੀਮਾ ਉਪਰ ਸੈਨਿਕ ਦਬਾਓ ਵਧਾਉਣਾ ਅਤੇ ਤੀਸਰੇ ਪੂਰਬੀ ਪਾਕਿਸਤਾਨ ਵਿਚ ਚੀਨ ਦਾ ਰਾਜਨੀਤਿਕ ਪ੍ਰਭਾਵ ਵਧਾਉਣਾ।

1971 ਈ. ਉਪਰੰਤ ਚੀਨੀ-ਭਾਰਤ ਸੰਬੰਧਾਂ ਵਿਚ ਸੁਧਾਰ ਹੋਇਆ। ਦੋਨਾਂ ਦੇਸ਼ਾਂ ਨੇ ਆਪਣੇ ਆਪਣੇ ਰਾਜਦੂਤਾਂ ਦਾ ਵਟਾਂਦਰਾ ਕੀਤਾ ਹੈ। ਭਾਰਤ ਨਾਲ ਆਪਣੇ ਸੰਬੰਧਾਂ ਨੂੰ ਸੁਧਾਰਨ ਲਈ ਚੀਨ ਨੇ ਕੁਝ ਸੁਝਾਅ ਵੀ ਦਿੱਤੇ ਹਨ ਪਰੰਤੂ ਪਿਛਲੇ ਕੋੜੇ ਤਜਰਬਿਆਂ ਕਾਰਣ ਭਾਰਤ ਨੇ ਇਨ੍ਹਾਂ ਸੁਝਾਵਾਂ ਵਲ ਕੋਈ ਉਤਸ਼ਾਹ ਨਹੀਂ ਵਿਖਾਇਆ। ਜਦੋਂ ਤਕ ਚੀਨ ਉਹ ਸਾਰਾ ਇਲਾਕਾ ਜੋ ਉਸ ਨੇ 1962 ਈ. ਵਿਚ ਹਥਿਆਇਆ ਸੀ, ਵਾਪਸ ਨਹੀਂ ਕਰ ਦਿੰਦਾ, ਦੋਨਾਂ ਦੇਸ਼ਾਂ ਵਿਚ ਚੰਗੇ ਸੰਬੰਧ ਹੋਣ ਦੇ ਆਸਾਰ ਬਹੁਤ ਘੱਟ ਹਨ। ਦੱਖਣੀ ਏਸ਼ੀਆ ਵਿਚ ਬਦਲ ਰਹੀਆਂ ਪਰਿਸਥਿਤੀਆਂ ਦੇ ਕਾਰਣ ਜੋ ਕਿ ਵੱਡੀਆਂ ਤਾਕਤਾਂ ਦੀ ਠੰਡੀ ਜੰਗ (Cold War) ਦੇ ਅਸਰ ਹੇਠ ਸਨ, ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਏਸ਼ੀਆ ਦੀਆਂ ਦੋ ਮਹਾਨ ਤਾਕਤਾਂ ਚੀਨ ਅਤੇ ਭਾਰਤ ਵਿਚ ਆਪਸੀ ਸੰਬੰਧ ਚੰਗੇ ਬਣਾਏ ਜਾਣ ਤਾਂ ਜੋ ਇਸ ਸਮੁੱਚੇ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਕਾਇਮ ਕੀਤੀ ਜਾ ਸਕੇ।

# ਹਿੰਦ ਮਹਾਂਸਾਗਰ ਅਤੇ ਭਾਰਤ ਦੀ ਸੁਰੱਖਿਆ

## (Indian Ocean and India's Security)

**ਭੂਮਿਕਾ :-**

ਅੱਜ ਕਲ੍ਹ ਦੇ ਸਮੇਂ ਵਿਚ ਹਰੇਕ ਦੇਸ਼ ਨੂੰ ਆਪਣੀ ਸੁਰੱਖਿਆ ਤਿੰਨ ਪਾਸਿਆਂ ਤੋਂ ਕਰਨੀ ਪੈਂਦੀ ਹੈ, ਉਹ ਹਨ ਜ਼ਮੀਨ, ਹਵਾ ਅਤੇ ਪਾਣੀ। ਸਾਇੰਸ ਦੀ ਤਰੱਕੀ ਦੇ ਨਾਲ ਹਥਿਆਰ ਇਸ ਤਰ੍ਹਾਂ ਦੇ ਬਣ ਚੁੱਕੇ ਹਨ ਕਿ ਜ਼ਮੀਨ, ਹਵਾ ਅਤੇ ਪਾਣੀ ਦੀ ਲੜਾਈ ਵਿਚ ਆਧੁਨਿਕ ਹਥਿਆਰਾਂ ਵਾਸਤੇ ਕੋਈ ਜ਼ਿਆਦਾ ਅੰਤਰ ਨਹੀਂ ਰਹਿ ਜਾਂਦਾ। ਅੱਜ ਦਾ ਯੁੱਗ ਸਾਇੰਸ ਦਾ ਯੁਗ ਹੈ। ਇਸ ਲਈ ਕਿਸੇ ਦੇਸ਼ ਲਈ ਜਿੰਨੀ ਸੁਰੱਖਿਆ ਜ਼ਮੀਨ ਅਤੇ ਹਵਾ ਤੋਂ ਜ਼ਰੂਰੀ ਹੈ ਉਨ੍ਹੀ ਹੀ ਪਾਣੀ ਤੋਂ ਵੀ ਜ਼ਰੂਰੀ ਹੈ। ਭਾਰਤ ਨੂੰ ਹਿੰਦ ਮਹਾਂਸਾਗਰ ਤਿੰਨ ਪਾਸੇ ਤੋਂ ਲਗਦਾ ਹੈ ਇਸਦਾ ਸਮੁੰਦਰੀ ਤੱਟ ਤਕਰੀਬਨ 6100 ਕਿਲੋਮੀਟਰ ਲੰਬਾ ਹੈ। ਇੰਨਾ ਜ਼ਿਆਦਾ ਲੰਬਾ ਸਮੁੰਦਰੀ ਤੱਟ ਹੋ ਜਾਣ ਕਰਕੇ ਭਾਰਤ ਦੀ ਸੁਰੱਖਿਆ ਹਿੰਦ ਮਹਾਂਸਾਗਰ ਤੋਂ ਕਾਫ਼ੀ ਜ਼ਿਆਦਾ ਪ੍ਰਭਾਵਿਤ ਹੁੰਦੀ ਹੈ।

ਭਾਰਤ ਦਾ ਇਤਿਹਾਸ ਪੁਰਾਣਿਆਂ ਸਮਿਆਂ ਤੋਂ ਹੀ ਹਿੰਦ ਮਹਾਂਸਾਗਰ ਤੋਂ ਪ੍ਰਭਾਵਿਤ ਹੁੰਦਾ ਰਿਹਾ ਹੈ ਕਿਉਂਕਿ ਤਿੰਨਾਂ ਪਾਸਿਆਂ ਤੋਂ ਪਾਣੀ ਨਾਲ ਘਿਰੇ ਹੋਣ ਕਰਕੇ ਭਾਰਤ ਆਪਣੇ ਸਮੁੰਦਰੀ ਵਪਾਰ ਲਈ ਇਸੇ ਮਹਾਂਸਾਗਰ ਤੇ ਨਿਰਭਰ ਕਰਦਾ ਹੈ। ਜੇ ਅਸੀਂ ਭਾਰਤੀ ਇਤਿਹਾਸ ਵੱਲ ਨਿਗਾਹ ਮਾਰਦੇ ਹਾਂ ਤਾਂ ਹਿੰਦ ਮਹਾਂਸਾਗਰ ਤੇ ਪਹਿਲਾ ਹਮਲਾ ਅਰਬਾਂ ਨੇ 636-637 ਈ: ਵਿਚ ਕੀਤਾ ਸੀ ਪਰ ਅਰਬ ਆਪਣੇ ਮਿਸ਼ਨ ਵਿਚ ਸਫ਼ਲ ਨਹੀਂ ਹੋਏ ਸਨ। ਇਸ ਗੱਲ ਦਾ ਵੀ ਸਾਨੂੰ ਪੱਕਾ ਸਬੂਤ ਮਿਲਦਾ ਹੈ ਕਿ ਮੁਗਲਾਂ ਨੇ ਭਾਰਤ ਦੀ ਸਮੁੰਦਰ ਪੱਖੋਂ ਅਹਿਮੀਅਤ ਅਤੇ ਸੁਰੱਖਿਆ ਨੂੰ ਨਹੀਂ ਸਮਝਿਆ ਸੀ। ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰੀ ਸਮੁੰਦਰੀ ਸੁਰੱਖਿਆ ਲਈ ਸ਼ਿਵਾ ਜੀ ਨੇ ਸਤਾਰਵੀਂ ਸਦੀ ਵਿਚ ਮਰਾਠਾ ਸਮੁੰਦਰੀ ਸੈਨਾ ਬਣਾਈ ਸੀ। ਸ਼ਿਵਾ ਜੀ ਤੋਂ ਪਹਿਲਾਂ ਜੈਮੋਰਿਨ (Zamorin), ਜੋ ਕਿ ਕਾਲੀਕਾਟ ਦਾ ਰਾਜਾ ਸੀ, ਨੇ ਪੁਰਤਗਾਲੀਆਂ ਵਲੋਂ ਕੀਤੇ ਗਏ ਹਮਲੇ ਵਿਚ ਆਪਣੀ ਰੱਖਿਆ ਕੀਤੀ ਸੀ। ਪਰ ਅਖ਼ੀਰ ਵਿਚ ਪੁਰਤਗਾਲੀ ਸਮੁੰਦਰ ਰਾਹੀਂ ਭਾਰਤ ਵਿਚ ਪ੍ਰਵੇਸ਼ ਕਰਨ ਵਿਚ ਕਾਮਯਾਬ ਹੋ ਗਏ ਸਨ। ਇਸ ਤਰ੍ਹਾਂ ਪੁਰਤਗਾਲੀ ਆਪਣੀ ਸਰਦਾਰੀ ਕਾਇਮ ਕਰਨ ਵਿਚ ਸਫ਼ਲ ਹੋ ਗਏ ਸਨ। ਬਾਅਦ ਦੇ ਵਿਚ ਜਾਪਾਨ ਦੁਆਰਾ ਕੀਤੇ ਗਏ ਬਰਤਾਨਵੀ ਭਾਰਤ ਉਤੇ ਹਮਲੇ ਤੋਂ ਆਜ਼ਾਦ ਭਾਰਤ ਨੂੰ ਅੰਦਾਜ਼ਾ ਲੱਗਾ ਕਿ ਆਪਣੀ ਸਮੁੰਦਰੀ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪਰ ਆਜ਼ਾਦੀ ਦੇ ਪਹਿਲੇ ਸਮੇਂ ਵਿਚ ਭਾਰਤ ਨੇ ਚੀਨ ਅਤੇ ਪਾਕਿਸਤਾਨ ਵਲੋਂ ਸੰਭਾਵੀ ਹਮਲੇ ਨੂੰ ਖਿਆਲ ਵਿਚ ਰੱਖ ਕੇ ਆਪਣੀ ਹਵਾਈ ਸੈਨਾ ਅਤੇ ਥਲ ਸੈਨਾ ਵੱਲ ਜ਼ਿਆਦਾ ਧਿਆਨ ਦਿੱਤਾ। ਇਸ ਤੋਂ ਬਾਅਦ ਹੋ ਰਹੀਆਂ ਖੇਤਰੀ ਅਤੇ ਅੰਤਰ-ਰਾਸ਼ਟਰੀ ਤਬਦੀਲੀਆਂ ਨਾਲ ਭਾਰਤ ਨੇ ਥਲ ਅਤੇ ਹਵਾਈ ਸੁਰੱਖਿਆ ਦੇ ਨਾਲ ਜਲ ਸੁਰੱਖਿਆ ਵੱਲ ਵੀ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ।

### (1) ਹਿੰਦ ਮਹਾਂਸਾਗਰ ਦੀ ਭੂ-ਰਾਜਨੀਤਿਕ ਮਹੱਤਤਾ (Geo-strategic Location of Indian Ocean)

ਹਿੰਦ ਮਹਾਂਸਾਗਰ ਪ੍ਰਸ਼ਾਂਤ ਅਤੇ ਅੰਧ ਮਹਾਂਸਾਗਰ ਤੋਂ ਬਾਅਦ ਦੁਨੀਆਂ ਦਾ ਤੀਜਾ ਵੱਡਾ ਸਮੁੰਦਰ ਹੈ। ਇਸ ਦੇ ਉੱਤਰ ਵਿਚ ਅਫ਼ਰੀਕਾ ਅਤੇ ਦੱਖਣੀ ਏਸ਼ੀਆ ਅਤੇ ਦੱਖਣ ਵਿੱਚ ਐਨਟਾਰਟਿਕਾ ਲੱਗਦਾ ਹੈ। ਇਹ ਅੰਧ ਮਹਾਂਸਾਗਰ ਅਤੇ ਹਿੰਦ ਮਹਾਂਸਾਗਰ ਦੀ ਕੈਪ ਅਗਲਹਾਸ (Cape Auglhas) ਜਗ੍ਹਾ ਤੇ ਜੋ ਕਿ ਅਫ਼ਰੀਕਾ ਦਾ ਦੱਖਣੀ ਸਿਰਾ ਹੈ, ਦੀ ਸਰਹੱਦ ਹੈ। ਇਹ ਭੌਤਿਕ ਰੂਪ ਵਿਚ ਦੱਖਣ ਤੋਂ ਅੰਗਰੇਜ਼ੀ ਦੇ ਅੱਖਰ 'W' ਵਰਗਾ ਲਗਦਾ ਹੈ ਜਿਸ ਦੀਆਂ ਕਿ ਦੋ ਬਰਾਂਚਾਂ ਅਰਬ ਸਾਗਰ (Arabian Sea) ਅਤੇ ਬੰਗਾਲ ਦੀ ਖਾੜੀ (Bay of Bengal) ਹਨ। ਹਿੰਦ ਮਹਾਂਸਾਗਰ ਦੇ ਪੱਛਮ ਵੱਲ ਅਫ਼ਰੀਕਾ ਮਹਾਂਦੀਪ, ਉੱਤਰ ਵੱਲ ਏਸ਼ੀਆ ਅਤੇ ਪੂਰਬ ਵੱਲ ਆਸਟ੍ਰੇਲੀਆ ਅਤੇ ਦੱਖਣ ਵੱਲ ਐਨਟਾਰਕਟਿਕਾ ਹੈ।

ਇਸ ਦੇ ਖੇਤਰਫਲ ਦੇ ਬਾਰੇ ਵੱਖ-ਵੱਖ ਮਾਹਿਰਾਂ ਦੇ ਵੱਖ-ਵੱਖ ਵਿਚਾਰ ਹਨ। ਪਰ ਐਨਸਾਈਕਲੋਪੀਡੀਆ ਬ੍ਰੀਟੈਨਿਕਾ (Encyclopedia Britannica) ਅਨੁਸਾਰ ਇਹ 28,360,000 ਵਰਗਮੀਲ (73,440,000 sq. km) ਹੈ। ਹਿੰਦ ਮਹਾਂਸਾਗਰ ਦੁਨੀਆਂ ਦੇ ਬਾਕੀ ਸਮੁੰਦਰਾਂ ਨਾਲੋਂ ਜਹਾਜ਼ਰਾਨੀ ਦੇ ਜ਼ਿਆਦਾ ਅਨੁਕੂਲ ਹੈ ਕਿਉਂਕਿ ਇਸ ਦਾ ਪਾਣੀ ਸਾਲ ਵਿਚ ਜ਼ਿਆਦਾ ਸਮਾਂ ਸ਼ਾਂਤ ਰਹਿੰਦਾ ਹੈ। ਇਸ ਦਾ ਸ਼ਾਂਤਮਈ ਰੂਪ ਦੂਜੇ ਮਹਾਂਸਾਗਰਾਂ ਨਾਲੋਂ ਅਲੱਗ ਕਿਸਮ ਦੀ ਯੁੱਧ-ਨੀਤੀ ਦੀ ਮੰਗ ਕਰਦਾ ਹੈ। ਇਸ ਦੇ ਰਾਹੀਂ ਹੀ ਪੱਛਮ ਦੀਆਂ ਕਈ ਸ਼ਕਤੀਆਂ ਪੂਰਬ ਦੇ ਖਜ਼ਾਨਿਆਂ ਤੱਕ ਪਹੁੰਚਦੀਆਂ ਰਹੀਆਂ ਹਨ। ਸੰਸਾਰ ਵਿਚ ਆਪਣੀ ਮਹੱਤਵਪੂਰਣ ਭੂਗੋਲਿਕ ਸਥਿਤੀ ਕਾਰਨ ਇਹ ਸਮੁੰਦਰੀ ਆਵਾਜਾਈ ਲਈ ਮੁੱਢ ਤੋਂ ਹੀ ਪੂਰਬ ਤੇ ਪੱਛਮ ਨੂੰ ਮਿਲਾਉਣ ਦਾ ਸਾਧਨ ਰਿਹਾ ਹੈ। ਅੱਜ ਕਲ੍ਹ ਦੁਨੀਆਂ ਦੇ ਵਪਾਰ ਦਾ 95% ਹਿੱਸਾ ਸਮੁੰਦਰੀ ਵਪਾਰ ਉਪਰ ਨਿਰਭਰ ਕਰਦਾ ਹੈ। ਇਸ ਸਮੁੰਦਰ ਵਿਚੋਂ ਹੀ ਵਿਸ਼ਾਲ ਕੱਚੇ ਮਾਲ ਅਤੇ ਤਿਆਰ ਕੀਤੀਆਂ ਵਸਤਾਂ ਯੂਰਪ, ਜਾਪਾਨ, ਅਮਰੀਕਾ, ਰੂਸ ਅਤੇ ਦੂਜੇ ਦੇਸ਼ਾਂ ਨੂੰ ਲਿਜਾਈਆਂ ਅਤੇ ਲਿਆਂਦੀਆਂ ਜਾਂਦੀਆਂ ਹਨ। ਜਾਪਾਨ ਦਾ 90%, ਪੱਛਮੀ ਯੂਰਪ ਦਾ 50%, ਆਸਟਰੇਲੀਆ ਦਾ 65% ਅਤੇ ਅਫ਼ਰੀਕਾ ਦਾ 83% ਤੋਂ ਵੀ ਵੱਧ ਤੇਲ ਇਸ ਸਾਗਰ ਰਾਹੀਂ ਲਿਆਂਦਾ ਜਾਂਦਾ ਹੈ। ਰੂਸ ਲਈ ਹਰੇਕ ਮੌਸਮ ਵਿਚ ਵਰਤਿਆ ਜਾ ਸਕਣ ਵਾਲਾ ਇਹ ਇਕੋ ਇਕ ਰਸਤਾ ਹੈ। ਯੁੱਧ ਨੀਤੀ ਪੱਖੋਂ ਹਿੰਦ ਮਹਾਂਸਾਗਰ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਯੂਰਪ ਏਸ਼ੀਆ, ਅਫ਼ਰੀਕਾ ਅਤੇ ਆਸਟਰੇਲੀਆ ਵਿਚਕਾਰ ਇਕ ਕੜੀ ਦਾ ਕੰਮ ਕਰਦਾ ਹੈ।

ਪ੍ਰਾਕ੍ਰਿਤਿਕ ਭੂਗੋਲ ਦੇ ਪੱਖ ਤੋਂ ਅਸੀਂ ਹਿੰਦ ਮਹਾਂਸਾਗਰ ਨੂੰ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ ਉਹ ਹਨ, ਮਹਾਂਦੀਪੀ ਸ਼ੈਲਫ (Continental Shelves), ਅਰਧ ਸਮੁੰਦਰੀ ਪਹਾੜੀ (Submarine ridges) ਅਤੇ ਡੂੰਘੇ ਸਮੁੰਦਰੀ ਮੈਦਾਨ ( deep sea plains)। ਇਸ ਦੇ ਪਹਿਲੇ ਭਾਗ ਵਿਚ 4.2% ਹਿੱਸਾ ਆਉਂਦਾ ਹੈ। ਹਿੰਦ ਮਹਾਂਸਾਗਰ ਪੈਟਰੋਲੀਅਮ, ਟਿਨ, ਸੋਨਾ ਅਤੇ ਮੈਗਨੀਜ਼ ਵਰਗੇ ਖਣਿਜਾਂ ਨਾਲ ਭਰਪੂਰ ਹੈ। ਸੁਮਾਤਰਾ ਦੇ ਦੱਖਣ ਵਿਚ ਫਾਰਸ ਦੀ ਖਾੜੀ ਅਤੇ ਲਾਲ ਸਾਗਰ ਅਤੇ ਅਜਿਹੇ ਖਣਿਜਾਂ ਦੀ ਬਹੁਤਾਤ ਹੈ।

## (a) ਟਾਪੂ (Islands)

ਅਰਧ ਸਮੁੰਦਰੀ ਭਾਗ (submarine side) ਬਹੁਤ ਸਾਰੇ ਟਾਪੂ ਬਣਾਉਂਦੀ ਹੈ, ਜਿਹੜੀ ਕਿ ਦਿਸ਼ਾਂਤਰ (longitudinal) ਉੱਤਰ ਦੱਖਣ ਦਿਸ਼ਾ ਵਿਚ ਤਿੰਨ ਜੰਜ਼ੀਰਾਂ ਬਣਾਉਂਦੇ ਹਨ। ਇਹ ਪੱਛਮੀ, ਮੱਧ ਅਤੇ ਪੂਰਬੀ ਦੀਪਾਂ ਦੇ ਸਮੂਹ ਹਨ। ਪੱਛਮੀ ਗਰੁੱਪਾਂ ਦੇ ਦੀਪ ਸਮੂਹਾਂ ਵਿਚ ਮਸੀਰਾ (Masirah) ਸਕੋਤਰਾ (Scotra) ਕੁਰੀਆ ਮੁਰੀਆ (Kuria Muria) ਮਡਗਾਸਕਰ (Madgaskar) ਡੀਗੋ ਸਿਉਰੇਜ਼ (Diego Suarez) ਕਾਮੋਰਸ (Comoras) ਜਾਂਜੀਬਾਰ (Zanizbar) ਮੋਰੀਸ਼ਸ (Mauritius) ਅਤੇ ਰੀਯੂਨੀਅਨ (Reunion) ਮੁੱਖ ਹਨ।

ਮੱਧ ਦੇ ਦੀਪਾਂ ਵਿਚ ਲਕਸ਼ਦੀਪ (Laccasdives),ਮਾਲਦੀਪ, ਸ੍ਰੀਲੰਕਾ, ਡੀਗੋਗਾਰਸ਼ਿਆ, ਸੇਂਟ ਪਾਲ (St. Paul) ਅਤੇ ਐਮਸਟਰਡਮ(Amesterdam) ਮੁੱਖ ਹਨ।

ਪੂਰਬੀ ਦੀਪਾਂ ਵਿਚੋਂ ਬਰਮਾ ਪਰੀਪੈਰਿਸ (Burma Preparias), ਅੰਡਮਾਨ ਨਿਕੋਬਾਰ, ਇੰਡੋਨੇਸ਼ੀਆ ਦੇ ਦੀਪਾਂ ਦੀ ਲੜੀ ਹੈ। ਇਨ੍ਹਾਂ ਵਿਚ ਕੁਝ ਵੱਡੇ ਸੁਮਾਤਰਾ ਅਤੇ ਜਾਵਾ ਵਰਗੇ ਦੀਪ ਹਨ।

ਬੀਤੇ ਸਮੇਂ ਵਿਚ ਇਨ੍ਹਾਂ ਮਹਾਂਦੀਪਾਂ ਨੇ ਆਪਣੀ ਯੁੱਧ-ਨੀਤਿਕ ਪੱਖੋਂ ਬਹੁਤ ਹੀ ਵਧੀਆ ਭੂਮਿਕਾ ਨਿਭਾਈ ਹੈ ਅਤੇ ਇਨ੍ਹਾਂ ਰਾਹੀਂ ਵੀ ਪੱਛਮੀ ਸਮੁੰਦਰੀ ਸ਼ਕਤੀਆਂ ਸਮੁੰਦਰ ਨਾਲ ਲਗਦੇ (Littoral) ਅਤੇ ਧਰਤੀ ਨਾਲ ਘਿਰੇ (hinterland) ਦੇਸ਼ਾਂ ਨੂੰ ਕਾਬੂ ਕਰਨ ਵਿਚ ਸਫ਼ਲ ਹੋਈਆਂ ਸਨ। ਪਰ ਹੁਣ ਇਹ ਟਾਪੂ ਆਜ਼ਾਦ ਹੋ ਚੁੱਕੇ ਹਨ ਜਾਂ ਫਿਰ ਕਿਸੇ ਨਾ ਕਿਸੇ ਸਮੁੰਦਰ ਨਾਲ ਲਗਦੇ (littoral) ਦੇਸ਼ ਦਾ ਭਾਗ ਹਨ।

## (b) ਭਾਰਤ ਦੀ ਹਿੰਦ ਮਹਾਂਸਾਗਰ ਵਿਚ ਸਥਿੱਤੀ (India's Location and Physical Setting in Indian Ocean)

ਭਾਰਤ ਦਾ ਕੁਲ ਖੇਤਰਫ਼ਲ 3,166,414 ਵਰਗ ਕਿਲੋਮੀਟਰ ਹੈ। ਇਹ ਹਿੰਦ ਮਹਾਂਸਾਗਰ ਦੇ ਉੱਤਰ ਵਿਚ ਸਥਿੱਤ ਹੈ। ਭਾਰਤ ਇਲਾਕੇ ਪੱਖੋਂ ਦੁਨੀਆਂ ਦਾ ਸੱਤਵਾਂ ਵੱਡਾ ਦੇਸ਼ ਹੈ ਪਰ ਹਿੰਦ ਮਹਾਂਸਾਗਰ ਦੇ ਦੇਸ਼ਾਂ ਵਿਚੋਂ ਦੂਜੇ ਨੰਬਰ ਤੇ ਹੈ। ਹਿੰਦ ਮਹਾਂਸਾਗਰ ਵਿਚ ਸਭ ਤੋਂ ਵੱਡਾ ਦੇਸ਼ ਆਸਟਰੇਲੀਆ ਹੈ। ਭਾਰਤ ਦੀ ਤੱਟ ਰੇਖਾ 7400 (ਅੰਡੇਮਾਨ-ਨਿਕੋਬਾਰ ਟਾਪੂਆਂ ਨੂੰ

ਮਿਲਾ ਕੇ ) ਕਿਲੋਮੀਟਰ ਲੰਬੀ ਹੈ। ਭਾਰਤ ਦੀ ਹਿੰਦ ਮਹਾਂਸਾਗਰ ਦੇ ਉਤਰ ਵਿਚ ਸਥਿੱਤ ਹੈ ਜੋ ਕਿ ਪੂਰੀ ਦੁਨੀਆਂ ਨਾਲ ਵਪਾਰਿਕ ਸੰਬੰਧ ਜੋੜਨ ਵਿਚ ਬਹੁਤ ਹੀ ਮਹੱਤਵਪੂਰਨ ਪੱਖ ਪ੍ਰਦਾਨ ਕਰਦੀ ਹੈ।

ਭਾਰਤ ਦੀ 6100 ਕਿਲੋਮੀਟਰ ਲੰਬੀ ਤੱਟ ਰੇਖਾ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ, ਇੱਕ ਪੱਛਮੀ ਭਾਗ ਅਤੇ ਦੂਜਾ ਪੂਰਬੀ ਭਾਗ। ਪੱਛਮੀ ਭਾਗ ਦੀ ਲੰਬਾਈ 3050 ਕਿਲੋਮੀਟਰ ਹੈ ਅਤੇ ਇਹ ਭਾਗ ਅਰਬ ਸਾਗਰ ਵੱਲ ਪੈਂਦਾ ਹੈ। ਇਸ ਤੱਟ ਦੇ ਨਾਲ ਭਾਰਤ ਦੇ ਗੁਜਰਾਤ, ਮਹਾਂਰਾਸ਼ਟਰ, ਕਰਨਾਟਕ, ਕੇਰਲਾ ਰਾਜ ਅਤੇ ਤਾਮਿਲਨਾਡੂ ਰਾਜ ਦਾ ਕੰਨਿਆਕੁਮਾਰੀ ਜ਼ਿਲ੍ਹਾ ਲਗਦਾ ਹੈ। ਇਸ ਭਾਗ ਦੀਆਂ ਮੁੱਖ ਬੰਦਰਗਾਹਾਂ ਕਾਂਡਲਾ, ਬੰਬਈ, ਮਰਮਾਗਓ (Marmgao), ਕਾਰਵਰ (Karwar) ਅਤੇ ਕੋਚੀਨ ਹਨ। ਇਨ੍ਹਾਂ ਪੰਜ ਵੱਡੀਆਂ ਬੰਦਰਗਾਹਾਂ ਤੋਂ ਬਿਨਾਂ 16 ਦਰਮਿਆਨੇ ਆਕਾਰ ਦੀਆਂ (Intermediate) ਬੰਦਰਗਾਹਾਂ ਅਤੇ 116 ਛੋਟੀਆਂ ਬੰਦਰਗਾਹਾਂ ਹਨ। ਇਸ ਦੇ ਪੱਛਮ ਵਾਲੇ ਪਾਸੇ ਲਕਸ਼ਦੀਪ ਦੀਪ ਸਮੂਹ ਵੀ ਹਨ। ਇਨ੍ਹਾਂ ਦੀਪਾਂ ਦੀ ਗਿਣਤੀ 508 ਹੈ। ਇਨ੍ਹਾਂ ਦੀਪਾਂ ਦਾ ਕੁਲ ਇਲਾਕਾ 52 ਵਰਗ ਕਿਲੋਮੀਟਰ ਹੈ। ਸਭ ਤੋਂ ਨੇੜੇ ਦਾ ਦੀਪ ਮੁੱਖ ਧਰਤੀ ਤੋਂ ਕਾਲੀਕਟ ਜਗਾ ਤੇ 108 ਕਿਲੋਮੀਟਰ ਦੀ ਦੂਰੀ ਤੇ ਹੈ। ਇਨ੍ਹਾਂ ਟਾਪੂਆਂ ਦੀ ਯੁੱਧ ਨੀਤੀ ਦੇ ਪੱਖੋਂ ਬਹੁਤ ਮਹੱਤਤਾ ਹੈ, ਖਾਸ ਕਰਕੇ ਮਿਨੀਕਾਏ (Minicoy) ਦੀ ਮਹੱਤਤਾ ਜ਼ਿਆਦਾ ਹੈ, ਜਿਹੜਾ ਕਿ ਮਾਲਦੀਪ ਦੇ ਨੇੜੇ ਅਤੇ ਅੰਤਰ ਰਾਸ਼ਟਰੀ ਸਮੁੰਦਰੀ ਰਸਤੇ ਦੇ ਵੀ ਨੇੜੇ ਹੈ। ਭਾਰਤ ਸਰਕਾਰ ਨੇ ਸੱਤ ਛੋਟੀਆਂ ਬੰਦਰਗਾਹਾਂ ਬਣਾਈਆਂ ਹਨ ਅਤੇ ਇਹ ਖਾਸ ਕਰਕੇ ਉਨ੍ਹਾਂ ਟਾਪੂਆਂ ਤੇ ਹੀ ਬਣਾਈਆਂ ਗਈਆਂ ਹਨ ਜਿਨ੍ਹਾਂ ਦੀ ਯੁੱਧ ਨੀਤੀ ਦੇ ਪੱਖੋਂ ਖਾਸ ਮਹੱਤਤਾ ਹੈ।

ਇਹ ਪੱਛਮ ਦਾ ਭਾਗ ਕੰਨਿਆਕੁਮਾਰ ਦੀ ਜਗ੍ਹਾ ਤੇ ਖ਼ਤਮ ਹੋ ਜਾਂਦਾ ਹੈ ਜਿਹੜਾ ਭਾਰਤ ਦਾ ਦੱਖਣੀ ਸਿਰਾ ਹੈ। ਇਸ ਜਗ੍ਹਾ ਤੇ ਅਰਬ ਸਾਗਰ ਦੀ ਸੀਮਾ ਖ਼ਤਮ ਹੋ ਜਾਂਦੀ ਹੈ ਅਤੇ ਬੰਗਾਲ ਦੀ ਖਾੜੀ ਸ਼ੁਰੂ ਹੋ ਜਾਂਦੀ ਹੈ।

ਪੂਰਬ ਵਾਲੇ ਪਾਸੇ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਪਾਸੇ ਅੰਡੇਮਾਨ ਅਤੇ ਨਿਕੋਬਾਰ ਟਾਪੂ ਪੈਂਦੇ ਹਨ ਜਿੰਨ੍ਹਾਂ ਦੀ ਯੁੱਧ-ਨੀਤੀ ਦੇ ਪੱਖੋਂ ਬਹੁਤ ਮਹੱਤਤਾ ਹੈ। ਇਹ ਪੂਰਬੀ ਭਾਗ ਮਨਰ (Manner) ਦੀ ਖਾੜੀ ਜੋ ਕਿ ਸ੍ਰੀ ਲੰਕਾ ਨੂੰ ਭਾਰਤ ਤੋਂ ਅਲੱਗ ਕਰਦੀ ਹੈ, ਤੋਂ ਹਰੀਬੰਗਾ ਨਦੀ (Hariabhanga River) ਤੱਕ ਪੈਂਦਾ ਹੈ। ਪੂਰਬੀ ਭਾਗ ਪੱਛਮੀ ਭਾਗ ਨਾਲੋਂ ਘੱਟ ਚਟਾਨੀ ਹੈ। ਇਸ ਭਾਗ ਵਿਚ ਚੰਗੀਆਂ ਕੁਦਰਤੀ ਬੰਦਰਗਾਹਾਂ ਦੀ ਘਾਟ ਹੈ। ਇਸ ਪਾਸੇ ਦੀਆਂ ਦੋ ਮੁੱਖ ਬੰਦਰਗਾਹਾਂ ਮਦਰਾਸ ਅਤੇ ਵਿਸ਼ਾਖਾਪਟਨਮ ਦੋਨੋਂ ਹੀ ਮਨੁੱਖ ਦੁਆਰਾ ਬਣਾਈਆਂ ਗਈਆਂ ਹਨ। ਇਸ ਪੂਰਬੀ ਤੱਟੀ ਰੇਖਾ ਨਾਲ ਪੱਛਮੀ ਬੰਗਾਲ, ਉੜੀਸਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਕੇਂਦਰ ਸਾਸ਼ਤ ਪ੍ਰਦੇਸ਼ ਪਾਂਡੀਚਰੀ ਲੱਗਦੇ ਹਨ। ਗੰਗਾ, ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ ਨਦੀਆਂ ਇਸ ਭਾਗ ਵਿਚ ਆਪਣੇ ਡੈਲਟੇ ਬਣਾਉਂਦੀਆਂ ਹਨ।

ਇਸ ਬੰਗਾਲ ਦੀ ਖਾੜੀ ਵਿਚ ਪੈਂਦੇ ਅੰਡੇਮਾਨ ਨਿਕੋਬਾਰ ਟਾਪੂ ਵੀ ਯੁੱਧਨੀਤਿਕ ਪੱਖੋਂ ਬਹੁਤ ਜ਼ਿਆਦਾ ਮਹੱਤਤਾ ਰੱਖਦੇ ਹਨ। ਪਰ ਯੁੱਧਨੀਤਿਕ ਪੱਖੋਂ ਇੰਨੀ ਜ਼ਿਆਦਾ ਮਹੱਤਤਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਟਾਪੂਆਂ ਦਾ ਮੁੱਖ ਧਰਤੀ ਨਾਲ ਕੋਈ ਜ਼ਿਆਦਾ ਸੰਪਰਕ ਨਹੀਂ ਬਣਾਇਆ ਗਿਆ। ਸਿਰਫ਼ ਦੋ ਜਹਾਜ਼, ਜੋ ਕਿ ਸਮਾਨ ਅਤੇ ਯਾਤਰੀ ਜਹਾਜ਼ ਹਨ, 10 ਦਿਨਾਂ ਬਾਅਦ ਕਲਕੱਤੇ ਅਤੇ ਮਦਰਾਸ ਨਾਲ ਜੁੜੇ ਹੋਏ ਹਨ। ਕਲਕੱਤੇ ਨਾਲ ਪੋਰਟ ਬਲੇਅਰ ਦਾ ਹਵਾਈ ਸੰਪਰਕ ਵੀ ਜੁੜਿਆ ਹੋਇਆ ਹੈ। ਇਹ ਟਾਪੂ ਆਪਸ ਵਿਚ ਛੋਟੇ ਸਮੁੰਦਰੀ ਜਹਾਜ਼ਾਂ ਨਾਲ ਵੀ ਆਪਸ ਵਿਚ ਜੁੜੇ ਹੋਏ ਹਨ। ਇਥੇ ਛੋਟੀਆਂ ਬੰਦਰਗਾਹਾਂ ਦੀ ਗਿਣਤੀ 13 ਹੈ। ਅੰਡੇਮਾਨ ਅਤੇ ਨਿਕੋਬਾਰ ਦੋ ਵੱਖਰੇ-ਵੱਖਰੇ ਭਾਗ ਹਨ। ਅੰਡੇਮਾਨ ਵਿਚ 204 ਟਾਪੂਆਂ ਦਾ ਗਰੁੱਪ ਪੈਂਦਾ ਹੈ ਅਤੇ ਨਿਕੋਬਾਰ ਵਿਚ 16 ਟਾਪੂ ਪੈਂਦੇ ਹਨ। ਇਨ੍ਹਾਂ ਟਾਪੂਆਂ ਵਿਚ ਖਣਿਜ ਪਦਾਰਥਾਂ ਦੀ ਕਮੀ ਹੈ। ਪਰ ਲੱਕੜੀ ਆਦਿ ਦੀ ਬਹੁਤਾਤ ਹੈ ਅਤੇ ਇਸ ਇਲਾਕੇ ਵਿਚ ਮੱਛੀ ਆਦਿ ਬਹੁਤ ਜ਼ਿਆਦਾ ਕੱਢੀ ਜਾਂਦੀ ਹੈ। ਇਹਨਾਂ ਟਾਪੂਆਂ ਵਿਚ ਇਸ ਵੇਲੇ 150 ਦੇ ਕਰੀਬ ਮੱਧਮ ਅਤੇ ਛੋਟੇ ਦਰਜੇ ਦੇ ਉਦਯੋਗ ਚਲ ਰਹੇ ਹਨ। ਭਾਰਤ ਸਰਕਾਰ ਨੇ ਇਸ ਦੀ ਯੁੱਧਨੀਤੀ ਮਹੱਤਤਾ ਨੂੰ ਸਮਝਦੇ ਹੋਏ ਇਥੇ ਇਕ ਜਲ ਸੈਨਾ ਦਾ ਅੱਡਾ (Naval base) ਬਣਾਇਆ ਹੈ ਜਿਸ ਦਾ ਨਾਂ ਆਈ.ਐਨ.ਐਸ ਜਾਰਵਾ ( I.N.S. Jarwa) ਹੈ।

## (ii) ਹਿੰਦ ਮਹਾਂਸਾਗਰ ਅਤੇ ਭਾਰਤ ਦੀ ਰਾਜਨੀਤਿਕ ਅਤੇ ਆਰਥਿਕ ਸੁਰੱਖਿਆ (India's Political & Economic Security)

ਹਿੰਦ ਮਹਾਂਸਾਗਰ ਦੇ ਉੱਤਰ ਵਿਚ ਭਾਰਤ ਮਹਾਂਦੀਪ ਸਥਿੱਤ ਹੈ ਜਿਸ ਦੀਆਂ ਜ਼ਮੀਨੀ ਹੱਦਾਂ ਹਜ਼ਾਰਾਂ ਮੀਲ ਤੱਕ ਹਿੰਦ ਮਹਾਂਸਾਗਰ ਵਿਚ ਫੈਲੀਆਂ ਹੋਈਆਂ ਹਨ। ਭਾਰਤ ਦੇ ਬਹੁਤ ਸਾਰੇ ਟਾਪੂ ਵੀ ਹਨ ਜੋ ਅੱਜ ਕਲ੍ਹ ਦੀ ਲੜਾਈ ਵਿਚ ਬਹੁਤ ਮਹੱਤਵਪੂਰਨ ਸਥਾਨ ਰਖਦੇ ਹਨ। ਬੀਤੇ ਸਮੇਂ ਵਿਚ ਹਿੰਦ ਮਹਾਂਸਾਗਰ ਦਾ ਪ੍ਰਭਾਵ ਭਾਰਤ ਦੀ ਸੁਰੱਖਿਆ ਤੇ ਪੈਂਦਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਪੈਂਦਾ ਰਹੇਗਾ। ਇਸ ਸਾਗਰ ਦਾ ਪਿਛੋਕੜ ਅਤੇ ਵਰਤਮਾਨ ਇਸ ਗੱਲ ਦਾ ਗਵਾਹ ਹੈ ਕਿ ਇਹ

ਸਾਗਰ ਦੁਨੀਆਂ ਦੀਆਂ ਸ਼ਕਤੀਸ਼ਾਲੀ ਕੌਮਾਂ ਵਿਚਕਾਰ ਤਾਕਤ ਦੀ ਦੌੜ ਲਈ ਭਵਿੱਖ ਦੀ ਨੀਤੀ ਬਣਾਉਣ ਅਤੇ ਬਦਲਣ ਵਿਚ ਵਿਸ਼ੇਸ਼ ਯੋਗਦਾਨ ਪਾਉਂਦਾ ਰਹੇਗਾ। ਇਸ ਤਰ੍ਹਾਂ ਹਿੰਦ ਮਹਾਂਸਾਗਰ ਜਿਥੇ ਹੋਰ ਸ਼ਕਤੀਆਂ ਤੇ ਆਪਣੇ ਪ੍ਰਭਾਵ ਪਾਉਂਦਾ ਹੈ ਤਾਂ ਭਾਰਤ ਨੂੰ ਇਨ੍ਹਾਂ ਨਾਲੋਂ ਜ਼ਿਆਦਾ ਪ੍ਰਭਾਵਿਤ ਕਰਦਾ ਹੈ ਕਿਉਂਕਿ ਭਾਰਤ ਤਾਂ ਹਿੰਦ ਮਹਾਂਸਾਗਰ ਦੇ ਖੇਤਰ ਵਿਚ ਮੁੱਖ ਦੇਸ਼ ਹੈ।

ਪਾਨੀਕਰ ਨੇ ਇਸ ਸੰਬੰਧ ਵਿਚ ਕਿਹਾ ਸੀ, '' ਭਾਰਤ ਨੇ ਉੱਨਾ ਚਿਰ ਤੱਕ ਆਪਣੀ ਅਜ਼ਾਦੀ ਨਹੀਂ ਖੋਈ, ਜਿੰਨਾ ਚਿਰ ਤੱਕ ਆਪਣੀ ਸਮੁੰਦਰ ਤੋਂ ਆਪਣਾ ਕਾਬੂ ਨਹੀਂ ਖੋ ਲਿਆ।'' ( India has never lost her independence till she lost the command of the sea-Pannikar) ਪਾਨੀਕਾਰ ਅੱਗੇ ਲਿਖਦਾ ਹੈ, ''ਭਾਰਤ ਦੀ ਸੁਰੱਖਿਆ ਹਿੰਦ ਮਹਾਂਸਾਗਰ ਤੇ ਨਿਰਭਰ ਹੈ, ਇਹ ਚੰਗੀ ਅਸਰਦਾਰ ਜਲ ਸੈਨਾ ਨੀਤੀ ਤੋਂ ਬਿਨਾਂ ਭਾਰਤ ਕਮਜ਼ੋਰ, ਦੂਜਿਆਂ ਤੇ ਨਿਰਭਰ ਅਤੇ ਉਸਦੀ ਆਜ਼ਾਦੀ ਉਨ੍ਹਾਂ ਦੇਸ਼ਾਂ ਦੇ ਤਰਸ ਤੇ ਹੋਵੇਗੀ ਜੋ ਹਿੰਦ ਮਹਾਂਸਾਗਰ ਤੇ ਆਪਣਾ ਕੰਟਰੋਲ ਰੱਖਣ ਯੋਗ ਹਨ। (" India's security lies in the Indian ocean. Without a well considered and effective Naval Policy, India's position in the world will be weak, dependent on others and her freedom at the mercy of any country capable of controlling the Indian ocean"-Pannikar). ਹਿੰਦ ਮਹਾਂਸਾਗਰ ਭਾਰਤ ਦੀ ਸੁਰੱਖਿਆ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਇਸ ਵਿਸ਼ੇ ਤੇ ਹੇਠ ਲਿਖੇ ਸਿਰਲੇਖਾਂ ਅਧੀਨ ਅਧਿਐਨ ਕਰ ਸਕਦੇ ਹਾਂ :-

## 1. ਰਾਜਨੀਤਿਕ ਪੱਖ (Political Aspects )

ਭਾਰਤ ਦੇ ਹਿੰਦ ਮਹਾਂਸਾਗਰ ਦੇ ਖੇਤਰ ਵਿਚ ਅਨੇਕਾਂ ਰਾਜਨੀਤਿਕ ਅਤੇ ਵਿਦੇਸ਼ਾਂ ਨਾਲ ਸੰਬੰਧਿਤ ਮਕਸਦ ਹਨ। ਹਿੰਦ ਮਹਾਂਸਾਗਰ ਦੇ ਜ਼ਿਆਦਾ ਦੇਸ਼ ਗੁੱਟ ਨਿਰਪੱਖ ਹਨ ਅਤੇ ਇਹ ਸਾਰੇ ਦੇਸ਼ ਉਦਯੋਗਿਕ ਤੌਰ ਤੇ ਵੀ ਅਜੇ ਤਰੱਕੀ ਕਰ ਰਹੇ ਹਨ। ਭਾਰਤ ਇਨ੍ਹਾਂ ਦੇਸ਼ਾਂ ਨੂੰ ਇਕੱਠੇ ਕਰਕੇ 'ਭਾਈਵਾਲਤਾ' ਦੀ ਭਾਵਨਾ ਪੈਦਾ ਕਰ ਸਕਦਾ ਹੈ ਜਿਸ ਦਾ ਉਦੇਸ਼ ਸ਼ਾਂਤੀ ਅਤੇ ਤਰੱਕੀ ਹੋਵੇ। ਭਾਰਤ ਦੀ ਕੂਟਨੀਤੀ ਲਈ ਇਹ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਉਹ ਆਪਣੀ ਫੌਜੀ ਸ਼ਕਤੀ, ਪ੍ਰਮਾਣੂ ਨੀਤੀ ਅਤੇ ਤਕਨੀਕੀ ਯੋਗਤਾ ਅਤੇ ਇਸ ਦਾ ਸੋਵੀਅਤ ਰੂਸ ਨਾਲ ਸੰਬੰਧਾਂ ਬਾਰੇ ਸਭ ਝਮੇਲੇ ਦੂਰ ਕਰੇ। ਇਸ ਝਮੇਲੇ ਦਾ ਕਾਰਨ ਕੁਝ ਦੇਸ਼ਾਂ ਦੁਆਰਾ ਕੀਤਾ ਗਿਆ ਪ੍ਰਾਪੇਗੰਡਾ ਹੈ। ਭਾਰਤ ਦੀਆਂ ਹਿੰਦ ਮਹਾਂਸਾਗਰ ਦੇ ਮਸਲੇ ਵਿਚ ਤਿੰਨ ਨੀਤੀਆਂ ਹਨ। ਪਹਿਲੀ ਤਾਂ ਇਹ ਕਿ ਭਾਰਤ ਹਿੰਦ ਮਹਾਂਸਾਗਰ ਵਿਚ ਵੱਡੀਆਂ ਤਾਕਤਾਂ ਦੀ ਫੌਜੀ ਹਾਜ਼ਰੀ ਦਾ ਵਿਰੋਧ ਕਰਦਾ ਹੈ। ਦੂਜਾ, ਹਿੰਦ ਮਹਾਂਸਾਗਰ ਦੀ ਭਾਰਤੀ ਨੀਤੀ ਸੰਬੰਧੀ ਪੈਦਾ ਕੀਤੀਆਂ ਗਈਆਂ ਗਲਤ ਫਹਿਮੀਆਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਤੀਜਾ, ਭਾਰਤ ਦੀ ਨੀਤੀ ਹਿੰਦ ਮਹਾਂਸਾਗਰ ਦੇ ਖੇਤਰ ਵਿਚ ਹਮੇਸ਼ਾਂ ਖੇਤਰੀ ਸੁਚੇਤਤਾ, ਆਪਸੀ ਸਹਿਯੋਗ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ ਦੀ ਰਹੀ ਹੈ।

ਭਾਰਤ ਦੀ ਵਿਦੇਸ਼ ਨੀਤੀ ਹਿੰਦ ਮਹਾਂਸਾਗਰ ਦੇ ਖੇਤਰ ਵਿਚ ਬਸਤੀਵਾਦ ਦੇ ਵਿਰੋਧ ਦੀ ਰਹੀ ਹੈ। ਇਸ ਲਈ ਇਸ ਖੇਤਰ ਵਿਚ ਜਦੋਂ ਕੋਈ ਵੀ ਆਜ਼ਾਦੀ ਦੀ ਲੜਾਈ ਲੜੀ ਜਾਂਦੀ ਹੈ ਤਾਂ ਭਾਰਤ ਦੀ ਨੀਤੀ ਹਮੇਸ਼ਾਂ ਇਸ ਲੜਾਈ ਲਈ ਰਾਜਨੀਤਿਕ ਅਤੇ ਨੈਤਿਕ ਮਦਦ ਦੀ ਹੁੰਦੀ ਹੈ। ਭਾਰਤ ਨੇ ਆਪਣੀ ਆਜ਼ਾਦੀ ਤੋਂ ਬਾਅਦ ਇਸ ਖੇਤਰ ਵਿਚ ਅਫ਼ਰੀਕੀ ਏਸ਼ੀਆਈ (Afro-Asian) ਅਤੇ ਗੁੱਟ-ਨਿਰਪੱਖ ਲਹਿਰ (Non-aligned movement) ਦੁਆਰਾ ਇਕਮੁੱਠਤਾ ਲਿਆਉਣ ਦਾ ਯਤਨ ਕੀਤਾ ਹੈ।

ਭਾਰਤ ਦਾ ਧਿਆਨ 1963 ਈ: ਵਿਚ ਹਿੰਦ ਮਹਾਂਸਾਗਰ ਦੇ ਮਾਮਲੇ ਵਿਚ ਉਸ ਵੇਲੇ ਹੋਰ ਵੀ ਵੱਧ ਗਿਆ ਜਦੋਂ ਅਮਰੀਕਾ ਦੀ ਟਾਸਕ ਫੋਰਸ ( US task force) ਪ੍ਰਸ਼ਾਂਤ ਮਹਾਂਸਾਗਰ ਵਿਚੋਂ ਸੱਤਵੇਂ ਬੇੜੇ ਤੋਂ ਆਈ ਸੀ। ਇਸ ਤੋਂ ਬਾਅਦ ਭਾਰਤ ਲਗਾਤਾਰ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਦੀ ਜਲ ਸੈਨਾ ਦੀ ਹਿੰਦ ਮਹਾਂਸਾਗਰ ਵਿਚ ਹਾਜ਼ਰੀ ਦਾ ਵਿਰੋਧ ਕਰਦਾ ਰਿਹਾ ਹੈ। 1965 ਈ: ਵਿਚ ਲਾਲ ਬਹਾਦਰ ਸਾਸ਼ਤਰੀ ਨੂੰ ਰੂਸ ਨੇ ਇਹ ਸੂਚਨਾ ਵੀ ਦਿੱਤੀ ਕਿ ਅਮਰੀਕਾ ਦੀਆਂ ਪੋਲਾਰਿਸ ਪਣਡੁੱਬੀਆਂ ( Polaris submarines) ਇਸ ਖੇਤਰ ਵਿਚ ਹਨ।

ਭਾਰਤ ਨੇ ਸੁਏਜ਼ ਨਹਿਰ ਵਿਚੋਂ ਬਰਤਾਨੀਆ ਦੁਆਰਾ ਫੌਜਾਂ ਹਟਾ ਲਏ ਜਾਣ ਦੇ ਫੈਸਲੇ ਦਾ ਸੁਆਗਤ ਕੀਤਾ। ਇਸ ਤੋਂ ਬਾਅਦ ਭਾਰਤ ਨੇ ਇਸ ਖੇਤਰ ਵਿਚ ਜਿਹੜਾ ਕਿ ਪੱਛਮੀ ਤਾਕਤਾਂ ਦੁਆਰਾ ਪੈਦਾ ਕੀਤਾ ਗਿਆ 'ਸ਼ਕਤੀ ਦੇ ਖਾਲੀ ਹੋਣਾ' (Power Vacuum) ਦੇ ਪ੍ਰਾਪੇਗੰਡੇ ਦਾ ਵੀ ਵਿਰੋਧ ਕੀਤਾ। ਭਾਰਤ ਦਾ ਖਿਆਲ ਸੀ ਕਿ ਇਕ ਸ਼ਕਤੀ ਦੀ ਹਾਜ਼ਰੀ ਦੂਜੀਆਂ ਸ਼ਕਤੀਆਂ ਨੂੰ ਸੱਦਾ ਦਿੰਦੀ ਹੈ। ਸੋਵੀਅਤ ਰੂਸ ਦੀ ਟਾਸਕ ਫੋਰਸ ਦੇ 1963 ਵਿਚ ਹਿੰਦ ਮਹਾਂਸਾਗਰ ਆਉਣ ਨਾਲ ਠੀਕ ਸਿੱਧ ਹੋ ਗਿਆ ਸੀ। ਇਸ ਲਈ ਇਹ

ਪਹਿਲਾਂ ਸਾਰੀਆਂ ਘਟਨਾਵਾਂ ਅਤੇ ਡੀਗੋਗਾਰਸ਼ਿਆ ਦੇ ਬਣਾਏ ਫੌਜੀ ਅੱਡੇ ਤੋਂ ਇਹ ਗੱਲ ਬੜੀ ਸਾਫ਼ ਹੋ ਗਈ ਕਿ ਇਸ ਖੇਤਰ ਦੇ ਪਾਣੀ ਨਾਲ ਲਗਦੇ (littoral) ਅਤੇ ਧਰਤੀ ਨਾਲ ਘਿਰੇ ਹੋਏ (Hinterland) ਦੇਸ਼ਾਂ ਦੀ ਸੁਰੱਖਿਆ ਤੇ ਆਪਣਾ

ਅਸਰ ਪਾਵੇਗੀ। ਇਸ ਤਰ੍ਹਾਂ ਭਾਰਤ ਆਪਣੀ ਰਾਸ਼ਟਰੀ ਸੁਰੱਖਿਆ ਦੇ ਮਾਮਲੇ ਲਈ ਹੋਰ ਚਿੰਤਤ ਹੋ ਗਿਆ ਕਿਉਂਕਿ ਇਨ੍ਹਾਂ ਉਪਰੋਕਤ ਤਬਦੀਲੀਆਂ ਨਾਲ ਇਸ ਖੇਤਰ ਦਾ ਅਮਨ ਖਤਰੇ ਵਿਚ ਪੈ ਗਿਆ ਸੀ। ਇਸ ਲਈ ਭਾਰਤ ਨੇ ਵੱਡੇ ਝਗੜੇ ਦੇ ਖੇਤਰ ਨੂੰ (high conflict area) ਖੇਤਰ ਨੂੰ 'ਸ਼ਾਂਤੀ ਅਤੇ ਸਹਿਯੋਗ ਦੇ ਖੇਤਰ' (Zone of Peace and Co-operation) ਦੇ ਵਿਚ ਬਦਲਣ ਦੀ ਸੋਚੀ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਇਸ ਮਾਮਲੇ ਨੂੰ ਦੇਸ਼ ਅੰਦਰ ਅਤੇ ਦੇਸ਼ ਤੋਂ ਬਾਹਰ ਕੁਝ ਸੰਗਠਨਾਂ ਅੱਗੇ ਰੱਖਿਆ। ਜਿਨ੍ਹਾਂ ਸੰਗਠਨਾਂ ਅੱਗੇ ਵਾਦ-ਵਿਵਾਦ ਲਈ ਰੱਖਿਆ ਉਨ੍ਹਾਂ ਵਿਚ ਸੰਯੁਕਤ ਰਾਸ਼ਟਰ, ਕਾਮਨਵੈਲਥ ਅਤੇ ਨਿਰਪੱਖ ਲਹਿਰ ਮੁੱਖ ਸਨ। 1970 ਵਿਚ ਲੁਸਾਕਾ ਵਿਚ ਹੋਈ ਕਾਨਫਰੰਸ ਵਿਚ ਮਹਾਂਸ਼ਕਤੀਆਂ ਨੂੰ ਹਿੰਦ ਮਹਾਂਸਾਗਰ ਵਿਚ ਫੌਜੀ ਅੱਡਿਆਂ ਨੂੰ ਖ਼ਤਮ ਕਰਨ ਲਈ ਕਿਹਾ ਗਿਆ। ਬਾਅਦ ਵਿਚ 1971 ਈਃ ਵਿਚ ਹੋਈ ਭਾਰਤ ਪਾਕਿ ਜੰਗ ਦੇ ਦੌਰਾਨ ਅਮਰੀਕਾ ਦੇ ਸੱਤਵੇਂ ਬੇੜੇ (7th fleet) ਦੀ ਹਾਜ਼ਰੀ ਦੀ ਵੀ ਨਿੰਦਾ ਕੀਤੀ ਗਈ। 1974 ਈਃ ਵਿਚ ਅਮਰੀਕਾ ਦੀ ਪ੍ਰਮਾਣੂ ਸ਼ਕਤੀ ਵਾਲੇ 'ਕਿਟੀ ਹਾਕ' ( Kitty Hawk) ਜਹਾਜ਼ਾਂ ਨੂੰ ਵੀ ਇਸ ਖੇਤਰ ਵਿਚ ਲਿਆਉਣ ਦਾ ਵੀ ਵਿਰੋਧ ਕੀਤਾ ਗਿਆ। 1979 ਈਃ ਦੀ ਰੂਸ ਦੇ ਅਫ਼ਗਾਨਿਸਤਾਨ ਵਿਚ ਦਾਖ਼ਲੇ ਦਾ ਭਾਵੇਂ ਭਾਰਤ ਨੇ ਵਿਰੋਧ ਕੀਤਾ ਪਰ ਇਹ ਵੀ ਕਿਹਾ ਕਿ ਰੂਸ ਦਾ ਅਫ਼ਗਾਨਿਸਤਾਨ ਵਿਚ ਦਾਖ਼ਲ ਹੋਣਾ ਪੱਛਮੀ ਸ਼ਕਤੀਆਂ ਦੇ ਹਿੰਦ ਮਹਾਂਸਾਗਰ ਵਿਚ ਫੌਜੀ ਅੱਡੇ ਬਨਾਉਣ ਕਰਕੇ ਹੀ ਹੈ। ਇਸ ਤਰ੍ਹਾਂ ਭਾਰਤ ਨੇ ਹਰ ਉਸ ਸਮੇਂ ਦਾ ਵਿਰੋਧ ਕੀਤਾ ਜਦ ਹਿੰਦ ਮਹਾਂਸਾਗਰ ਖੇਤਰ ਵਿਚ ਕੋਈ ਨਾ ਕੋਈ ਫੌਜ਼ੀ ਦਖ਼ਲ ਅੰਦਾਜ਼ੀ ਜਾਂ ਫਿਰ ਕੋਈ ਸ਼ਕਤੀ ਆਪਣੇ ਨਵੀਨਤਮ ਹਥਿਆਰਾਂ ਨਾਲ ਇਸ ਖੇਤਰ ਵਿਚ ਦਖ਼ਲ ਅੰਦਾਜ਼ੀ ਕਰਦੀ ਸੀ। ਇਸ ਦੇ ਲਈ ਭਾਰਤ ਸਦਾ ਹੀ ਹਿੰਦ ਮਹਾਂਸਾਗਰ ਖੇਤਰ ਨੂੰ ਸ਼ਾਂਤੀ ਅਤੇ ਭਾਈਚਾਰੇ ਦਾ ਖ਼ਿੱਤਾ ਬਨਾਉਣ ਲਈ ਆਵਾਜ਼ ਉਠਾਉਂਦਾ ਰਿਹਾ ਹੈ।

ਭਾਵੇਂ ਆਪਣੇ ਆਪ ਵਿਚ ਹਿੰਦ ਮਹਾਂਸਾਗਰ ਦੇ ਬਾਰੇ ਭਾਰਤ ਦੀ ਨੀਤੀ ਬੜੀ ਪ੍ਰਤੱਖ ਹੈ, ਪਰ ਆਪਣੀ ਇਸ ਪ੍ਰਤੱਖ ਨੀਤੀ ਨੂੰ ਭਾਰਤ ਸਰਕਾਰ ਬਾਕੀ ਦੇਸ਼ਾਂ ਵਿਚ ਪਹੁੰਚਾਉਣ ਵਿਚ ਅਸਫ਼ਲ ਰਹੀ ਹੈ ਕਿਉਂਕਿ ਭਾਰਤੀ ਪ੍ਰਾਪੇਗੰਡਾ ਕਾਫ਼ੀ ਕਮਜ਼ੋਰ ਹੈ ਅਤੇ ਇਸਦਾ ਕਾਰਨ ਭਾਰਤ ਦੀ ਹੋਰ ਦੇਸ਼ਾਂ ਉਤੇ ਆਰਥਿਕ ਨਿਰਭਰਤਾ ਵੀ ਹੈ। ਪਰ ਭਾਰਤ ਜਿਹੜਾ ਕਿ ਆਪ ਇਕ ਬਸਤੀਵਾਦੀ ਸ਼ਕਤੀ ਨਾਲ ਲੜ ਕੇ ਆਜ਼ਾਦ ਹੋਇਆ ਹੈ ਉਹ ਨਹੀਂ ਚਾਹੁੰਦਾ ਕਿ ਇਹ ਬਸਤੀਵਾਦ ਦਾ ਸਿਲਸਿਲਾ ਮੁੜ ਤੋਂ ਚੱਲੇ। ਇਸ ਕਾਰਨ ਕਰਕੇ ਭਾਰਤ ਆਪਣੀ ਸੁਰੱਖਿਆ ਪੱਖੋਂ ਚਿੰਤਤ ਵੀ ਹੈ। ਭਾਰਤ ਨੂੰ ਆਪਣੇ ਗੁਆਂਢੀ ਦੇਸ਼ਾਂ ਨਾਲ ਇਹ ਗੱਲ ਬੜੀ ਸਾਫ਼ ਕਰ ਦੇਣੀ ਚਾਹੀਦੀ ਹੈ ਕਿ ਉਹ ਆਪਣੇ ਸਮੁੰਦਰੀ ਸੈਨਾ ਨੂੰ ਆਪਣੀ ਸਮੁੰਦਰੀ ਸੁਰੱਖਿਆ ਲਈ ਮਜ਼ਬੂਤ ਕਰ ਰਿਹਾ ਹੈ ਨਾਂ ਕਿ ਹਿੰਦ ਮਹਾਂਸਾਗਰ ਦੇ ਹੋਰ ਦੇਸ਼ਾਂ ਤੇ ਸਰਦਾਰੀ ਕਾਇਮ ਕਰਨ ਲਈ।

ਭਾਰਤ ਦੀ ਗੈਰ-ਖੇਤਰੀ ਸ਼ਕਤੀਆਂ ਦੀ ਹਾਜ਼ਰੀ, ਸ਼ਾਂਤੀ ਦਾ ਇਲਾਕਾ ( Peace Zone) ਅਤੇ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਹਿੰਦ ਮਹਾਂਸਾਗਰ ਖੇਤਰ (Nuclear weapon free Zone) ਸ਼ਕਤੀ ਖਾਲੀ ਹੋਣ, (Power vacuum) ਭਾਰਤ ਦੀ ਹਿੰਦ ਮਹਾਂਸਾਗਰ ਦੀ ਨੀਤੀ ਦੇ ਮੁੱਖ ਤੱਤ ਹਨ। ਭਾਰਤ ਹਿੰਦ ਮਹਾਂਸਾਗਰ ਭਾਈਚਾਰਾ (Indian ocean community) ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਇਸ ਖੇਤਰ ਦੇ ਧਰਤੀ ਨਾਲ ਘਿਰੇ ਹੋਏ ਅਤੇ ਪਾਣੀ ਨਾਲ ਲਗਦੇ ਦੇਸ਼ਾਂ ਦੀਆਂ ਵੱਖੋ-ਵੱਖ ਵਿਚਾਰਧਾਰਾਵਾਂ, ਸਮਾਜਿਕ ਅਤੇ ਆਰਥਿਕ ਮੁਸ਼ਕਲਾਂ, ਹਿੰਦ ਮਹਾਂਸਾਗਰ ਖੇਤਰ ਭਾਈਚਾਰਾ ਬਨਾਉਣ ਵਿਚ ਮੁੱਖ ਮੁਸ਼ਕਲਾਂ ਹਨ। ਭਾਰਤ ਦੀ ਹਮੇਸ਼ਾਂ ਇਕੱਲੇ ਹਿੰਦ ਮਹਾਂਸਾਗਰ ਦੇਸ਼ਾਂ ਵਿਚ ਹੀ ਨਹੀਂ ਬਲਿਕ ਪੂਰੀ ਦੁਨੀਆਂ ਨਾਲ ਦੋਸਤਾਨਾ ਸੰਬੰਧ ਬਨਾਉਣ ਦੀ ਕੋਸ਼ਿਸ਼ ਰਹੀ ਹੈ।

ਭਾਰਤ ਦੀ ਹਿੰਦ ਮਹਾਂਸਾਗਰ ਦੀ ਨੀਤੀ 'ਖੇਤਰੀ ਸੁਰੱਖਿਆ' ਦੇ ਆਧਾਰ ਤੇ ਹੈ। ਇਸ ਖੇਤਰੀ ਸੁਰੱਖਿਆ ਦਾ ਆਧਾਰ ਆਰਥਿਕ ਸਹਿਯੋਗ ਹੈ। ਬਰੈਜ਼ੋਨਵ ਦੁਆਰਾ 1969 ਈਃ ਵਿਚ ਪੇਸ਼ ਕੀਤੀ ਗਈ ਏਸ਼ੀਆ ਸੁਰੱਖਿਆ ਦੀ ਸਕੀਮ ਵੀ 'ਖੇਤਰੀ ਆਰਥਿਕ ਸਹਿਯੋਗ' ( Regional Economic Co-operation) ਤੇ ਆਧਾਰਿਤ ਸੀ। ਪਰ ਇਸ ਸਕੀਮ ਨੂੰ ਵੀ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ ਸੀ। ਜਿਸਦਾ ਕਾਰਨ ਏਸ਼ਿਆਈ ਦੇਸ਼ਾਂ ਦਾ ਲੰਬੇ ਸਮੇਂ ਤੱਕ ਵਿਦੇਸ਼ੀ ਤਾਕਤਾਂ ਕੋਲ ਲੰਬੇ ਸਮੇਂ ਤਕ ਗੁਲਾਮ ਰਹਿਣਾ ਸੀ। ਉਹ ਨਹੀਂ ਚਾਹੁੰਦੇ ਸਨ ਕਿ ਕੋਈ ਵਿਦੇਸ਼ੀ ਸ਼ਕਤੀ ਉਨ੍ਹਾਂ ਦੀ ਸੁਰੱਖਿਆ ਦੇ ਮਾਮਲੇ ਵਿਚ ਦਖ਼ਲ-ਅੰਦਾਜ਼ੀ ਕਰੇ। ਭਾਰਤ ਨੇ 1969 ਈਃ ਵਿਚ ਏਸ਼ੀਆਈ ਮੰਤਰੀਆਂ ਦੀ ਕੌਂਸਿਲ (Asian Council of Ministers) ਦੁਆਰਾ ਵੀ ਆਰਥਿਕ ਸਹਿਯੋਗ ਲਈ ਦੋ ਪੱਖੀ (bilateral) ਸਮਝੌਤਿਆਂ ਤੇ ਵੀ ਜ਼ੋਰ ਦਿੱਤਾ। ਇਰਾਨ ਦੇ ਸ਼ਾਹ ਦੁਆਰਾ 1974 ਵਿਚ ਦਿੱਤੀ ਗਈ ਤਰੱਕੀ ਲਈ 'ਖੇਤਰੀ ਸਹਿਯੋਗ' (Regional Co-operation for development) ਅਤੇ ਇਸ ਨੂੰ ਏਸ਼ੀਆਈ ਸਾਂਝੀ ਮੰਡੀ ਦੀ ਸ਼ਕਲ ਦੇਣ ਦੀ ਪੇਸ਼ਕਸ਼ ਦਾ ਭਾਰਤ ਵਲੋਂ ਸੁਆਗਤ ਕੀਤਾ ਗਿਆ। ਇਸ ਨਾਲ ਉੱਤਰੀ ਹਿੰਦ ਮਹਾਂਸਾਗਰ ਦੇ ਦੇਸ਼ਾਂ ਨੂੰ ਸੁਰੱਖਿਆ ਅਤੇ

ਰਾਜਨੀਤਿਕ ਇਕਮੁੱਠਤਾ ਮਿਲ ਸਕਦੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਰਾਨ ਦੇ ਸ਼ਾਹ ਦੀ ਸਕੀਮ ਕਾਫ਼ੀ ਫਾਇਦੇਮੰਦ ਸੀ, ਪਰ ਇਹ ਜ਼ਿਆਦਾ ਦੇਸ਼ਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਨਾਕਾਮਯਾਬ ਰਹੀ। ਅਫ਼ਰੀਕੀ ਏਸ਼ੀਆਈ ਏਕਤਾ ਦੇ ਨਾਂ ਹੋਣ ਪਿੱਛੋਂ ਸ਼ਕਤੀਸ਼ਾਲੀ ਸਮੁੰਦਰ ਨਾਲ ਲਗਦੇ ਦੇਸ਼ਾਂ ਦੀ ਧਰਤੀ ਨਾਲ ਘਿਰੇ ਹੋਏ ਦੇਸ਼ਾਂ ਨੂੰ ਦਬਾਉਣ ਦਾ ਡਰ ਵੀ ਇੱਕ ਕਾਰਨ ਸੀ। ਪਰ ਭਾਰਤ ਆਪਣੀ ਦੋ ਪੱਖੀ (bilateral) ਨੀਤੀ ਅਤੇ ਆਰਥਿਕ ਸਹਿਯੋਗ ਦੇ ਸਮਝੌਤੇ ਆਦਿ ਕਰਕੇ ਫਾਇਦਾ ਵੀ ਉਠਾਉਂਦਾ ਰਿਹਾ ਹੈ। ਭਾਵੇਂ ਹਿੰਦ ਮਹਾਂਸਾਗਰ ਦੇਸ਼ਾਂ ਵਿਚ ਹਿੰਦ ਮਹਾਂਸਾਗਰ ਭਾਈਚਾਰੇ (Indian Ocean Community) ਦਾ ਨੁਕਤਾ ਕਾਮਯਾਬ ਨਹੀਂ ਹੋਇਆ ਪਰ ASEAN (Association of South East Asian Nations) ਅਤੇ GCC (Gulf Co-operation Council) ਵਰਗੇ ਛੋਟੇ ਆਰਥਿਕ ਸਹਿਯੋਗ ਦੇ ਗਰੁੱਪ ਜ਼ਰੂਰ ਬਣ ਗਏ। ਪਰ ਜੇ ਹਿੰਦ ਮਹਾਂਸਾਗਰ ਦੇ ਦੇਸ਼ ਆਪਸੀ ਸਹਿਯੋਗ ਕਰ ਲੈਂਦੇ ਹਨ ਤਾਂ ਇਨ੍ਹਾਂ ਨੂੰ ਰਾਜਨੀਤਿਕ ਏਕਤਾ, ਸਥਿਰਤਾ ਅਤੇ ਖੇਤਰ ਦੀ ਸੁਰੱਖਿਆ ਜ਼ਰੂਰ ਮਿਲ ਜਾਵੇਗੀ।

## (ii) ਆਰਥਿਕ ਪੱਖ (Economic Aspects)

ਦੂਜੀ ਸੰਸਾਰ ਜੰਗ ਦੇ ਖ਼ਤਮ ਹੋਣ ਤੱਕ ਦੁਨੀਆਂ ਵਿਚ ਬਸਤੀਵਾਦ ਦਾ ਬੋਲਬਾਲਾ ਰਿਹਾ। ਦੂਜੀ ਸੰਸਾਰ ਜੰਗ ਦੇ ਖ਼ਤਮ ਹੋ ਜਾਣ ਤੋਂ ਬਾਅਦ ਬਸਤੀਵਾਦ ਖ਼ਤਮ ਹੋਣਾ ਸ਼ੁਰੂ ਹੋ ਗਿਆ ਸੀ। ਉਸ ਤੋਂ ਬਾਅਦ ਦੁਨੀਆਂ ਵਿਚ ਭਾਰੀ ਪੱਧਰ ਤੇ ਉਦਯੋਗੀਕਰਨ ਦੇ ਕਾਰਨ ਬਸਤੀਵਾਦ ਇਕ ਨਵੀਂ ਕਿਸਮ ਨਾਲ ਸ਼ੁਰੂ ਹੋਇਆ ਜਿਸ ਨੂੰ ਅਸੀਂ ਨਵ-ਬਸਤੀਵਾਦ (Neo-colonialism) ਕਹਿੰਦੇ ਹਾਂ। ਇਸ ਨਵ-ਬਸਤੀਵਾਦ ਦਾ ਭਾਵ ਇਹ ਹੈ ਕਿ ਕਿਸੇ ਦੇਸ਼ ਦੀ ਆਰਥਿਕਤਾ ਅਤੇ ਉਸ ਦੇਸ਼ ਦੇ ਕੁਤਰਤੀ ਸਾਧਨਾਂ ਨੂੰ ਕਾਬੂ ਕਰਨਾ । ਇਸ ਲਈ ਰਾਸ਼ਟਰੀ ਸੁਰੱਖਿਆ ਤੇ ਆਰਥਿਕਤਾ ਦਾ ਬਹੁਤ ਪ੍ਰਭਾਵ ਪੈਂਦਾ ਹੈ। ਭਾਰਤ ਦੀ ਅਰਥਿਕਤਾ ਹਿੰਦ ਮਹਾਂਸਾਗਰ ਉਪਰ ਆਧਾਰਿਤ ਹੈ ਕਿਉਂਕਿ ਭਾਰਤ ਦਾ ਤਕਰੀਬਨ 95 ਪ੍ਰਤੀਸ਼ਤ ਵਪਾਰ ਵੀ ਇਸੇ ਸਾਗਰ ਉਪਰ ਨਿਰਭਰ ਕਰਦਾ ਹੈ। ਇਸ ਤੋਂ ਬਿਨ੍ਹਾਂ ਹਿੰਦ ਮਹਾਂਸਾਗਰ ਅਨੇਕਾਂ ਕਿਸਮਾਂ ਦੇ ਖਣਿਜ ਪਦਾਰਥਾਂ ਅਤੇ ਤੇਲ ਆਦਿ ਨਾਲ ਵੀ ਭਰਪੂਰ ਹੈ। ਇਸ ਦੀ ਸੁਰੱਖਿਆ, ਜਿਨ੍ਹਾਂ ਕਾਰਨਾਂ ਕਰਕੇ ਹਿੰਦ ਮਹਾਂਸਾਗਰ ਉਤੇ ਨਿਰਭਰ ਕਰਦੀ ਹੈ, ਉਹ ਹਨ, ਸਮੁੰਦਰੀ ਵਣਜ-ਵਪਾਰ, ਤਕਨੀਕੀ ਮਦਦ ਅਤੇ ਸਮੁੰਦਰੀ ਸਾਧਨਾਂ ਦਾ ਫਾਇਦਾ ਉਠਾਉਣਾ।

ਭਾਰਤ ਹਿੰਦ ਮਹਾਂਸਾਗਰ ਖੇਤਰ ਦਾ ਛੇਵਾਂ ਦੇਸ਼ ਹੈ, ਜਿਹੜਾ ਕਿ ਅੰਤਰ-ਰਾਸ਼ਟਰੀ ਵਪਾਰ ਵਿਚ ਆਪਣਾ ਹਿੱਸਾ ਪਾਉਂਦਾ ਹੈ। ਹਿੰਦ ਮਹਾਂਸਾਗਰ ਵਿਚ ਭਾਰਤ 1980 ਦੇ ਅੰਕੜਿਆਂ ਮੁਤਾਬਿਕ 1600 ਕਰੋੜ ਰੁਪਏ ਦਾ ਸਾਲਾਨਾ ਵਪਾਰ ਕਰਦਾ ਸੀ। ਭਾਰਤ ਦੇ ਵਪਾਰ ਦਾ ਜ਼ਿਆਦਾ ਹਿੱਸਾ ਸੁਏਜ਼ ਨਹਿਰ ਰਾਹੀਂ ਹੁੰਦਾ ਹੈ। 1967 ਵਿਚ ਅਰਬ-ਇਜ਼ਰਾਈਲ ਯੁੱਧ ਦੇ ਕਾਰਨ ਅਤੇ 1980 ਵਿਚ ਇਰਾਨ ਇਰਾਕ ਯੁੱਧ ਦੇ ਹਾਲਤਾਂ ਦੇ ਕਾਰਨ ਭਾਰਤ ਨੂੰ ਭਾਰੀ ਨੁਕਸਾਨ ਸਹਿਣਾ ਪਿਆ ਸੀ। ਬਰਤਾਨੀਆ ਅਜਿਹੇ ਮਹੱਤਵਪੂਰਨ ਰਸਤਿਆਂ ਤੇ ਆਪਣੇ ਕਾਬੂ ਕਾਰਨ ਹੀ ਦੁਨੀਆਂ ਦੀ ਇੱਕ ਸ਼ਕਤੀ ਬਣ ਸਕਿਆ ਸੀ। ਅੱਜ ਕਲ੍ਹ ਵੀ ਸੁਏਜ਼ ਨਹਿਰ ਵਰਗੇ ਰਸਤਿਆਂ ਦੇ ਰਾਹੀਂ ਵਪਾਰ, ਭਾਰਤ ਦੇ ਉਨ੍ਹਾਂ ਦੇਸ਼ਾਂ ਦੇ ਨਾਲ ਚੰਗੇ ਸੰਬੰਧ ਰਹਿਣ ਨਾਲ ਹੀ ਚਲ ਸਕਦਾ ਹੈ,ਜਿਹਨਾਂ ਵਿਚੋ ਇਹ ਨਹਿਰ ਲੰਘਦੀ ਹੈ। ਭਾਰਤ ਕੋਲ ਇਸ ਵੇਲੇ ਕਈ ਵੱਡੇ ਅਤੇ ਛੋਟੇ ਸਮੁੰਦਰੀ ਜਹਾਜ਼ ਹਨ। ਜਿਨ੍ਹਾਂ ਤੋਂ ਤਕਰੀਬਨ 500 ਕਰੋੜ ਰੁਪਏ ਸਮਾਨ ਦੇ ਕਿਰਾਏ ਅਤੇ ਬਾਹਰੀ ਕਿਰਾਏ ਤੋਂ ਬਣਾਉਂਦਾ ਹੈ। ਸਮੁੰਦਰੀ ਵਪਾਰ ਵਿਚ ਕੋਈ ਵੀ ਰੁਕਾਵਟ ਚਾਹੇ ਉਹ ਕਿਸੇ ਲੜਾਈ ਕਾਰਨ ਜਾਂ ਕਿਸੇ ਹੋਰ ਕਾਰਨ ਹੋਵੇ, ਉਹ ਭਾਰਤ ਦੀ ਅਰਥਿਕਤਾ ਤੇ ਸਿੱਧਾ ਅਸਰ ਪਾਉਂਦੀ ਹੈ। ਖਾੜੀ ਜੰਗ ਕਾਰਨ ਜਦੋਂ ਅਰਬ ਦੇਸ਼ਾਂ ਤੋਂ ਤੇਲ ਆਉਣਾ ਬੰਦ ਹੋ ਗਿਆ ਸੀ ਤਾਂ ਸਾਡੇ ਦੇਸ਼ ਦੀ ਹਾਲਤ ਬਹੁਤ ਖਰਾਬ ਹੋ ਗਈ ਸੀ।

ਭਾਰਤ ਕੋਲ ਭਾਵੇਂ ਤਰੱਕੀ ਕਰ ਰਹੇ ਦੇਸ਼ਾਂ ਵਿਚੋਂ ਕਾਫ਼ੀ ਚੰਗਾ ਸਮੁੰਦਰੀ ਵਪਾਰਿਕ ਬੇੜਾ ਹੈ ਪਰ ਫਿਰ ਵੀ ਇਹ ਆਪਣਾ ਸਿਰਫ਼ 27 ਪ੍ਰਤੀਸ਼ਤ ਵਪਾਰ ਹੀ ਆਪਣੇ ਜਹਾਜ਼ਾਂ ਰਾਹੀਂ ਕਰਦਾ ਹੈ। ਇਸ ਤੋਂ ਬਚਦੇ ਸਮਾਨ ਦੀ ਢੋਆ-ਢੁਆਈ ਵਾਸਤੇ ਭਾਰਤ ਨੂੰ ਵਿਦੇਸ਼ੀ ਜਹਾਜ਼ਾਂ ਦੀਆਂ ਕੰਪਨੀਆਂ ਤੇ ਨਿਰਭਰ ਕਰਨਾ ਪੈਂਦਾ ਹੈ, ਜਿਨ੍ਹਾਂ ਦੇ ਕਿਰਾਏ ਸਾਡੇ ਜਹਾਜ਼ਾਂ ਦੇ ਕਿਰਾਏ ਨਾਲੋਂ ਕਿਤੇ ਜ਼ਿਆਦਾ ਹਨ। ਇਸ ਵੇਲੇ ਭਾਰਤ ਵਿਚ ਜਹਾਜ਼ਾਂ ਦੀਆਂ 60 ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਹਨ। ਭਾਰਤ ਦਾ ਸਮੁੰਦਰੀ ਜਹਾਜ਼ ਬਨਾਉਣ ਦਾ ਉਦਯੋਗ ਕਾਫ਼ੀ ਵਿਕਸਿਤ ਹੈ। ਇਸ ਵੇਲੇ ਸਰਕਾਰ ਦੀਆਂ ਪੰਜ ਕੰਪਨੀਆਂ ਹਨ ਜਿਨ੍ਹਾਂ ਵਿਚੋਂ ਤਿੰਨ ਸੁਰੱਖਿਆ ਮੰਤਰਾਲੇ (Defence Ministry) ਅਤੇ ਦੋ ਆਵਾਜਾਈ ਮੰਤਰਾਲੇ ( Ministry of Transport) ਦੁਆਰਾ ਚਲਾਈਆਂ ਜਾਂਦੀਆਂ ਹਨ। ਹਿੰਦ ਮਹਾਂਸਾਗਰ ਦੇ ਖੇਤਰ ਵਿਚ ਖੇਤੀ, ਜੰਗਲ ਅਤੇ ਖਣਿਜਾਂ ਦੀ ਭਾਰੀ ਬਹੁਤਾਤ ਹੈ। ਸੰਸਾਰ ਦੀ 90% ਰਬੜ, 70% ਟਿਨ, ਸੋਨਾ 77%, ਮੈਗਜ਼ੀਨ 28% , ਕਰੋਮੀਅਮ 32%, ਕੱਚਾ ਲੋਹਾ 16%, ਜਿਸਤ 12 .3%, ਟੰਗਸਟਨ 12%, ਨਿੱਕਲ 11% ਅਤੇ 10% ਜ਼ਿੰਕ ਮਿਲਦਾ ਹੈ। ਇਸ ਤੋਂ ਬਿਨ੍ਹਾਂ ਨਿਊਕਲੀਅਰ ਸ਼ਕਤੀ ਲਈ ਚਾਹੀਦਾ ਯੂਰੇਨੀਅਮ ਅਤੇ

ਥੋਰੀਅਮ ਵੀ ਇਸ ਖੇਤਰ ਵਿਚ ਮਿਲਦਾ ਹੈ। ਇਸ ਖੇਤਰ ਵਿਚ ਤੇਲ ਬਹੁਤ ਜ਼ਿਆਦਾ ਮਿਲਦਾ ਹੈ, ਜਿਸ ਦੀ ਯੁੱਧ ਨੀਤੀ ਪੱਖੋਂ ਵੀ ਬਹੁਤ ਮਹੱਤਤਾ ਹੈ। ਇਕੱਲਾ ਪੱਛਮੀ ਏਸ਼ੀਆ ਸੰਸਾਰ ਦਾ 40% ਕੱਚਾ ਤੇਲ ਪੈਦਾ ਕਰਦਾ ਹੈ।

ਆਸਟਰੇਲੀਆ, ਬੰਗਲਾ ਦੇਸ਼, ਮਿਸਰ, ਇੰਡੋਨੇਸ਼ੀਆ, ਇਰਾਨ, ਇਰਾਕ, ਕੁਵੈਤ, ਮਲੇਸ਼ੀਆ, ਸਾਊਦੀ ਅਰਬ, ਸਿੰਗਾਪੁਰ ਅਤੇ ਸ੍ਰੀ ਲੰਕਾ ਹਿੰਦ ਮਹਾਂਸਾਗਰ ਖੇਤਰ ਭਾਰਤ ਦੇ ਮੁੱਖ ਵਪਾਰਕ ਭਾਈਵਾਲ ਹਨ। ਭਾਰਤ ਦੇ ਇਨ੍ਹਾਂ ਦੇਸ਼ਾਂ ਤੋਂ ਇਲਾਵਾ ਹੋਰ ਦੇਸ਼ਾਂ ਨਾਲ ਵੀ ਵਪਾਰਿਕ ਅਤੇ ਆਰਥਿਕ ਸੰਬੰਧ ਹਨ।

ਸੱਤਰਵਿਆਂ ਵਿਚ ਹੀ ਮਨੁੱਖ ਨੇ ਆਪਣੀ ਤਰੱਕੀ ਅਤੇ ਖੁਸ਼ਹਾਲੀ ਲਈ ਸਹੀ ਅਰਥਾਂ ਵਿਚ ਧਿਆਨ ਦਿੱਤਾ। ਸਮੁੰਦਰ ਇਸ ਵੇਲੇ ਧਰਤੀ ਦਾ 7/40 ਭਾਗ ਹਨ ਜੋ ਕਿ ਮਨੁੱਖ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਸਮੁੰਦਰ ਵਿਚ ਖਾਣ ਪੀਣ ਦੀਆਂ ਵਸਤਾਂ ਅਤੇ ਖਣਿਜ ਪਦਾਰਥ ਭਾਰੀ ਮਾਤਰਾ ਵਿਚ ਮਿਲਦੇ ਹਨ। ਸਮੁੰਦਰਾਂ ਵਿਚ ਇਸ ਵੇਲੇ ਦੁਨੀਆਂ ਦੀ 80 ਪ੍ਰਤੀਸ਼ਤ ਮੱਛੀ , 90 ਪ੍ਰਤੀਸ਼ਤ ਤੇਲ ਅਤੇ ਕੁਦਰਤੀ ਗੈਸ ਦੇ ਭੰਡਾਰ ਹਨ। ਭਾਰਤ ਨੇ ਵੀ ਇਨ੍ਹਾਂ ਸਮੁੰਦਰੀ ਭੰਡਾਰਾਂ ਦਾ ਫਾਇਦਾ ਉਠਾਉਣਾ ਸ਼ੁਰੂ ਕਰ ਦਿੱਤਾ ਹੈ। 1974 ਵਿਚ ਬੰਬੇ ਹਾਈ ( Bombay High) ਵਿਚ ਕਾਫ਼ੀ ਮਾਤਰਾ ਵਿਚ ਪੈਟਰੋਲੀਅਮ ਦੇ ਭੰਡਾਰ ਮਿਲੇ ਸਨ। 1976 ਵਿਚ ਇਥੋਂ 2 ਮਿਲੀਅਨ ਟਨ ਤੇਲ ਹਰ ਸਾਲ ਕੱਢਿਆ ਜਾਣ ਲੱਗ ਪਿਆ ਸੀ। ਪਰ ਦੇਸ਼ ਦੀਆਂ ਜ਼ਰੂਰਤਾਂ ਵੱਧ ਜਾਣ ਕਰਕੇ 1982 ਵਿਚ ਇਹ ਪੈਦਾਵਾਰ ਵਧਾ ਕੇ 12 ਮਿਲੀਅਨ ਟਨ ਹਰੇਕ ਸਾਲ ਕਰ ਦਿੱਤੀ ਗਈ। ਇਸ ਕੰਮ ਲਈ ਦੋ ਸਰਕਾਰੀ ਕੰਪਨੀਆਂ ਕੰਮ ਕਰਦੀਆਂ ਹਨ। ਪਹਿਲੀ ਤਾਂ ਤੇਲ ਅਤੇ ਕੁਦਰਤੀ ਗੈਸ ਕਮਿਸ਼ਨ ਅਤੇ ਦੂਜੀ ਭਾਰਤੀ ਤੇਲ ਲਿਮਟਿਡ ਹੈ। ਦੂਜੀ ਮੁੱਖ ਚੀਜ਼ ਸਮੁੰਦਰ ਵਿਚੋਂ ਮਿਲਣ ਵਾਲੀ ਮੱਛੀ ਹੈ। 1979-80 ਵਿਚ ਭਾਰਤ ਨੇ ਮੱਛੀ ਦਾ ਨਿਰਯਾਤ ਕਰਕੇ 249.1 ਕਰੋੜ ਰੁਪਏ ਕਮਾਏ ਸਨ ਜਿਹੜਾ ਕਿ ਭਾਰਤ ਦੁਆਰਾ ਕੀਤੇ ਗਏ ਨਿਰਯਾਤ ਦਾ 3.88% ਸੀ।

ਇਸ ਤਰ੍ਹਾਂ ਉਪਰੋਕਤ ਗੱਲਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਭਾਰਤ ਦੀ ਹਿੰਦ ਮਹਾਂਸਾਗਰ ਉਪਰ ਕਿੰਨੀ ਆਰਥਿਕ ਨਿਰਭਰਤਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਹਿੰਦ ਮਹਾਂਸਾਗਰ ਉਪਰ ਭਾਰਤ ਦੀ ਆਰਥਿਕ ਨਿਰਭਰਤਾ ਬਹੁਤ ਜ਼ਿਆਦਾ ਹੈ ਜਿਸ ਲਈ ਰਾਸ਼ਟਰੀ ਸੁਰੱਖਿਆ ਨੂੰ ਕਾਇਮ ਕਰਨ ਵਾਸਤੇ ਪਹਿਲਾਂ ਆਰਥਿਕ ਸੁਰੱਖਿਆ ਜ਼ਰੂਰੀ ਹੈ।

## (iii) ਸੁਰੱਖਿਆ ਪੱਖ (Security Aspects)

ਕਿਸੇ ਵੀ ਦੇਸ਼ ਦਾ ਭੂਗੋਲ ਇੱਕ ਵਰਦਾਨ ਜਾਂ ਫਿਰ ਇੱਕ ਵੱਡੀ ਜ਼ੁੰਮੇਵਾਰੀ ਹੋ ਸਕਦਾ ਹੈ। ਭਾਰਤ ਦੀ ਹਿੰਦ ਮਹਾਂਸਾਗਰ ਵਿਚ ਸਥਿੱਤੀ ਪ੍ਰਾਇਦੀਪ (Pennisular) ਕਿਸਮ ਦੀ ਹੈ। ਭਾਰਤ ਦੀ ਸਮੁੰਦਰ ਵਿਚ ਇਸ ਤਰ੍ਹਾਂ ਦੀ ਸਥਿੱਤੀ ਬਹੁਤ ਫਾਇਦੇ ਵੀ ਦਿੰਦੀ ਹੈ ਅਤੇ ਸੁਰੱਖਿਆ ਪੱਖੋਂ ਵੀ ਪ੍ਰਭਾਵਿਤ ਕਰਦੀ ਹੈ। ਬੀਤੇ ਸਮੇਂ ਵਿਚ ਭਾਰਤ ਇਸ ਤਰ੍ਹਾਂ ਦੀ ਸਮੁੰਦਰ ਵਿਚ ਸਥਿੱਤੀ ਕਾਰਨ ਹੀ ਲੰਬਾ ਸਮਾਂ ਬਰਤਾਨੀਆ ਦਾ ਗੁਲਾਮ ਰਿਹਾ ਸੀ।

ਭਾਰਤ ਦੀ ਸਮੁੰਦਰੀ ਤੱਟ ਰੇਖਾ ਤਕਰੀਬਨ 6100 ਕਿਲੋਮੀਟਰ ਲੰਬੀ ਹੈ। ਇਸ ਉਪਰ 10 ਵੱਡੀਆਂ ਅਤੇ 116 ਛੋਟੀਆਂ ਬੰਦਰਗਾਹਾਂ ਹਨ ਜਿਹਨਾਂ ਵਿਚੋਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਜਹਾਜ਼ ਆਉਂਦੇ ਰਹਿੰਦੇ ਹਨ। ਸੁਰੱਖਿਆ ਪੱਖੋਂ ਇਨ੍ਹਾਂ ਬੰਦਰਗਾਹਾਂ ਤੇ ਦੁਸ਼ਮਣ ਹਮਲਾ ਕਰ ਸਕਦਾ ਹੈ ਕਿਉਂਕਿ ਇਹ ਵਿਸ਼ਾਲ ਸਮੁੰਦਰ ਵੱਲ ਖੁਲ੍ਹੀਆਂ ਹਨ। ਭਾਰਤ ਕੋਲ ਸੁਰੱਖਿਅਤ ਬੰਦਰਗਾਹਾਂ ਦੀ ਘਾਟ ਹੈ ਸਿਰਫ਼ ਵੱਡੀਆਂ ਬੰਦਰਗਾਹਾਂ ਵਿਚੋਂ ਵਿਸ਼ਾਖਾਪਟਨਮ ਦੀ ਬੰਦਰਗਾਹ ਹੀ ਸੁਰੱਖਿਅਤ ਪਾਣੀਆਂ ਵਿਚ ਹੈ। ਇਸ ਲਈ ਲੜਾਈ ਅਤੇ ਸ਼ਾਂਤੀ ਦੇ ਸਮੇਂ ਭੰਨ ਤੋੜ ਦੀਆਂ ਗਤੀਵਿਧੀਆਂ ਤੋਂ ਇਨ੍ਹਾਂ ਬੰਦਰਗਾਹਾਂ ਦੀ ਸੁਰੱਖਿਆ ਦੀ ਜ਼ੁੰਮੇਵਾਰੀ ਭਾਰਤੀ ਜਲ ਸੈਨਾ ਦੀ ਲਗਾਈ ਹੋਈ ਹੈ। ਜਿਹੜੇ ਕਿ ਸਿਵਲ ਅਧਿਕਾਰੀਆਂ ਦੀ ਇਸ ਕੰਮ ਲਈ ਮੱਦਦ ਕਰਦੇ ਹਨ । ਇਨ੍ਹਾਂ ਬੰਦਰਗਾਹਾਂ ਤੋਂ ਬਿਨ੍ਹਾਂ ਭਾਰਤ ਦੀ ਤੱਟ ਰੇਖਾ ਦੇ ਨਾਲ ਅਨੇਕਾਂ ਵੱਡੇ ਉਦਯੋਗ ਵੀ ਹਨ ਜਿਨ੍ਹਾਂ ਦੀ ਸੁਰੱਖਿਆ ਵੀ ਭਾਰਤ ਨੂੰ ਕਰਨੀ ਪੈਂਦੀ ਹੈ।ਪਾਕਿਸਤਾਨ ਬੰਬਈ ਦੇ ਪ੍ਰਮਾਣੂ ਕੇਂਦਰ ਅਤੇ ਬੰਬੇ ਹਾਈ (Bombay High) ਵਰਗੀਆਂ ਥਾਵਾਂ ਨੂੰ ਬੜੀ ਆਸਾਨੀ ਨਾਲ ਆਪਣੇ ਅਤਿ ਆਧੁਨਿਕ F-16 ਜਹਾਜ਼ਾਂ ਨਾਲ ਤਬਾਹ ਕਰ ਸਕਦਾ ਹੈ। ਭਾਰਤ ਪਾਕਿਸਤਾਨ ਦੇ 1965 ਦੇ ਦਵਾਰਕਾ (Dwarka) ਦੇ ਸਮੁੰਦਰੀ ਸੈਨਾ ਦੇ ਹਮਲੇ ਅਤੇ 1971 ਦੇ ਦੌਰਾਨ ਭਾਰਤੀ ਆਈ.ਐਨ.ਐਸ. ਵਿਕਰਾਂਤ ਉਪਰ ਪਾਕਿ ਦੀ ਗਾਜ਼ੀ (Gazi) ਪਣਡੁੱਬੀ ਦੇ ਹਮਲੇ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ।

ਭਾਰਤ ਦੇ ਬੰਗਾਲ ਦੀ ਖਾੜੀ ਵਿਚ 667 ਟਾਪੂ ਅਤੇ ਅਰਬ ਸਾਗਰ ਵਿਚ 50 ਟਾਪੂ ਹਨ। ਇਹ ਭਾਰਤ ਦੀ ਧਰਤੀ ਤੋਂ 108 ਕਿਲੋਮੀਟਰ ਤੋਂ ਲੈ ਕੇ 1300 ਕਿਲੋਮੀਟਰ ਦੀ ਦੂਰੀ ਤੱਕ ਹਨ। ਅੰਡੇਮਾਨ ਦੇ ਟਾਪੂ ਭਾਰਤ ਨਾਲੋਂ ਇੰਡੋਨੇਸ਼ੀਆ ਦੇ ਜ਼ਿਆਦਾ ਨੇੜੇ ਹਨ। ਕਿਸੇ ਬਾਹਰੀ ਹਮਲੇ ਦੇ ਸਮੇਂ ਇਨ੍ਹਾਂ ਦੀ ਰੱਖਿਆ ਦੀ ਜ਼ੁੰਮੇਵਾਰੀ ਭਾਰਤ ਦੀ ਬਣ ਜਾਂਦੀ ਹੈ। ਇਸ ਤੋਂ ਇਲਾਵਾ

ਇਨ੍ਹਾਂ ਦੀਪਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣਾ ਵੀ ਭਾਰਤ ਦੀ ਜੁੰਮੇਵਾਰੀ ਬਣ ਜਾਂਦੀ ਹੈ। ਬੰਗਾਲ ਦੀ ਖਾੜੀ ਵਿਚਲੇ ਮਹਾਂਦੀਪ ਵੱਲ ਭਾਰਤ ਸਰਕਾਰ ਉਨ੍ਹਾਂ ਦੀ ਯੁੱਧਨੀਤਿਕ ਮਹੱਤਤਾ ਕਰਕੇ ਜ਼ਿਆਦਾ ਧਿਆਨ ਦੇ ਰਹੀ ਹੈ। ਤ੍ਰੀਵੇਂਦਰਮ ਵਿਚਲਾ ਲੜਾਈ ਅੱਡਾ ਜੋ ਕਿ ਮਿਨੀਕਾਏ ਤੋਂ 450 ਕਿਲੋਮੀਟਰ ਦੂਰ ਹੈ ਅਤੇ ਕੋਚੀਨ ਦਾ ਥੱਲ ਸੈਨਾ ਦਾ ਅੱਡਾ ਇਨ੍ਹਾਂ ਟਾਪੂਆਂ ਦੀ ਸੁਰੱਖਿਆ ਲਈ ਕਾਫ਼ੀ ਨਹੀਂ ਹਨ।

ਹਿੰਦ ਮਹਾਂਸਾਗਰ ਦੇ ਖੇਤਰ ਵਿਚ ਇੱਕ ਵੱਡੀ ਸਮੱਸਿਆ ਭਾਰਤੀ ਸਮੁੰਦਰੀ ਸੀਮਾ ਵਿਚ ਦਖ਼ਲ-ਅੰਦਾਜ਼ੀ ਦੀ ਆਉਂਦੀ ਹੈ। ਸੱਤਰਵਿਆਂ ਦੇ ਮੱਧ ਵਿਚ ਐਡਮਿਰਲ ਚੈਟਰਜੀ ਨੇ ਸਰਕਾਰ ਨੂੰ ਖ਼ਬਰ ਦਿੱਤੀ ਕਿ ਮਦਰਾਸ ਦੇ ਤੱਟ ਦੇ ਨੇੜੇ ਕੁਝ ਵਿਦੇਸ਼ੀ ਜਹਾਜ਼ ਜੋ ਕਿ ਅਤਿ ਆਧੁਨਿਕ ਫੌਜੀ ਸਮਾਨ ਨਾਲ ਲੈਸ ਹਨ, ਭਾਰਤ ਦੀ ਜਲ ਸੈਨਾ ਬਾਰੇ ਕਾਫ਼ੀ ਸੂਚਨਾ ਇਕੱਠੀ ਕਰਕੇ ਲੈ ਗਏ ਹਨ। ਥਾਈਲੈਂਡ ਅਤੇ ਤਾਈਵਾਨ ਦੇ 70 ਮੱਛੀ ਫੜਨ ਵਾਲੇ ਜਹਾਜ਼ਾਂ ਨੂੰ ਭਾਰਤ ਨੇ 1980-81 ਦੇ ਸਮੇਂ ਵਿਚ ਫੜਿਆ ਸੀ ਜੋ ਕਿ ਭਾਰਤ ਦੇ ਖੇਤਰ ਵਿਚ ਮੱਛੀ ਫੜ ਰਹੇ ਹਨ। ਇਸ ਤੋਂ ਬਿਨ੍ਹਾਂ ਬੰਬੇ ਹਾਈ ਵਿਚ ਭਾਰਤ ਦਾ ਵੱਡਾ ਤੇਲ ਕੱਢਣ ਦਾ ਕੰਮ ਹੈ। ਇਸ ਇਲਾਕੇ ਵਿਚ ਤੇਲ ਕੱਢਣ ਲਈ ਭਾਰਤ ਨੇ ਸੰਸਾਰ ਦੇ ਆਧੁਨਿਕ ਅਤੇ ਮਹਿੰਗੇ ਯੰਤਰ ਲਗਾਏ ਹੋਏ ਹਨ। ਜਿਨ੍ਹਾਂ ਨੂੰ ਕਦੇ ਵੀ ਕੋਈ ਵਿਦੇਸ਼ੀ ਸ਼ਕਤੀਆਂ ਦੀਆਂ ਪਣਡੁੱਬੀਆਂ ਨੁਕਸਾਨ ਪਹੁੰਚਾ ਸਕਦੀਆਂ ਹਨ। ਇਸ ਲਈ ਇਹਨਾਂ ਦੀ ਰੱਖਿਆ ਦੀ ਜੁੰਮੇਵਾਰੀ ਵੀ ਭਾਰਤ ਸਰਕਾਰ ਦੀ ਹੈ। ਇਸ ਲਈ ਭਾਰਤ ਦੀ ਆਰਥਿਕਤਾ ਜਾਂ ਸੁਰੱਖਿਆ ਵਿਚ ਵਿਦੇਸ਼ੀ ਦਖ਼ਲ ਵੀ ਭਾਰਤ ਦੀ ਸੁਰੱਖਿਆ ਤੇ ਅਸਰ ਪਾਉਂਦਾ ਹੈ। ਇਸ ਤਰ੍ਹਾਂ ਦੇ ਦਖ਼ਲ ਨੂੰ ਰੋਕਣ ਵਾਸਤੇ ਭਾਰਤ ਨੇ 70 ਜਹਾਜ਼ ਲਗਾਏ ਹੋਏ ਹਨ ਜੋ ਇਨ੍ਹਾਂ ਜਹਾਜ਼ਾਂ ਨਾਲ ਸੰਪਰਕ ਬਣਾਈ ਰੱਖਦੇ ਹਨ। ਪਰ ਇੰਨਾ ਕੁਝ ਭਾਰਤ ਲਈ ਆਪਣੇ ਸਮੁੰਦਰੀ ਬੇੜੇ ਅਤੇ ਸਮੁੰਦਰੀ ਹਿਤਾਂ ਦੀ ਰੱਖਿਆ ਲਈ ਕਾਫ਼ੀ ਨਹੀਂ। ਇਸ ਲਈ ਹੋਰ ਜ਼ਿਆਦਾ ਆਧੁਨਿਕ ਅਤੇ ਜ਼ਿਆਦਾ ਗਿਣਤੀ ਵਿਚ ਸਾਜੋ-ਸਮਾਨ ਦੀ ਜ਼ਰੂਰਤ ਹੈ।

ਸਮੁੰਦਰਾਂ ਵਿਚ ਸਮੱਗਲਰਾਂ ਦੀ ਸਮੱਸਿਆ ਵੀ ਇੱਕ ਵੱਡੀ ਸਮੱਸਿਆ ਹੈ। ਇਸ ਸਮੱਸਿਆ ਬਾਰੇ ਭਾਰਤ ਸਰਕਾਰ ਨੇ 1974 ਵਿਚ ਗੰਭੀਰਤਾ ਨਾਲ ਸੋਚਿਆ। ਕਸਟਮ ਵਿਭਾਗ ਨੇ 1974 ਵਿਚ ਇਸ ਦੀ ਰੋਕਥਾਮ ਦੇ ਲਈ ਇੱਕ ਮੈਰੀਨ (Marine) ਵਿੰਗ ਬਣਾਇਆ। ਭਾਰਤ ਸਰਕਾਰ ਨੇ ਇਸ ਵੱਧਦੀ ਹੋਈ ਸਮੱਗਲਿੰਗ ਦੇ ਕਾਰਜ ਵਿਚ ਕੇ.ਐਫ.ਰੁਸਤਮਜੀ ਦੀ ਅਗਵਾਈ ਅਧੀਨ 1974 ਵਿਚ ਹੀ ਇੱਕ ਕਮੇਟੀ ਬਣਾਈ। ਇਸ ਕਮੇਟੀ ਨੇ 1974 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਕਮੇਟੀ ਨੇ ਭਾਰਤ ਦੇ ਸਮੁੰਦਰੀ ਹਿਤਾਂ ਨੂੰ ਸੁਰੱਖਿਅਤ ਰੱਖਣ ਵਾਸਤੇ ਤੱਟ ਦੀ ਰੱਖਿਆ ਲਈ ਇਕ ਸੰਗਠਨ ਬਣਾਉਣ ਦੀ ਸਲਾਹ ਦਿੱਤੀ। ਇਸ ਸੰਗਠਨ ਦੀ ਜ਼ਿੰਮੇਵਾਰੀ ਪਾਣੀ ਵਿਚ ਚੱਲਣ ਵਾਲੇ ਵਪਾਰ ਦੀ ਰੱਖਿਆ, ਕਿਸੇ ਦੁਰਘਟਨਾ ਸਮੇਂ ਬਚਾਅ ਕਾਰਵਾਈ, ਮੱਛੀ ਵਪਾਰ ਦੀ ਸੁਰੱਖਿਆ, ਸਮੱਗਲਿੰਗ ਨੂੰ ਰੋਕਣ ਅਤੇ ਪਾਣੀ ਵਿਚ ਪ੍ਰਦੂਸ਼ਨ ਨੂੰ ਰੋਕਣ ਦੀ ਸੀ। ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਅਨੁਸਾਰ 1 ਫਰਵਰੀ 1977 ਨੂੰ ਭਾਰਤੀ ਥੱਲ ਸੈਨਾ 'Coast Guard Cell' ਬਣਾਇਆ ਗਿਆ। ਇਸ ਨੂੰ ਸੁਰੱਖਿਆ ਮੰਤਰਾਲੇ ਦੇ ਅਧੀਨ ਰੱਖਿਆ ਗਿਆ ਸੀ। ਪਰ 19 ਅਗਸਤ 1978 ਨੂੰ 'Coast Guard ' ਨੂੰ ਇੱਕ ਅਲੱਗ ਅਰਧ ਸੈਨਾ ਦੇ ਰੂਪ ਵਿਚ ਸੁਰੱਖਿਆ ਮੰਤਰਾਲੇ ਦੇ ਅਧੀਨ ਰੱਖਿਆ ਗਿਆ। Coast Guard ਦਾ ਮੁੱਖ ਦਫ਼ਤਰ (Headquarter) ਨਵੀਂ ਦਿੱਲੀ ਵਿਚ ਹੈ। ਸੁਰੂ ਵਿਚ ਇਸ ਕੋਲ ਸਾਜੋ ਸਮਾਨ ਦੀ ਕਮੀ ਸੀ ਪਰ ਅੱਜ ਕਲ੍ਹ ਇਸ ਨੂੰ ਆਧੁਨਿਕ ਸਮਾਨ ਦਿੱਤਾ ਜਾ ਰਿਹਾ ਹੈ।

ਭਾਰਤ ਦੀ ਸਮੁੰਦਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੀਆਂ ਕੁਝ ਬਾਹਰੀ ਤਾਕਤਾਂ ਵੀ ਹਨ। ਭਾਵ ਕਿ ਹਿੰਦ ਮਹਾਂਸਾਗਰ ਦੇ ਭਾਰਤ ਤੋਂ ਬਿਨ੍ਹਾਂ ਹੋਰ ਦੇਸ਼ਾਂ ਦੀਆਂ ਨੀਤੀਆਂ ਅਤੇ ਭਾਰਤ ਦੇ ਬਾਹਰੀ ਤਾਕਤਾਂ ਨਾਲ ਸੰਬੰਧ ਆਦਿ। ਇਸ ਤਰ੍ਹਾਂ ਭਾਰਤ ਦੀ ਸਮੁੰਦਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਦੇਸ਼ਾਂ ਨੂੰ ਦੋ ਭਾਗਾਂ ਵਿਚ ਵਡ ਸਕਦੇ ਹਾਂ, ਇੱਕ ਤਾਂ ਨੇੜੇ ਦੇ ਦੇਸ਼ ਜਿਨ੍ਹਾਂ ਵਿਚ ਪਾਕਿਸਤਾਨ, ਮਾਲਦੀਵ, ਸ੍ਰੀ ਲੰਕਾ, ਬੰਗਲਾ ਦੇਸ਼ ਅਤੇ ਬਰਮਾ। ਦੂਜੇ ਉਹ ਹਨ ਜਿਹੜੇ ਕਿ ਕੁਝ ਦੂਰ ਪੈਂਦੇ ਹਨ ਉਨ੍ਹਾਂ ਵਿਚ ਇਰਾਨ, ਸੰਯੁਕਤ ਅਰਬ ਅਮੀਰਾਤ (UAE), ਉਮਾਨ, ਉੱਤਰੀ ਅਤੇ ਦੱਖਣੀ ਯਮਨ, ਸਾਊਦੀ ਅਰਬ, ਸੋਮਾਲੀਆ, ਇਥੋਪੀਆ, ਇੰਡੋਨੇਸ਼ੀਆ, ਮਲੇਸ਼ੀਆ, ਸਿੰਗਾਪੁਰ ਅਤੇ ਥਾਈਲੈਂਡ। ਜੇ ਇਨ੍ਹਾਂ ਦੇਸ਼ਾਂ ਵਿਚ ਕੋਈ ਵੀ ਫੌਜੀ ਉਤਰਾਅ ਚੜਾਅ ਹੁੰਦਾ ਹੈ ਤਾਂ ਇਸ ਦਾ ਅਸਰ ਸਿੱਧਾ ਭਾਰਤ ਦੀ ਸੁਰੱਖਿਆ ਤੇ ਪੈਂਦਾ ਹੈ। ਭਾਰਤ ਦੀ ਨੀਤੀ ਆਪਣੇ ਦੂਜੇ ਗੁਆਂਢੀ ਦੇਸ਼ਾਂ ਨਾਲ ਹਮੇਸ਼ਾਂ ਸਮਝੌਤੇ, ਇੱਕਮੁੱਠਤਾ ਅਤੇ ਨਿਰਪੱਖਤਾ ਦੀ ਰਹੀ ਹੈ। ਜੋ ਦੇਸ਼ ਭਾਰਤ ਤੋਂ ਦੂਰ ਪੈਂਦੇ ਹਨ, ਦੋਹਾਂ ਮਹਾਂ ਤਾਕਤਾਂ ਵਿਚੋਂ ਕਿਸੇ ਇਕ ਮਹਾਂ ਸ਼ਕਤੀ ਦੇ ਪ੍ਰਭਾਵ ਹੇਠ ਜ਼ਰੂਰ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਦੀਆਂ ਮਹਾਂ-ਸ਼ਕਤੀਆਂ ਦੇ ਅਸਰ ਹੇਠ ਆਉਣਾ ਭਾਰਤ ਦੀ ਸਮੁੰਦਰੀ ਸੁਰੱਖਿਆ ਲਈ ਖ਼ਤਰੇ ਦਾ ਕਾਰਨ ਬਣਦਾ ਹੈ। ਯਮਨ ਅਤੇ ਇਸ ਦਾ ਯੁੱਧਨੀਤਿਕ ਮਹੱਤਤਾ ਵਾਲਾ ਟਾਪੂ ਸਕੋਤਰਾ ਪਹਿਲਾਂ ਹੀ ਸੋਵੀਅਤ ਰੂਸ ਦੇ ਕਬਜ਼ੇ ਹੇਠ ਹੈ। ਇਸ ਜਗ੍ਹਾ ਤੇ ਸੋਵੀਅਤ ਰੂਸ ਦੀ ਥਲ ਸੈਨਾ ਨੂੰ ਵੀ ਸਹੂਲਤਾਂ ਦਿੱਤੀਆਂ ਗਈਆਂ ਹਨ। ਦੂਜੇ ਪਾਸੇ ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ ਅਤੇ ਉਮਾਨ ਅਮਰੀਕਾ ਦੇ ਅਸਰ ਹੇਠ ਹਨ। ਅਮਰੀਕਾ ਨੂੰ, ਬਹਿਰੀਨ ਵਿਚ ਸਮੁੰਦਰੀ ਅਤੇ ਮਸੀਰਾ ਜੋ ਕਿ ਉਮਾਨ ਵਿਚ ਹੈ, ਵਿਚ ਹਵਾਈ ਸਹੂਲਤਾਂ

ਉਪਲਬਧ ਹਨ। ਡਿਗੋਗਾਰਸ਼ਿਆ ਦਾ ਟਾਪੂ ਪਹਿਲਾਂ ਹੀ ਅਮਰੀਕਾ ਦਾ ਫੌਜੀ ਅੱਡਾ ਬਣ ਚੁੱਕਿਆ ਹੈ। ਇਸ ਤੋਂ ਅਮਰੀਕਾ ਹਿੰਦ ਮਹਾਂਸਾਗਰ ਦੇ ਕਿਸੇ ਵੀ ਹਿੱਸੇ ਵਿਚ ਆਪਣੀ ਸਮੁੰਦਰੀ, ਹਵਾਈ ਅਤੇ ਪ੍ਰਮਾਣੂ ਸ਼ਕਤੀ ਦੀ ਵਰਤੋਂ ਕਰ ਸਕਦਾ ਹੈ। ਇਸ ਤੋਂ ਬਿਨ੍ਹਾਂ ਖਾੜੀ ਦੇ ਖੇਤਰ ਵਿਚ ਹੋ ਰਹੀਆਂ ਫੌਜੀ ਗਤੀਵਿਧੀਆਂ ਵੀ ਸਿੱਧੀ ਭਾਰਤ ਦੀ ਸੁਰੱਖਿਆ ਤੇ ਅਸਰ ਪਾਉਂਦੀਆਂ ਹਨ। ਕਿਉਂਕਿ ਇਨ੍ਹਾਂ ਨਾਲ ਵਿਦੇਸ਼ੀ ਤਾਕਤਾਂ ਨੂੰ ਦਖ਼ਲ-ਅੰਦਾਜ਼ੀ ਕਰਨ ਦਾ ਮੌਕਾ ਮਿਲ ਜਾਂਦਾ ਹੈ। ਅਮਰੀਕਾ ਦੀ ਨੀਤੀ ਇਸ ਖੇਤਰ ਵਿਚ ਤੇਲ ਦੀ ਬਹੁਤਾਤ ਹੋਣ ਦੇ ਕਾਰਨ ਪਹਿਲਾਂ ਹੀ ਇਨ੍ਹਾਂ ਦੇਸ਼ਾਂ ਤੇ ਪ੍ਰਭਾਵ ਪਾਉਂਦੀ ਰਹੀ ਹੈ।

ਅਰਬ ਖੇਤਰ ਦੇ ਛੇ ਦੇਸ਼ਾਂ ਨੇ ਜਿਨ੍ਹਾਂ ਵਿਚ ਸਾਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਉਮਾਨ, ਬਹਿਰੀਨ ਅਤੇ ਕਤਰ ਹਨ, ਨੇ ਮਿਲ ਕੇ 1981 ਵਿਚ ਖਾੜੀ ਸਹਿਯੋਗ ਕੌਂਸਲ (Gulf Co-operation Council) ਬਣਾਈ ਹੈ ਜਿਸ ਦਾ ਮਕਸਦ ਸੁਰੱਖਿਆ ਅਤੇ ਆਰਥਿਕ ਖੇਤਰ ਵਿਚ ਸਹਿਯੋਗ ਕਰਨਾ ਹੈ। ਇਹ ਦੇਸ਼ ਆਪਣੀਆਂ ਸੈਨਾਵਾਂ ਨੂੰ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਕਰਨ ਦੇ ਲਈ ਅਮਰੀਕਾ, ਬਰਤਾਨੀਆ, ਫਰਾਂਸ ਅਤੇ ਪੱਛਮੀ ਜਰਮਨੀ ਤੋਂ ਮਦਦ ਲੈ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਦਾ ਸੁਰੱਖਿਆ ਦੇ ਮਸਲੇ ਲਈ ਪੱਛਮੀ ਦੇਸ਼ਾਂ ਦੇ ਨੇੜੇ ਜਾਣ ਨਾਲ ਸਿੱਧਾ ਹੀ ਸੋਵੀਅਤ ਯੂਨੀਅਨ ਨੂੰ ਸੱਦਾ ਦਿੰਦਾ ਹੈ, ਜਿਸ ਨਾਲ ਇਸ ਖੇਤਰ ਵਿਚ ਤਣਾਅ ਪੈਦਾ ਹੁੰਦਾ ਹੈ। ਦੂਜੇ ਪਾਸੇ ਇੱਕ ਖਾੜੀ ਸਹਿਯੋਗ ਕੌਂਸਲ ਦੇ ਇੱਕ ਮੈਂਬਰ ਦੇਸ਼ ਵਲੋਂ ਦੋ-ਪੱਖੀ (bilateral) ਆਧਾਰ ਤੇ ਪਾਕਿਸਤਾਨ ਨਾਲ ਵੀ ਸਮਝੌਤਾ ਹੈ। ਸਾਊਦੀ ਅਰਬ ਪਾਕਿਸਤਾਨ ਨੂੰ ਹਥਿਆਰ ਖਰੀਦਣ ਲਈ ਪੈਸੇ ਦੀ ਮੱਦਦ ਦਿੰਦਾ ਹੈ ਅਤੇ ਪਾਕਿਸਤਾਨ ਦੀਆਂ ਕੁਝ ਸੈਨਾਵਾਂ ਸਾਊਦੀ ਅਰਬ ਦੀ ਸੁਰੱਖਿਆ ਲਈ ਸਾਊਦੀ ਅਰਬ ਵਿਚ ਬੈਠੀਆਂ ਹਨ। ਇਸ ਤੋਂ ਬਿਨ੍ਹਾਂ 1971 ਦੀ ਭਾਰਤ ਪਾਕਿ ਦੀ ਜੰਗ ਦੇ ਸਮੇਂ ਵੀ ਸਾਊਦੀ ਅਰਬ ਨੇ ਪਾਕਿਸਤਾਨ ਦੀ ਸਮੁੰਦਰੀ ਸੈਨਾ ਲਈ ਸਮਾਨ ਖਰੀਦਣ ਲਈ ਮਦਦ ਕੀਤੀ ਸੀ।1965 ਵਿਚ ਭਾਰਤ-ਪਾਕਿ ਜੰਗ ਦੌਰਾਨ ਵੀ ਇਸ ਨੇ ਪਾਕਿਸਤਾਨ ਦੀ ਮਦਦ ਕੀਤੀ ਸੀ। ਇੰਡੋਨੇਸ਼ੀਆ ਦੀ ਪਾਕਿਸਤਾਨ ਨੂੰ ਦਿੱਤੀ ਗਈ ਮਦਦ ਵਿਚ ਦੋ ਪਣਡੁੱਬੀਆਂ 40 ਐਸ.ਏ. ਮਿਜ਼ਾਇਲ ਕਿਸ਼ਤੀਆਂ, 4 ਮਿਗ-21, ਮਿਗ-19 ਅਤੇ ਮਿਗ-5 ਸ਼ਾਮਲ ਸਨ। ਇਸ ਤਰ੍ਹਾਂ ਇਸ ਖੇਤਰ ਦੇ ਕਿਸੇ ਵੀ ਦੇਸ਼ ਵਲੋਂ ਪਾਕਿਸਤਾਨ ਨੂੰ ਸੈਨਿਕ ਮਦਦ ਦੇਣ ਦਾ ਸਿੱਧਾ ਅਸਰ ਭਾਰਤ ਤੇ ਪੈਂਦਾ ਹੈ।

ਚੀਨ ਵੀ ਬਰਮਾ ਅਤੇ ਥਾਈਲੈਂਡ ਵਿਚ ਕੁਝ ਸਮੁੰਦਰੀ ਸਹੂਲਤਾਂ ਲੈਣ ਦਾ ਇੱਛੁਕ ਹੈ। ਇਸ ਤੋਂ ਬਿਨ੍ਹਾਂ ਚੀਨ ਪਾਕਿਸਤਾਨ ਵਿਚ ਕੁਝ ਸਮੁੰਦਰੀ ਸਹੂਲਤਾਂ ਵੀ ਚਾਹੁੰਦਾ ਹੈ ਕਿਉਂਕਿ ਪਹਿਲਾਂ ਵੀ ਉਤਰ-ਪੂਰਬੀ ਖੇਤਰ ਵਿਚ ਚੀਨ ਨਾਗਾਲੈਂਡ ਦੇ ਲੋਕਾਂ ਦੀ ਹਥਿਆਰਾਂ ਨਾਲ ਮੱਦਦ ਕਰਦਾ ਰਿਹਾ ਹੈ। ਜੇ ਚੀਨ ਇਨ੍ਹਾਂ ਦੇਸ਼ਾਂ ਵਿਚ ਸਮੁੰਦਰੀ ਸਹੂਲਤਾਂ ਲੈ ਲੈਂਦਾ ਹੈ ਤਾਂ ਇਸ ਦਾ ਅਸਰ ਭਾਰਤੀ ਸੁਰੱਖਿਆ ਤੇ ਪਵੇਗਾ। ਚੀਨ ਅਤੇ ਅਮਰੀਕਾ ਪਾਕਿਸਤਾਨ ਨੂੰ ਆਧੁਨਿਕ ਹਥਿਆਰ ਦੇ ਰਹੇ ਹਨ। ਅਮਰੀਕਾ ਦੁਆਰਾ ਪਾਕਿਸਤਾਨ ਦੀ ਗਵਾਦਰ ਅਤੇ ਕਰਾਚੀ ਬੰਦਰਗਾਹ ਵਿਚ ਜਲ ਸੈਨਾ ਦੀਆਂ ਸਹੂਲਤਾਂ ਲੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਾਕਿਸਤਾਨ ਦੀ ਇਲੈਕਟਰਾਨਿਕ ਬ੍ਰਿਗੇਡ ਨੂੰ ਬਨਾਉਣ ਦੇ ਲਈ ਅਮਰੀਕਾ ਮਦਦ ਕਰ ਰਿਹਾ ਹੈ। ਬਲੋਚਿਸਤਾਨ ਵਿਚ 6 ਹਵਾਈ ਅੱਡੇ ਵੀ ਬਣਾਏ ਜਾ ਰਹੇ ਹਨ ਜਿਹਨਾਂ ਦੀ ਵਰਤੋਂ ਅਮਰੀਕਾ ਨੇ ਆਪਣੇ ਮਕਸਦਾਂ ਲਈ ਕਰਨੀ ਹੈ। ਇਸ ਤਰ੍ਹਾਂ ਇਨ੍ਹਾਂ ਗਤੀਵਿਧੀਆਂ ਦਾ ਵੀ ਭਾਰਤ ਦੀ ਸੁਰੱਖਿਆ ਤੇ ਸਿੱਧਾ ਅਸਰ ਪੈਂਦਾ ਹੈ।

ਸ੍ਰੀ ਲੰਕਾ ਵਿਚ ਤਿਰਨਕੋਮਲੀ (Trinocomalee) ਵਿਚ ਵੀ ਅਮਰੀਕਾ ਦੇ ਜਲ ਸੈਨਾ ਦੇ ਅੱਡੇ ਪ੍ਰਤੀ ਸ਼ੱਕ ਹੈ। ਪਰ ਸਰਕਾਰੀ ਤੌਰ ਤੇ ਸ੍ਰੀ ਲੰਕਾ ਦੀ ਸਰਕਾਰ ਇਸ ਗੱਲ ਦਾ ਇਨਕਾਰ ਕਰ ਚੁੱਕੀ ਹੈ। ਬਾਕੀ '' Peace Zone'' ਪ੍ਰਤੀ ਵੀ ਸ੍ਰੀ ਲੰਕਾ ਦਾ ਰਵੱਈਆ ਕੋਈ ਜ਼ਿਆਦਾ ਵਧੀਆ ਨਹੀਂ ਰਿਹਾ। ਸ੍ਰੀ ਲੰਕਾ ਆਰਥਿਕ ਤੌਰ ਤੇ ਵੀ ਕਾਫ਼ੀ ਗਰੀਬ ਦੇਸ਼ ਹੈ। ਇਹ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਲਈ ਵਿਦੇਸ਼ੀ ਮਦਦ ਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ਸ੍ਰੀ ਲੰਕਾ ਵੀ ਅਮਰੀਕਾ ਪੱਖੀ ਜਾ ਸਕਦਾ ਹੈ। ਸ੍ਰੀ ਲੰਕਾ ਤੋਂ ਬਿਨ੍ਹਾਂ ਬੰਗਲਾ ਦੇਸ਼ ਵੀ ਅਮਰੀਕਾ, ਪਾਕਿਸਤਾਨ ਅਤੇ ਚੀਨ ਪੱਖੀ ਜਾ ਰਿਹਾ ਹੈ। ਚੀਨ ਆਪਣੀ ਦੱਖਣੀ ਏਸ਼ੀਆ ਨੀਤੀ ਵਿਚ ਬੰਗਲਾ ਦੇਸ਼ ਨੂੰ ਪਹਿਲ ਦਿੰਦਾ ਹੈ। ਬੰਗਲਾ ਦੇਸ਼ ਨੇ ਇੱਕ ਇਨਫੈਨਟਰੀ ਡਵੀਜ਼ਨ (23 in infantry division) ਚੀਨੀ ਹਥਿਆਰਾਂ ਨਾਲ ਲੈਸ ਕੀਤੀ ਹੈ। ਇਸ ਦੇ ਨਾਲ ਬੰਗਲਾ ਦੇਸ਼ ਏਅਰਫੋਰਸ ਦੀਆਂ 2 ਸੁਕਾਡਨਾਂ ਚੀਨੀ ਮਿਗ-19 ਨਾਲ ਲੈਸ ਕੀਤੀਆਂ ਹਨ। ਜਲ ਸੈਨਾ ਵਿਚ ਵੀ ਬੰਗਲਾ ਦੇਸ਼ ਨੇ 2 ਚੀਨੀ Gun boats ਲਈਆਂ ਹਨ।

ਅਮਰੀਕਾ ਦਾ ਇਸ ਖੇਤਰ ਵਿਚ ਇਜ਼ਰਾਈਲ ਨਾਲ ਵੀ ਯੁੱਧਨੀਤਿਕ ਸਹਿਯੋਗ ਹੈ। ਅਮਰੀਕਾ ਨੇ ਮਿਸਰ ਵਿਚ ਸ਼ਰਮ-ਅਲ-ਸ਼ੇਖ (Sharm-al-Sheikh) ਵਿਚ ਸਮੁੰਦਰੀ ਸਹੂਲਤਾਂ ਅਤੇ ਰਸ-ਬਨਸ (Ras Bannas) ਵਿਚ ਹਵਾਈ ਅਤੇ ਸਮੁੰਦਰੀ ਸਹੂਲਤਾਂ ਦਿੱਤੀਆਂ ਹਨ। ਇਜ਼ਰਾਈਲ ਨੇ ਨੇਗਵ (Nagav) ਮਾਰੂਥਲ ਵਿਚ ਅਮਰੀਕਾ ਨੂੰ ਹਵਾਈ ਸਹੂਲਤਾਂ ਦਿੱਤੀਆਂ ਹੋਈਆਂ ਹਨ। ਮਿਸਰ ਨੂੰ ਅਮਰੀਕਾ ਨੇ ਉਸ ਦੇ ਹਿੱਤਾਂ ਦੀ ਪੂਰਤੀ ਲਈ ਸੁਏਜ਼ ਨਹਿਰ ਦੇ ਇਲਾਕੇ ਵਿਚ ਕਾਬੂ ਕੀਤਾ ਹੋਇਆ ਹੈ। ਇਹ ਇਲਾਕਾ ਸੋਵੀਅਤ ਰੂਸ ਲਈ ਵੀ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਅਮਰੀਕਾ ਲਈ। ਸੋਵੀਅਤ ਰੂਸ ਨੇ ਵੀ ਇਥੋਪੀਆ ਅਤੇ ਅਦਨ ਵਿਚ ਸਮੁੰਦਰੀ ਸਹੂਲਤਾਂ ਲਈਆਂ ਹੋਈਆਂ ਹਨ। ਪੂਰਬੀ ਅਫ਼ਰੀਕਾ ਦੇ ਤੱਟ ਤੇ ਅਮਰੀਕਾ ਨੇ

ਕੀਨੀਆ ਵਿਚ ਅਤੇ ਰੂਸ ਨੇ ਮੋਜਾਬਿੰਕ ਵਿਚ ਹਵਾਈ ਅਤੇ ਜਲ ਸੈਨਾ ਦੀਆਂ ਸਹੂਲਤਾਂ ਲਈਆਂ ਹੋਈਆਂ ਹਨ। ਆਸਟਰੇਲੀਆ ਵਿਚ ਵੀ ਅਮਰੀਕਾ ਨੇ ਸੰਚਾਰ ਅਤੇ ਉਪਗ੍ਰਹਿ ਨੂੰ ਕੰਟਰੋਲ ਕਰਨ ਲਈ ਸਟੇਸ਼ਨ ਬਣਾਏ ਹੋਏ ਹਨ। ਆਸਟਰੇਲੀਆ, ਨਿਊਜ਼ੀਲੈਂਡ ਅਤੇ ਅਮਰੀਕਾ ਨੇ ਮਿਲਕੇ ਇੱਕ ਗਰੁੱਪ 'ANZUS' ਬਣਾਇਆ ਹੋਇਆ ਹੈ।

ਇਸ ਤਰ੍ਹਾਂ ਵੱਡੀਆਂ ਤਾਕਤਾਂ ਦੀ ਇਸ ਖੇਤਰ ਵਿਚ ਸ਼ਕਤੀ ਲਈ ਦੁਸ਼ਮਣੀ, ਅੰਤਰ-ਰਾਸ਼ਟਰੀ ਸ਼ਾਂਤੀ ਅਤੇ ਇਸ ਇਲਾਕੇ ਦੇ ਦੇਸ਼ਾਂ ਦੀ ਸੁਰੱਖਿਆ ਲਈ ਖ਼ਤਰਾ ਹੈ। ਇਹ ਗਤੀਵਿਧੀਆਂ ਚਾਹੇ ਭਾਰਤ ਦੀ ਸੁਰੱਖਿਆ ਤੇ ਸਿੱਧਾ ਅਸਰ ਨਾ ਵੀ ਪਾਉਣ ਪਰ ਇਹ ਅਫ਼ਰੀਕੀ ਏਸ਼ੀਆਈ ਇਲਾਕੇ ਦੇ ਵਿਚ ਗੁੱਟ-ਨਿਰਪੱਖ ਲਹਿਰ ਨੂੰ ਜ਼ਰੂਰ ਕਮਜ਼ੋਰ ਕਰ ਸਕਦੇ ਹਨ। ਭਾਰਤ ਇਸ ਖੇਤਰ ਵਿਚ ਪੈਂਦੇ ਛੋਟੇ ਟਾਪੂ ਦੇਸ਼ਾਂ ਦੀ ਆਰਥਿਕ ਅਤੇ ਫੌਜ਼ੀ ਤੌਰ ਤੇ ਮਦਦ ਕਰਦਾ ਰਹਿੰਦਾ ਹੈ। ਭਾਰਤ ਦੀਆਂ ਆਪਣੀਆਂ ਇਸ ਖੇਤਰ ਵਿਚ ਪ੍ਰਭਾਵ ਪਾਉਣ ਦੀਆਂ ਇਛਾਵਾਂ ਵੀ ਨਹੀਂ ਹਨ ਪਰ ਭਾਰਤ ਇਨ੍ਹਾਂ ਦੇਸ਼ਾਂ ਦੀ ਇਸ ਕਰਕੇ ਮਦਦ ਕਰਦਾ ਹੈ ਤਾਂ ਕਿ ਜਦੋਂ ਕੋਈ ਇਨ੍ਹਾਂ ਦੇਸ਼ਾਂ ਤੇ ਆਫ਼ਤ ਆਉਂਦੀ ਹੈ ਤਾਂ ਘੱਟੋ-ਘੱਟ ਵਿਦੇਸ਼ੀ ਤਾਕਤਾਂ ਇਸ ਖੇਤਰ ਵਿਚ ਦਖ਼ਲ ਨਾ ਕਰਨ ਕਿਉਂਕਿ ਵਿਦੇਸ਼ੀ ਤਾਕਤਾਂ ਦੇ ਦਖ਼ਲ ਕਰਨ ਦੇ ਨਾਲ ਇਸ ਇਲਾਕੇ ਵਿਚ ਫੌਜ਼ੀ ਅਤੇ ਰਾਜਨੀਤਿਕ ਖਿੱਚੋਤਾਣ ਹੋਰ ਵੱਧ ਜਾਵੇਗੀ।

ਜਿਥੋਂ ਤੱਕ ਭਾਰਤ ਦੀ ਸਮੁੰਦਰੀ ਸ਼ਕਤੀ ਦਾ ਸੰਬੰਧ ਹੈ, ਭਾਰਤ ਜਲ ਸੈਨਾ ਕਾਫ਼ੀ ਮਜ਼ਬੂਤ ਕਹੀ ਜਾ ਸਕਦੀ ਹੈ। ਇਸ ਵੇਲੇ ਭਾਰਤੀ ਜਲ ਸੈਨਾ ਦੀ ਗਿਣਤੀ ਤਕਰੀਬਨ 50,000 ਦੇ ਕਰੀਬ ਹੈ। ਭਾਰਤ ਤੋਂ ਬਿਨ੍ਹਾਂ ਇਸ ਖੇਤਰ ਵਿਚ ਇਰਾਨ ਵੀ ਆਪਣੀ ਸਮੁੰਦਰੀ ਸ਼ਕਤੀ ਨੂੰ ਕਾਫ਼ੀ ਵਧਾ ਰਿਹਾ ਹੈ। ਭਾਰਤ ਦੇ ਚਾਹੇ ਇਰਾਨ ਨਾਲ ਕਾਫ਼ੀ ਚੰਗੇ ਸੰਬੰਧ ਹਨ ਪਰ ਫਿਰ ਵੀ ਉਸ ਦੀ ਵੱਧ ਰਹੀ ਸਮੁੰਦਰੀ ਸ਼ਕਤੀ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਮਰੀਕਾ ਅਤੇ ਬਰਤਾਨੀਆ ਇਰਾਨ ਨੂੰ ਵਧੀਆ ਲੜਾਈ ਦਾ ਸਮਾਨ ਭੇਜ ਰਹੇ ਹਨ। ਪਾਕਿਸਤਾਨ ਇਰਾਕ ਤੋਂ ਲੜਾਈ ਦਾ ਸਮਾਨ ਲੈ ਰਹਾ ਹੈ ਅਤੇ ਇਸ ਤੋਂ ਬਿਨ੍ਹਾਂ ਇਰਾਨ ਦੇ ਸ਼ਾਹ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਭਾਰਤ ਦੇ ਪਾਕਿ ਉਪਰ ਹਮਲੇ ਦੀ ਸੂਰਤ ਵਿਚ ਇਰਾਨ ਪਾਕਿਸਤਾਨ ਦੀ ਮਦਦ ਕਰੇਗਾ। ਪਾਕਿਸਤਾਨ ਕੋਲ ਹਿੰਦ ਮਹਾਂਸਾਗਰ ਦੇ ਤੱਟ ਦਾ ਕੁਲ 5.4 ਪ੍ਰਤੀਸ਼ਤ ਹਿੱਸਾ ਹੈ ਤੇ ਭਾਰਤ ਕੋਲ 36 ਪ੍ਰਤੀਸ਼ਤ ਹਿੱਸਾ ਹੈ। ਪਰ ਇਸ ਤੋਂ ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਪਾਕਿਸਤਾਨ ਦੀਆਂ ਭਾਰਤ ਨਾਲੋ ਸਮੁੰਦਰ ਪ੍ਰਤੀ ਜ਼ੁੰਮੇਵਾਰੀਆਂ ਘੱਟ ਹਨ। ਪਰ ਪਾਕਿਸਤਾਨ ਆਪਣੀ ਸਮੁੰਦਰੀ ਸ਼ਕਤੀ ਚੀਨ, ਫਰਾਂਸ ਅਤੇ ਅਮਰੀਕਾ ਦੀ ਮਦਦ ਨਾਲ ਵਧਾਉਣ ਦੇ ਯਤਨ ਕਰ ਰਿਹਾ ਹੈ। ਦੂਜੇ ਪਾਸੇ ਇਹ ਵਿਚਾਰ ਵੀ ਕਰ ਰਿਹਾ ਹੈ ਕਿ ਪਾਕਿ ਨੂੰ ਭਾਰਤ ਦੀ ਸਮੁੰਦਰੀ ਸ਼ਕਤੀ ਪਾਸੋਂ ਖ਼ਤਰਾ ਹੈ। ਇਸ ਦੇ ਨਾਲ ਹੀ ਪਾਕਿਸਤਾਨ ਅਮਰੀਕਾ ਵਲੋਂ ਬਣਾਏ ਗਏ ਫੌਜ਼ੀ ਅੱਡਿਆਂ ਦੀ ਪ੍ਰੋੜ੍ਹਤਾ ਕਰਦਾ ਹੈ। ਇਨ੍ਹਾਂ ਚੀਜ਼ਾਂ ਨੂੰ ਦੇਖਦਿਆਂ ਹੋਇਆਂ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਨੂੰ ਆਪਣੀ ਸਮੁੰਦਰੀ ਸ਼ਕਤੀ ਹੋਰ ਮਜ਼ਬੂਤ ਕਰਨੀ ਹੋਵੇਗੀ।

ਭਾਰਤ ਇਸ ਇਲਾਕੇ ਵਿਚ ਇੱਕੋ ਇੱਕ ਅਜਿਹਾ ਦੇਸ਼ ਹੈ ਜਿਸ ਪਾਸ ਅਜਿਹੀ ਸਨਅਤੀ, ਤਕਨੀਕੀ, ਸਮੁੰਦਰੀ ਅਤੇ ਆਰਥਿਕ ਸਥਿੱਤੀ ਮੌਜੂਦ ਹੈ। ਇਸ ਦੀ ਭੂਗੋਲਿਕ ਸਥਿਤੀ ਇਸ ਨੂੰ ਇਸ ਯੋਗ ਬਣਾਉਂਦੀ ਹੈ ਜਿਸ ਨਾਲ ਇਹ ਆਪਣੀਆਂ ਸਮੁੰਦਰੀ ਪ੍ਰੰਪਰਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਹਿੰਦ ਮਹਾਂਸਾਗਰ, ਏਸ਼ੀਆ ਅਤੇ ਅਫ਼ਰੀਕਾ ਦੇਸ਼ਾਂ ਵਿਚੋਂ ਵਧੇਰੇ ਸ਼ਕਤੀਸ਼ਾਲੀ ਬਣ ਕੇ ਇਨ੍ਹਾਂ ਦਾ ਸਰਪ੍ਰਸਤ ਬਣ ਸਕਦਾ ਹੈ। ਪਰ ਭਾਰਤ ਨੂੰ ਵੱਡੀਆਂ ਤਾਕਤਾਂ ਵਲੋਂ ਪੈਦਾ ਕੀਤੇ ਹੋਏ ਖ਼ਤਰੇ ਨੂੰ ਮੁੱਖ ਰਖਦਿਆਂ ਹੋਇਆਂ ਆਪਣੀ ਸ਼ਕਤੀ ਨੂੰ ਹੋਰ ਵੀ ਮਜ਼ਬੂਤ ਕਰਨਾ ਹੋਵੇਗਾ ਅਤੇ ਜਿਨੀ ਦੇਰ ਤੱਕ ਵੱਡੀਆਂ ਸ਼ਕਤੀਆਂ ਦਾ ਮੁਕਾਬਲਾ ਕਰਨ ਯੋਗ ਸ਼ਕਤੀ ਪੈਦਾ ਨਹੀਂ ਕਰ ਲਈ ਜਾਂਦੀ ਇਸ ਨੂੰ ਇਲਾਕਾਈ ਸਾਂਝੀ ਸੁਰੱਖਿਆ ਦਾ ਪ੍ਰਚਾਰ ਕਰਨਾ ਹੋਵੇਗਾ ਅਤੇ ਇੱਕ ਇਲਾਕਾਈ ਸੁਰੱਖਿਆ ਗੁੱਟ ਤਿਆਰ ਕਰਨਾ ਹੋਵੇਗਾ। ਇਸ ਦੇ ਲਈ ਇੱਥੋਂ ਦੇ ਦੇਸ਼ਾਂ ਨੂੰ ਆਪਣੀ ਆਰਥਿਕ ਅਤੇ ਮਾਇਕ ਹਾਲਤ ਨੂੰ ਬੇਹਤਰ ਬਣਾਉਣਾ ਹੋਵੇਗਾ ਅਤੇ ਇਹ ਤਾਂ ਹੀ ਹੋ ਸਕੇਗਾ ਜੇਕਰ ਇਥੋਂ ਦੇ ਸਾਰੇ ਦੇਸ਼ ਆਪਸੀ ਮਿਲਵਰਤਣ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਕੰਮ ਕਰਨ।

ਬੇਸ਼ੱਕ ਬੀਤੇ ਸਮੇਂ ਵਿਚ ਹਿੰਦ ਮਹਾਂਸਾਗਰ ਨੂੰ ਸ਼ਾਂਤੀ ਦਾ ਇਲਾਕਾ ਬਣਾਉਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਰਹੀਆਂ ਹਨ ਪਰ ਇਥੋਂ ਦੇ ਕੁਝ ਦੇਸ਼ਾਂ ਦੇ ਨਿੱਜੀ ਸੁਆਰਥ ਅਤੇ ਵੱਡੀਆਂ ਤਾਕਤਾਂ ਵਿਚ ਇੱਕ ਦੂਜੇ ਨੂੰ ਕਮਜ਼ੋਰ ਕਰਨ ਅਤੇ ਸ਼ਕਤੀ ਨੂੰ ਵਧਾਉਣ ਦੀ ਨੀਤੀ ਕਾਰਨ ਇਸ ਵਿਚਾਰ ਨੂੰ ਹਾਲੇ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ ਹੈ ਅਤੇ ਜੇ ਇਨ੍ਹਾਂ ਦਾ ਵਤੀਰਾ ਇਸੇ ਤਰ੍ਹਾਂ ਰਿਹਾ ਤਾਂ ਸ਼ਾਇਦ ਇਹ ਅੰਸਭਵ ਹੋ ਜਾਵੇਗਾ। ਇਸ ਵਿਚਾਰ ਨੂੰ ਮੁੱਖ ਰਖਦਿਆਂ ਹੋਇਆਂ ਭਾਰਤ ਨੂੰ ਆਪਣੀ ਸਮੁੰਦਰੀ ਸ਼ਕਤੀ ਨੂੰ ਵਧੇਰੇ ਨਿਪੁੰਨ ਅਤੇ ਯੋਗ ਬਨਾਉਣਾ ਚਾਹੀਦਾ ਹੈ ਅਤੇ ਅਜਿਹੀ ਜਲ ਸੈਨਾ ਦਾ ਸੰਗਠਨ ਕਰਨਾ ਚਾਹੀਦਾ ਹੈ ਜੋ ਨਵੇਂ ਜਹਾਜ਼ਾਂ ਅਤੇ ਹੋਰ ਨਵੀਨਤਮ ਕਿਸਮਾਂ ਦੇ ਹਥਿਆਰਾਂ ਨਾਲ ਲੈਸ ਹੋਵੇ ਅਤੇ ਟਾਪੂਆਂ ਉਪਰ ਫੌਜੀ ਸ਼ਕਤੀ ਕਾਇਮ ਕਰਨੀ ਚਾਹੀਦੀ ਹੈ ਤਾਂ ਜੋ ਭਾਰਤੀ ਸਮੁੰਦਰੀ ਤੱਟ, ਇਸ ਦੇ ਟਾਪੂਆਂ ਅਤੇ ਇਸ ਵਿਚੋਂ ਮਿਲਣ ਵਾਲੇ ਕੁਦਰਤੀ ਸਾਧਨਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇ।

## (iii) ਸਮੁੰਦਰੀ ਸੈਨਾ ਅਤੇ ਤੱਟ ਰੱਖਿਅਕਾਂ ਦਾ ਰੋਲ (Role of Navy and Coast Guards)

ਸਮੁੰਦਰੀ ਸੈਨਾ ਦਾ ਮੁੱਖ ਰੋਲ ਭਾਰਤੀ ਸਮੁੰਦਰੀ ਤੱਟਾਂ ਦੀ ਰੱਖਿਆ ਕਰਨਾ ਅਤੇ ਆਪਣੇ ਫੈਲੇ ਹੋਏ ਸਮੁੰਦਰੀ ਹਿੱਤਾਂ ਦੀ ਰੱਖਿਆ ਕਰਨਾ ਹੈ। ਇਹ ਰੋਲ ਮੁੱਖ ਤੌਰ ਤੇ ਤਿੰਨ ਕਿਸਮ ਦੇ ਹੋ ਸਕਦੇ ਹਨ :-

1 ਰਾਜਨੀਤਿਕ (Political)

2 ਪੁਲਿਸ ਦਾ ਰੋਲ (Policing) ਅਤੇ

3 ਸੈਨਿਕ (Military)

ਰਾਜਨੀਤਿਕ ਰੋਲ ਵਿਚ ਇਹ ਦੇਸ਼ ਦੀ ਵਿਦੇਸ਼ ਨੀਤੀ ਦਾ ਹੀ ਇੱਕ ਹਿੱਸਾ ਹੁੰਦੀ ਹੈ ਜਦੋਂ ਕਿ ਪੁਲਿਸ ਰੋਲ ਵਿਚ ਇਸ ਦਾ ਕੰਮ ਸਮੁੰਦਰੀ ਪਾਣੀਆਂ ਦੀ ਰਾਖੀ, ਸਮੁੰਦਰ ਵਿਚੋਂ ਮਿਲਣ ਵਾਲੇ ਧਨ ਜਾਂ ਕੁਦਰਤੀ ਸੋਮਿਆਂ ਦੀ ਰਾਖੀ ਅਤੇ ਕੁਦਰਤੀ ਵਿਪਦਾਵਾਂ ਦੇ ਸਮੇਂ ਅੰਦਰੂਨੀ ਸਥਿਰਤਾ ਅਤੇ ਸ਼ਾਂਤੀ ਬਣਾਈ ਰੱਖਣਾ ਹੈ।

ਸੈਨਿਕ ਰੋਲ ਵਿਚ ਨੇਵੀ ਦਾ ਕੰਮ ਸਮੁੰਦਰ ਵਿਚ ਰਾਜਨੀਤਿਕ ਅਤੇ ਯੁੱਧਨੀਤਿਕ ਟੀਚੇ ਹਾਸਲ ਕਰਨਾ ਅਤੇ ਕਿਸੇ ਵੀ ਸਮੁੰਦਰੀ ਹਮਲੇ ਦਾ ਮੁਕਾਬਲਾ ਕਰਨਾ ਹੈ। ਨੇਵੀ ਨੂੰ ਯੁੱਧਨੀਤਿਕ ਪ੍ਰਮਾਣੂ ਡਰਾਵੇ ਦਾ ਕੰਮ ਵੀ ਦਿੱਤਾ ਜਾ ਸਕਦਾ ਹੈ ਤਾਂ ਜੋ ਅੰਤਰਰਾਸ਼ਟਰੀ ਸਰਹੱਦਾਂ ਦੀ ਰਾਖੀ ਕੀਤੀ ਜਾ ਸਕੇ। ਪਰ ਕਿਉਂਕਿ ਭਾਰਤ ਸਰਕਾਰ ਦੀ ਨੀਤੀ ਪ੍ਰਮਾਣੂ ਹਥਿਆਰ ਹਾਸਿਲ ਕਰਨਾ ਨਹੀਂ ਹੈ ਇਸ ਲਈ ਨੇਵੀ ਨੂੰ ਇਹ ਕੰਮ ਨਹੀਂ ਦਿੱਤਾ ਜਾ ਸਕਦਾ। ਭਾਰਤੀ ਸਮੁੰਦਰੀ ਸੈਨਾ ਲੋੜ ਪੈਣ ਤੇ ਗਵਾਂਢੀ ਦੇਸ਼ਾਂ ਦੀ ਮਦਦ ਵੀ ਕਰਦੀ ਹੈ। ਇਸ ਤੋਂ ਇਲਾਵਾ ਆਪਣੇ ਅਧਿਕਾਰ ਵਿਚ ਆਉਂਦੇ ਪਾਣੀ ਵਿਚ ਸਮੁੰਦਰੀ ਕਾਨੂੰਨ (Maritime Law) ਵੀ ਸਥਾਪਿਤ ਕਰਨਾ ਹੈ। ਜ਼ਮੀਨੀ ਅਤੇ ਹਵਾਈ ਸੈਨਾ ਅਤੇ ਉਹਨਾਂ ਦਾ ਫੌਜੀ ਸਾਜੋ-ਸਮਾਨ ਦੀ ਅਪੂਰਤੀ ਆਦਿ ਨੂੰ ਸਮੁੰਦਰੀ ਰਸਤਿਆਂ ਰਾਹੀਂ ਸੁਰੱਖਿਅਤ ਪਹੁੰਚਾਣ ਦੀ ਵਿਵਸਥਾ ਕਰਨੀ ਵੀ ਹੈ। ਇਸ ਤੋਂ ਇਲਾਵਾ ਸਮੁੰਦਰੀ ਵਪਾਰ ਨੂੰ ਸੁਚਾਰੂ ਰੂਪ ਨਾਲ ਜਾਰੀ ਰੱਖਣਾ ਅਤੇ ਯੁੱਧਨੀਤਿਕ ਤੌਰ ਤੇ ਮਹੱਤਵਪੂਰਣ ਮਾਲ ਦੇ ਸਮੁੰਦਰੀ ਆਯਾਤ-ਨਿਰਯਾਤ ਨੂੰ ਸੁਰੱਖਿਅਤ ਰੱਖਣਾ ਹੈ।

ਸੈਨਿਕ ਕੰਮਾਂ ਤੋਂ ਇਲਾਵਾ ਸਮੁੰਦਰੀ ਸੈਨਾ ਝੰਡੇ ਵਿਖਾਉਣ ਦਾ ਕੰਮ, ਸਮੁੰਦਰੀ ਨਕਸ਼ੇ ਬਣਾਉਣ ਅਤੇ ਇਸ ਬਾਰੇ ਹੋਰ ਜਾਣਕਾਰੀ ਹਾਸਿਲ ਕਰਨਾ ਹੈ।

ਸਮੁੰਦਰੀ ਤੱਟ ਰੱਖਿਅਕਾਂ (Coast Gurards) ਦੀ ਭਰਤੀ ਦੇ ਨਾਲ ਪੁਲਿਸ ਦਾ ਇਹ ਕੰਮ ਇਸ ਨੂੰ ਸੌਂਪ ਦਿੱਤਾ ਗਿਆ ਹੈ ਤਾਂ ਜੋ ਸਮੁੰਦਰ ਵਿਚ ਹੋਣ ਵਾਲੀ ਤਸਕਰੀ, ਪ੍ਰਦੂਸ਼ਣ, ਬਾਹਰੀ ਦੇਸ਼ਾਂ ਤੋਂ ਦਾਖ਼ਲ ਹੋਣ ਵਾਲਿਆਂ ਜਹਾਜ਼ਾਂ ਨੂੰ ਚੈਕ ਕੀਤਾ ਜਾ ਸਕੇ। ਇਸ ਤਰ੍ਹਾਂ ਇਸ ਦਾ ਮੁੱਖ ਕੰਮ ਰਾਸ਼ਟਰੀ ਸੁਰੱਖਿਆ ਦਾ ਹੀ ਹੈ। ਤੱਟ ਰੱਖਿਅਕਾਂ ਦੀ ਭਰਤੀ ਨਾਲ ਸਮੁੰਦਰੀ ਸੈਨਾ ਦਾ ਕਮ ਘਟਿਆ ਹੈ ਤੇ ਇਹ ਜ਼ਿਆਦਾ ਤੋਂ ਜ਼ਿਆਦਾ ਸਮਾਂ ਨਵੀਆਂ ਯੁੱਧ ਨੀਤੀਆਂ ਅਤੇ ਚਾਲਾਂ ਬਣਾਉਣ ਵਿਚ ਲਾ ਸਕਦੀ ਹੈ। ਅਜੋਕੀਆਂ ਸੈਨਾਵਾਂ ਲਈ ਟ੍ਰੇਨਿੰਗ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਨਵੇਂ ਤੋਂ ਨਵੇਂ ਹਥਿਆਰ ਹੋਂਦ ਵਿਚ ਆ ਰਹੇ ਹਨ ਅਤੇ ਲੜਾਕੂ ਜਹਾਜ਼ਾਂ ਦੇ ਸਿਸਟਮ ਵਿਚ ਵੀ ਕਈ ਤਬਦੀਲੀਆਂ ਆਈਆਂ ਹਨ ਜਿਹਨਾਂ ਕਾਰਨ ਖਾਸ ਸਿਖਲਾਈ ਜ਼ਰੂਰੀ ਹੋ ਜਾਂਦੀ ਹੈ ਕਿਉਂਕਿ ਹੜ੍ਹ ਆਦਿ ਦੇ ਸਮਿਆਂ ਵਿਚ ਨਾਗਰਿਕਾਂ ਦੀ ਸੁਰੱਖਿਆ ਅਤੇ ਸਹਾਇਤਾ ਵਿਚ ਸਰਕਾਰ ਦੀ ਮਦਦ ਲਈ ਵੀ ਇਹਨਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ।

ਜੰਗ ਦੇ ਸਮੇਂ ਸਮੁੰਦਰੀ ਸੈਨਾ ਦਾ ਕੇਵਲ ਇਕੋ ਰੋਲ ਰਹਿ ਜਾਂਦਾ ਹੈ ਕਿ ਉਨ੍ਹਾਂ ਦੁਸ਼ਮਣਾਂ ਦਾ ਸਾਹਮਣਾ ਕਰਨਾ ਜਿਹੜੇ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚਾਂਦੇ ਹਨ। ਇਸ ਸਮੇਂ ਸਮੁੰਦਰੀ ਸੈਨਾ ਦਾ ਕੰਮ ਤਿੰਨ ਪਾਸਿਆਂ ਤੋਂ ਰਾਖੀ ਕਰਨਾ ਹੁੰਦਾ ਹੈ। ਸਮੁੰਦਰੀ ਅਸਮਾਨ ਤੋਂ, ਸਮੁੰਦਰੀ ਸਤਹਿ ਅਤੇ ਨਿਚਲੇ ਪਾਣੀ ਵਿਚ ਦੁਸ਼ਮਣ ਤੋਂ ਰੱਖਿਆ ਕਰਨਾ। ਐਡਮਿਰਲ ਐਸ.ਐਸ.ਕੋਹਲੀ ਨੇ ਨੇਵੀ ਦਾ ਰੋਲ ਇਸ ਤਰ੍ਹਾਂ ਜ਼ਾਹਿਰ ਕੀਤਾ ਹੈ , ''ਆਪਣੀ ਸਮੁੰਦਰੀ ਤੱਟਾਂ ਦੀ ਅਤੇ ਸਮੁੰਦਰੀ ਟਾਪੂਆਂ ਦੀ ਰਖਵਾਲੀ, ਸਮੁੰਦਰੀ ਹਿਤਾਂ ਅਤੇ ਆਪਣੀਆਂ ਆਵਾਜਾਈ ਅਤੇ ਸੰਚਾਰ ਦੀਆਂ ਲਾਈਨਾਂ ਨੂੰ ਸੁਰੱਖਿਅਤ ਰੱਖਣਾ।''

ਭਾਰਤ ਦੇ ਸਮੁੰਦਰੀ ਤੱਟ ਦੀ ਕੁਲ ਲੰਬਾਈ 7400 ਕਿ.ਮੀ.ਹੈ ਜਿਸ ਵਿਚ ਟਾਪੂ ਖੇਤਰ ਵੀ ਸ਼ਾਮਿਲ ਹੈ ਅਤੇ ਇਹਨਾਂ ਤੋਂ ਇਲਾਵਾ ਕਈ ਬੰਦਰਗਾਹਾਂ, ਉਦਯੋਗ, ਸਮੁੰਦਰੀ ਅੱਡੇ ਵੀ ਸ਼ਾਮਿਲ ਹਨ। ਇਹਨਾਂ ਸਾਰਿਆਂ ਦੀ ਰਖਵਾਲੀ ਦਾ ਜ਼ਿੰਮਾ ਸਮੁੰਦਰੀ ਸੈਨਾ ਅਤੇ ਘੱਟ ਰੱਖਿਅਕਾਂ ਦਾ ਹੈ। ਜੰਗ ਦੇ ਸਮੇਂ ਵਿਚ ਦੁਸ਼ਮਣਾਂ ਦੇ ਕਿਸੇ ਵੀ ਹਮਲੇ ਦਾ ਸਾਹਮਣਾ ਕਰਨ ਵਾਸਤੇ ਇੱਕ ਸ਼ਕਤੀਸ਼ਾਲੀ ਸਮੁੰਦਰੀ ਸੈਨਾ ਦੀ ਲੋੜ ਹੁੰਦੀ ਹੈ। ਹੁਣ ਭਾਰਤ ਦੇ ਸਮੁੰਦਰੀ ਰਸਤਿਆਂ ਵਲ ਕਾਫ਼ੀ ਧਿਆਨ ਦਿੱਤਾ ਜਾਂਦਾ ਹੈ ਕਿਉਂਕਿ ਜੰਗ ਤਿੰਨ-ਪੱਖੀ (Three dimensional) ਹੋ ਗਈ ਹੈ। ਹੁਣ ਨੇਵੀ ਨੂੰ ਆਰਮੀ ਅਤੇ ਹਵਾਈ ਸੈਨਾ ਦੀ

ਮੱਦਦ ਵੀ ਲੈਣੀ ਪੈਂਦੀ ਹੈ। ਜਦੋਂ ਤੱਕ ਇਹ ਤਿੰਨੇ ਸੈਨਾਵਾਂ ਵਿਚ ਆਪਸੀ ਤਾਲਮੇਲ ਨਾ ਹੋਵੇ ਤਾਂ ਜੰਗ ਜਿੱਤਣ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ। ਉਦਾਹਰਣ ਦੇ ਤੌਰ ਤੇ 1971 ਦੀ ਭਾਰਤ-ਪਾਕਿ ਜੰਗ ਦੌਰਾਨ ਪਾਕਿਸਤਾਨ ਪਣਡੁੱਬੀ ਵਿਸ਼ਾਖਾਪਟਨਮ ਦੇ ਨੇੜੇ ਆ ਗਈ ਸੀ। ਭਾਰਤੀ ਸਮੁੰਦਰੀ ਸੈਨਾ ਦਾ ਕੰਮ ਆਵਾਜਾਈ ਅਤੇ ਵਪਾਰਿਕ ਜਹਾਜ਼ਾਂ ਦੀ ਸੁਰੱਖਿਆ ਕਰਨਾ ਵੀ ਹੈ ਕਿਉਂਕਿ ਭਾਰਤ ਦਾ ਕਾਫ਼ੀ ਵਪਾਰ ਸਮੁੰਦਰੀ ਰਸਤੇ ਰਾਹੀਂ ਹੁੰਦਾ ਹੈ। ਐਲਫਰਡ ਥਾਯਰ ਮਹਾਨ (A.T.Mahan) ਨੇ ਵੀ ਕਿਹਾ ਹੈ ਕਿ,''ਜੋ ਮੁਲਕ ਸਮੁੰਦਰ ਤੇ ਕੰਟਰੋਲ ਕਰ ਸਕਦਾ ਹੈ ਤਾਂ ਉਹ ਕਿਸੇ ਵੀ ਹਮਲੇ ਦਾ ਸਾਹਮਣਾ ਕਰ ਸਕਦਾ ਹੈ।''

ਆਜ਼ਾਦੀ ਤੋਂ ਬਾਅਦ ਭਾਰਤ ਕੋਲ ਤਾਂ ਛੋਟੇ ਜਹਾਜ਼ ਹਿੱਸੇ ਵਿਚ ਆਏ। ਭਾਰਤੀ ਸਮੁੰਦਰੀ ਸੈਨਾ ਦੀ ਕੁਲ ਸੰਖਿਆ ਉਸ ਵੇਲੇ 11,000 ਸੀ। ਇਸ ਤੋਂ ਇਲਾਵਾ 4 ਸਲੂਪ, 2 ਫਰਿਗੇਟ, 1 ਕਾਰਵੈਟ, 12 ਮਾਈਨਸਵੀਪਰ,

4 ਟਰਾਅਲਰ, 4 ਮੋਟਰ ਲਾਂਚ ਅਤੇ ਸਰਵੇ ਜਹਾਜ਼ ਵੀ ਮਿਲੇ। 1947 ਤੋਂ ਬਾਅਦ ਭਾਰਤ ਨੇ ਯੋਜਨਾਵਾਂ ਬਣਾ ਕੇ ਸਮੁੰਦਰੀ ਸੈਨਾ ਦਾ ਵਿਸਥਾਰ ਕੀਤਾ ਅਤੇ ਭਾਰਤੀ ਸਮੁੰਦਰੀ ਸੈਨਾ ਦਾ ਮੁੱਖ ਅੱਡਾ ਦਿੱਲੀ ਵਿਚ ਹੈ। ਇਸ ਤੋਂ ਇਲਾਵਾ 3 ਨੇਵਲ ਨੇ ਕਮਾਂਡਾਂ ਜਿਵੇਂ ਕਿ ਪੱਛਮੀ, ਪੂਰਬੀ ਅਤੇ ਦੱਖਣੀ ਕਮਾਂਡਾਂ ਵੀ ਮੁੰਬਈ, ਵਿਸ਼ਾਖਾਪਟਨਮ ਅਤੇ ਕੋਚੀਨ ਵਿਖੇ ਸਥਾਪਿਤ ਕੀਤੀਆਂ ਗਈਆਂ ਹਨ।

ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ (DRDO) ਨੇ ਵੀ ਨੇਵੀ ਦੇ ਵਿਕਾਸ ਲਈ ਕਾਫੀ ਯੋਗਦਾਨ ਪਾਇਆ ਹੈ।

**SUGGESTED BOOKS**

K.M.Pannikar : India and the Indian Ocean

R.N. Misra : Indian Ocean and India's Security.

S.N. Kohli : Sea Power in the Indian Ocean

**ਪਾਠ ਨੰ: 1.5** **ਸੈਕਸ਼ਨ – ਏ**

# ਭਾਰਤ ਦੀ ਪ੍ਰਮਾਣੂ ਨੀਤੀ

## (Nuclear Policy of India)

**ਭੂਮਿਕਾ :**

ਦੁਨੀਆਂ ਵਿਚ ਪਹਿਲੇ ਪ੍ਰਮਾਣੂ ਬੰਬ ਦਾ ਵਿਸਫੋਟ 16 ਜੁਲਾਈ 1945 ਵਿਚ ਅਲਬੁਕਰਕ ਦੇ ਦੱਖਣ ਵਿਚ ਅਮਰੀਕਾ ਨੇ ਕੀਤਾ ਸੀ। ਫੌਜੀ ਮੰਤਵ ਲਈ ਇਤਿਹਾਸ ਵਿਚ ਪਹਿਲਾ ਪ੍ਰਮਾਣੂ ਬੰਬ ਅਮਰੀਕਾ ਨੇ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ 6 ਅਗਸਤ 1945 ਨੂੰ ਸੁੱਟਿਆ। ਇਸ ਬੰਬ ਨਾਲ ਹੋਈ ਤਬਾਹੀ ਨੇ ਦੁਨੀਆਂ ਭਰ ਵਿਚ ਤਹਿਲਕਾ ਮਚਾ ਦਿੱਤਾ। ਨਤੀਜੇ ਵਜੋਂ ਦੁਨੀਆਂ ਦੇ ਦੇਸ਼ਾਂ ਵਿਚ ਪ੍ਰਮਾਣੂ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਦੌੜ ਸ਼ੁਰੂ ਹੋ ਗਈ। ਇਸ ਤੋਂ ਬਾਅਦ ਰੂਸ ਵੀ ਸਤੰਬਰ 1949 ਵਿਚ ਪ੍ਰਮਾਣੂ ਧਮਾਕਾ ਕਰਨ ਵਿਚ ਕਾਮਯਾਬ ਹੋ ਗਿਆ। ਪ੍ਰਮਾਣੂ ਸ਼ਕਤੀ ਦੀ ਮਹੱਤਤਾ ਨੂੰ ਸਮਝਦੇ ਹੋਏ ਬਹੁਤ ਸਾਰੇ ਦੇਸ਼ਾਂ ਨੇ ਇਸ ਸੰਬੰਧੀ ਜਾਣਕਾਰੀ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਅਤੇ ਸਫ਼ਲਤਾ ਵੀ ਹਾਸਲ ਕੀਤੀ। ਰੂਸ ਅਤੇ ਅਮਰੀਕਾ ਵਲੋਂ ਆਪਣੇ ਆਪਣੇ ਗੁੱਟਾਂ ਦੇ ਦੇਸ਼ਾਂ ਉਪਰ ਵਧੇਰੇ ਦਬਾਓ ਨੂੰ ਨਾਂ ਸਹਿ ਸਕਣ ਕਰਕੇ ਫਰਾਂਸ ਅਤੇ ਚੀਨ ਆਦਿ ਨੇ ਖੁਦਮੁਖਤਿਆਰ ਵਿਦੇਸ਼ੀ ਨੀਤੀ ਅਪਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਵਿਚਾਰਧਾਰਕ ਮਤਭੇਦਾਂ ਕਾਰਨ ਉਹ ਇਨ੍ਹਾਂ ਗੁੱਟਾਂ ਤੋਂ ਬਾਹਰ ਹੋ ਗਏ ਜਿਸ ਦੇ ਕਾਰਨ ਵਿਸ਼ਵ ਦੋ ਗੁੱਟਾਂ ਵਿਚ ਤਬਦੀਲ ਹੋ ਗਿਆ। ਛੋਟੇ, ਕਮਜ਼ੋਰ ਅਤੇ ਉਨੱਤਸ਼ੀਲ ਦੇਸ਼ਾਂ ਨੇ ਵੀ ਪ੍ਰਮਾਣੂ ਵਿਕਾਸ ਲਈ ਆਪਣੀਆਂ ਕੋਸ਼ਿਸ਼ਾਂ ਕੀਤੀਆਂ ਜਿਸ ਨਾਲ ਪ੍ਰਮਾਣੂ ਸ਼ਕਤੀ ਵਾਲੇ ਬਹੁਤ ਸਾਰੇ ਦੇਸ਼ ਉੱਭਰ ਕੇ ਸਾਹਮਣੇ ਆਏ ਜਿਨ੍ਹਾਂ ਵਿਚ ਇਜ਼ਰਾਈਲ, ਭਾਰਤ, ਜਰਮਨੀ, ਇਟਲੀ, ਜਾਪਾਨ, ਦੱਖਣੀ ਅਫ਼ਰੀਕਾ ਅਤੇ ਪਾਕਿਸਤਾਨ ਆਦਿ ਵਰਣਨਯੋਗ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼ ਇਕੱਲੇ ਜਾਂ ਦੂਜੇ ਦੇਸ਼ਾਂ ਦੇ ਸਹਿਯੋਗ ਨਾਲ ਪ੍ਰਮਾਣੂ ਵਿਕਾਸ ਲਈ ਯਤਨਸ਼ੀਲ ਹਨ। ਭਾਵੇਂ ਜ਼ਿਆਦਾ ਦੇਸ਼ ਪ੍ਰਮਾਣੂ ਸ਼ਕਤੀ ਨੂੰ ਸ਼ਾਂਤੀਪੂਰਨ ਮਕਸਦ ਲਈ ਵਰਤਣ ਦੇ ਹੱਕ ਵਿਚ ਹਨ ਪਰੰਤੂ ਪ੍ਰਮਾਣੂ ਸ਼ਕਤੀ ਦੀ ਯੁੱਧਨੀਤਿਕ ਮਹੱਤਤਾ ਨੂੰ ਦੇਖਦੇ ਹੋਏ ਵਧੇਰੇ ਦੇਸ਼ਾਂ ਨੇ ਇਸ ਨੂੰ ਸਵੈਮਾਣ ਅਤੇ ਸ਼ਕਤੀ ਦੇ ਪ੍ਰਤੀਕ ਰੂਪ ਵਿਚ ਸਵੀਕਾਰ ਕਰਦੇ ਹੋਏ ਪ੍ਰਮਾਣੂ ਸ਼ਕਤੀ ਹਾਸਲ ਕਰਨ ਲਈ ਸੰਸਾਰ ਭਰ ਵਿਚ ਆਪਸੀ ਦੌੜ ਆਰੰਭ ਕਰ ਦਿੱਤੀ। ਪ੍ਰਮਾਣੂ ਵਿਕਾਸ ਦੇ ਮਾਹਿਰਾਂ ਦੇ ਵਿਚਾਰ ਅਨੁਸਾਰ ਦੇਸ਼ਾਂ ਵਲੋਂ ਪ੍ਰਮਾਣੂ ਸ਼ਕਤੀ ਹਾਸਲ ਕਰਨ ਲਈ ਹੇਠ ਲਿਖੇ ਮੁੱਖ ਉਦੇਸ਼ ਹਨ :-

1. ਭਵਿੱਖ ਵਿਚ ਹੋਣ ਵਾਲੀ ਵਿਸ਼ਵ ਪੱਧਰ ਦੀ ਮੁੱਠ ਭੇੜ ਵਿਚ ਪ੍ਰਮਾਣੂ ਹਥਿਆਰਾਂ ਦਾ ਬੋਲਬਾਲਾ।
2. ਵਿਸ਼ਵ ਭਰ ਵਿਚ ਗੈਰ-ਪ੍ਰਮਾਣੂ ਹਥਿਆਰਾਂ ਦੀ ਚੱਲ ਰਹੀ ਦੌੜ ਵਿਚ ਪ੍ਰਮਾਣੂ ਹਥਿਆਰਾਂ ਦੀ ਸੈਨਿਕ ਪੱਖੋਂ ਮਹੱਤਤਾ।
3. ਵਿਸ਼ਵ ਦੇ ਸ਼ਕਤੀ ਸੰਤੁਲਨ ਦਾ ਪ੍ਰਮਾਣੂ ਸ਼ਕਤੀ ਤੇ ਨਿਰਭਰ ਕਰਨਾ ਅਤੇ
4. ਵਿਸ਼ਵ ਦੇ ਸ਼ਕਤੀ ਊਰਜਾ ਸੋਮਿਆਂ ਦੇ ਲਗਾਤਾਰ ਵਰਤੋਂ ਵਿਚ ਆਉਣ ਨਾਲ ਕੁਝ ਸਮੇਂ ਬਾਅਦ ਖ਼ਤਮ ਹੋਣ ਦੀ ਸੰਭਾਵਨਾ।

ਇਸ ਤਰ੍ਹਾਂ ਵਿਸ਼ਵ ਦੀਆਂ ਵਧੀਆਂ ਹੋਈਆਂ ਸ਼ਕਤੀਆਂ ਅਤੇ ਊਰਜਾ ਪ੍ਰਤੀ ਲੋੜ ਦੀ ਪੂਰਤੀ ਲਈ ਪ੍ਰਮਾਣੂ ਸ਼ਕਤੀ ਦਾ ਸ਼ਾਂਤਮਈ ਢੰਗਾਂ ਲਈ ਵਿਕਾਸ ਜ਼ਰੂਰੀ ਹੋਵੇਗਾ। ਪਰੰਤੂ ਕਿਉਂਕਿ ਸ਼ਾਂਤੀ ਦੇ ਵਿਕਾਸ ਅਤੇ ਯੁੱਧ ਲਈ ਵਰਤੀ ਜਾਣ ਵਾਲੀ ਪ੍ਰਮਾਣੂ ਸ਼ਕਤੀ ਦੇ ਵਿਕਾਸ ਦੀ ਤਕਨੀਕ ਵਿਚ ਕੋਈ ਬਹੁਤਾ ਅੰਤਰ ਨਹੀਂ ਹੈ, ਇਸ ਲਈ ਇਸ ਦੇ ਸ਼ਾਂਤੀ ਲਈ ਵਿਕਾਸ ਦੇ ਨਾਲ ਹੀ ਯੁੱਧ ਲਈ ਪ੍ਰਮਾਣੂ ਹਥਿਆਰ ਬਣਾ ਸਕਣ ਦੀ ਯੋਗਤਾ ਵੀ ਹਾਸਲ ਹੋ ਜਾਂਦੀ ਹੈ।

## ਭਾਰਤ ਦੀ ਪ੍ਰਮਾਣੂ ਨੀਤੀ

ਭਾਰਤ ਵਲੋਂ ਪ੍ਰਮਾਣੂ ਸ਼ਕਤੀ ਦੇ ਪ੍ਰਸਾਰ ਨੂੰ ਰੋਕਣ ਸੰਬੰਧੀ ਸੰਧੀ ਉਪਰ ਦਸਤਖ਼ਤ ਕਰਨ ਤੋਂ ਇਨਕਾਰ ਕਰਨ ਕਾਰਨ ਵਿਸ਼ਵ ਭਰ ਵਿਚ ਭਾਰਤ ਦੇ ਪ੍ਰਮਾਣੂ ਵਿਕਾਸ ਬਾਰੇ ਬਹੁਤ ਸਾਰੇ ਸ਼ੰਕੇ ਪੈਦਾ ਕਰ ਦਿੱਤੇ ਸਨ। ਕੁਝ ਦੇਸ਼ਾਂ ਅਤੇ ਅੰਤਰਰਾਸ਼ਟਰੀ

ਸੰਬੰਧਾਂ ਬਾਰੇ ਮਾਹਿਰਾਂ ਨੇ ਅਜਿਹੇ ਵਿਚਾਰ ਵੀ ਪ੍ਰਗਟ ਕੀਤੇ ਹਨ ਜਿਨ੍ਹਾਂ ਦੁਆਰਾ ਵਿਸ਼ਵ ਸ਼ਾਂਤੀ ਅਤੇ ਸਥਿੱਰਤਾ ਨੂੰ ਭਾਰਤ ਦੇ ਇਸ ਰਵੱਈਏ ਤੋਂ ਪੈਦਾ ਖਤਰਿਆਂ ਬਾਰੇ ਸੁਚੇਤ ਕੀਤਾ ਹੈ। ਅਜਿਹੇ ਸੰਕੇ 1974 ਵਿਚ ਭਾਰਤ ਵਲੋਂ ਰਾਜਸਥਾਨ ਵਿਚ ਪੋਖਰਾਨ ਵਾਲੇ ਪ੍ਰਮਾਣੂ ਸ਼ਕਤੀ ਦੇ ਸੰਬੰਧ ਵਿਚ ਕੀਤੇ ਅੰਤਰ ਵਿਸਫੋਟ (implosion) ਤੋਂ ਬਾਅਦ ਭਾਰਤ ਦੁਆਰਾ ਪ੍ਰਮਾਣੂ ਸ਼ਕਤੀ ਪ੍ਰਤੀ ਹਾਸਲ ਕੀਤੀ ਤਕਨੀਕੀ ਜਾਣਕਾਰੀ ਦੀ ਅਗਾਂਹਵਧੂ ਸਥਿੱਤੀ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਤੋਂ ਪ੍ਰਭਾਵਿਤ ਜਾਪਦੇ ਸਨ। ਅਜਿਹੇ ਦੇਸ਼ ਜਿਹੜੇ ਭਾਰਤ ਨੂੰ ਅੰਤਰਰਾਸ਼ਟਰੀ ਭਾਈਚਾਰੇ ਵਿਚ ਇਕੱਲਿਆਂ (isolate) ਰੱਖਣਾ ਚਾਹੁੰਦੇ ਸਨ, ਉਹਨਾਂ ਨੇ ਇਸ ਘਟਨਾ ਨੂੰ ਪੂਰੀ ਸਮਰੱਥਾ ਅਨੁਸਾਰ ਭਾਰਤ ਵਿਰੁੱਧ ਵਰਤਿਆ। ਇਸ ਧਾਰਨਾ ਉਪਰ ਕੰਮ ਕਰਨ ਵਾਲੇ ਦੇਸ਼ ਇਸ ਤੋਂ ਪਹਿਲਾਂ ਵੀ ਪੂਰੇ ਉਤਸ਼ਾਹ ਨਾਲ ਭਾਰਤ ਦੀ ਪ੍ਰਮਾਣੂ ਸ਼ਕਤੀ ਦੇ ਵਿਕਾਸ ਬਾਰੇ ਇਹ ਪ੍ਰਚਾਰ ਕਰ ਰਹੇ ਸਨ ਕਿ ਭਾਰਤ ਦਾ ਪ੍ਰਮਾਣੂ ਸ਼ਕਤੀ ਦੇ ਵਿਕਾਸ ਦਾ ਪ੍ਰੋਗਰਾਮ '' ਪ੍ਰਮਾਣੂ ਬੰਬ ਬਣਾਉਣ ਦਾ ਦਿਸ਼ਾ ਵਿਚ ਗਤੀਸ਼ੀਲ ਹੈ।'' ਇਸ ਤੋਂ ਇਲਾਵਾ ਭਾਰਤ ਵਲੋਂ ਪ੍ਰਮਾਣੂ ਸ਼ਕਤੀ ਦੇ ਪ੍ਰਸਾਰ ਨੂੰ ਰੋਕਣ ਬਾਰੇ ਸੰਧੀ ਉਪਰ ਦਸਤਖ਼ਤ ਕਰਨ ਲਈ ਰੱਖੀਆਂ ਸ਼ਰਤਾਂ ਵੀ ਇਸ ਗੱਲ ਬਾਰੇ ਸੰਕੇ ਪੈਦਾ ਕਰਦੀਆਂ ਹਨ ਕਿ ਭਾਰਤ ਜਾਂ ਤਾਂ ਪਹਿਲਾਂ ਹੀ ਪ੍ਰਮਾਣੂ ਸ਼ਕਤੀ ਹਾਸਲ ਕਰ ਚੁੱਕਾ ਹੈ ਜਾਂ ਫਿਰ ਉਹ ਪੂਰਣ ਸਮਰੱਥਾ ਅਨੁਸਾਰ ਅਜਿਹਾ ਕਰਨ ਦੇ ਲਗਭਗ ਨਜ਼ਦੀਕ ਪਹੁੰਚ ਚੁੱਕਾ ਹੈ।

ਇਹਨਾਂ ਸਾਰੀਆਂ ਅਟਕਲਾਂ ਨੂੰ ਇੱਕ ਪਾਸੇ ਰਖਦਿਆਂ ਭਾਰਤ ਨੇ ਠੀਕ 24 ਸਾਲ ਬਾਅਦ ਪੰਜ ਪ੍ਰਮਾਣੂ ਧਮਾਕੇ ਕਰਕੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ ਅਤੇ ਆਪਣੇ ਆਪ ਨੂੰ ਪ੍ਰਮਾਣੂ ਸ਼ਕਤੀ ਘੋਸ਼ਿਤ ਕਰ ਦਿੱਤਾ। ਭਾਰਤੀ ਪ੍ਰਧਾਨ ਮੰਤਰੀ ਨੇ ਆਪਣੇ ਵਿਗਿਆਨੀਆਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਬੇਸ਼ੱਕ ਭਾਰਤ ਪ੍ਰਮਾਣੂ ਹਥਿਆਰਾਂ ਦੀ ਲੋੜ ਦੇ ਵਿਰੁੱਧ ਹੈ ਪਰ ਰਾਸ਼ਟਰੀ ਸੁਰੱਖਿਆ ਤੋਂ ਵੱਧ ਕੇ ਕੁਝ ਵੀ ਨਹੀਂ । ਅਸੀਂ ਅਜਿਹੇ ਮਾਹੌਲ ਵਿਚ ਨਹੀਂ ਰਹਿ ਸਕਦੇ ਜਿੱਥੇ ਗਵਾਂਢੀ ਮੁਲਕ ਆਪਣੇ ਆਪ ਨੂੰ ਪ੍ਰਮਾਣੂ ਹਥਿਆਰਾਂ ਨਾਲ ਲੈਸ ਕਰ ਚੁੱਕੇ ਹਨ ਅਤੇ ਇਸਤੇਮਾਲ ਦੀ ਧਮਕੀ ਦਿੰਦੇ ਹਨ। ਭਾਰਤ ਨੇ ਆਪਣੇ ਪ੍ਰਮਾਣੂ ਧਮਾਕੇ ਪਹਿਲਾਂ ਕਿਉਂ ਨਹੀਂ ਕੀਤੇ। ਅਜਿਹੀਆਂ ਕਿਹੜੀਆਂ ਮਜ਼ਬੂਰੀਆਂ ਸਨ ਕਿ ਭਾਰਤ ਨੇ ਪ੍ਰਮਾਣੂ ਧਮਾਕੇ ਕਰਨ ਵਿਚ 24 ਸਾਲ ਦਾ ਸਮਾਂ ਲਿਆ। ਇਸ ਸੰਬੰਧ ਵਿਚ ਕਿਸੇ ਵੀ ਸਿੱਟੇ ਤੇ ਪਹੁੰਚਣ ਲਈ ਭਾਰਤ ਦੀ ਪ੍ਰਮਾਣੂ ਨੀਤੀ ਅਤੇ ਇਸ ਸੰਬੰਧੀ ਉਸ ਦੁਆਰਾ ਉਲੀਕੇ ਪ੍ਰੋਗਰਾਮ ਦਾ ਜਾਇਜ਼ਾ ਲੈਣਾ ਅਤਿ ਜ਼ਰੂਰੀ ਹੋਵੇਗਾ।

**ਭਾਰਤ ਦੀ ਪ੍ਰਮਾਣੂ ਸ਼ਕਤੀ ਦਾ ਵਿਕਾਸ :**

ਭਾਰਤ ਦੀ ਪ੍ਰਮਾਣੂ ਸ਼ਕਤੀ ਦੀ ਨੀਤੀ ਦੇ ਉਦੇਸ਼, ਆਸ਼ੇ ਅਤੇ ਇਸ ਦੀ ਪ੍ਰਮਾਣੂ ਸ਼ਕਤੀ ਦੇ ਖਾਸ ਪ੍ਰੋਗਰਾਮਾਂ ਦਾ ਇਤਿਹਾਸ ਅਸਲ ਵਿਚ 6 ਅਤੇ 9 ਅਗਸਤ 1945 ਵਿਚ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਤੇ ਅਮਰੀਕੀ ਹਮਲੇ ਤੋਂ ਤੁਰੰਤ ਬਾਅਦ ਭਾਰਤੀ ਭੌਤਿਕ ਵਿਗਿਆਨੀ ਡਾ.ਐਚ.ਜੇ.ਭਾਬਾ ਵਲੋਂ ਸਰ ਡੋਰਬ ਟਾਟਾ ਟਰੱਸਟ ਨੂੰ ਭੌਤਿਕ ਵਿਗਿਆਨ ਦੇ ਵਿਕਾਸ ਲਈ ਇੱਕ ਅਜਿਹੀ ਸੰਸਥਾ ਜਾਂ ਕੇਂਦਰ ਸਥਾਪਿਤ ਕੀਤੇ ਜਾਣ ਵਾਲੇ ਸੁਝਾਓ ਤੋਂ ਹੀ ਮੰਨਿਆ ਜਾ ਸਕਦਾ ਹੈ ਜਿਹੜਾ ਵਿਸ਼ਵ ਦੀ ਕਿਸੇ ਵੀ ਉਤਮ ਅਤੇ ਵਿਕਸਿਤ ਸੰਸਥਾ ਜਾਂ ਕੇਂਦਰੀ ਪੱਧਰ ਦਾ ਹੋਵੇ। ਇਸ ਦਾ ਉਦੇਸ਼ ਭਾਰਤੀ ਵਿਗਿਆਨੀਆਂ ਨੂੰ ਭੌਤਿਕ ਵਿਗਿਆਨ ਬਾਰੇ ਅਗਾਂਹਵਧੂ ਅਤੇ ਵਿਕਸਿਤ ਜਾਣਕਾਰੀ ਅਤੇ ਖੋਜ ਲਈ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਸਮਰੱਥਾ ਪ੍ਰਦਾਨ ਕਰਨਾ ਸੀ।

ਇਸ ਤਰ੍ਹਾਂ ਭਾਰਤ ਦੇ ਸੁਤੰਤਰ ਹੋਣ ਤੋਂ ਬਾਅਦ ਭਾਰਤ ਵਲੋਂ ਅਪ੍ਰੈਲ 1948 ਵਿੱਚ ਭਾਰਤੀ ਪ੍ਰਮਾਣੂ ਸ਼ਕਤੀ ਕਮਿਸ਼ਨ ਦੀ ਸਥਾਪਨਾ ਲਈ ਐਕਟ ਪਾਸ ਕੀਤਾ ਅਤੇ ਇਹ ਉਸੇ ਸਾਲ ਅਮਲੀ ਰੂਪ ਵਿਚ ਸਾਹਮਣੇ ਆਇਆ, ਜਿਸ ਨਾਲ ਭਾਰਤ ਅਜਿਹਾ ਕਰਨ ਵਾਲੇ ਵਿਸ਼ਵ ਦੇਸ਼ਾਂ ਵਿਚ ਅੱਠਵਾਂ ਦੇਸ਼ ਹੋ ਨਿਬੜਿਆ। ਇਸ ਤੋਂ ਬਾਅਦ ਪੰਡਿਤ ਨਹਿਰੂ ਵੱਲੋਂ 1954 ਵਿਚ ਇੱਕ ਵੱਖਰਾ ਪ੍ਰਮਾਣੂ ਸ਼ਕਤੀ ਵਿਭਾਗ ਸਥਾਪਤ ਕੀਤਾ ਗਿਆ ਤਾਂ ਜੋ ਇਸ ਵੱਲ ਵਧੇਰੇ ਧਿਆਨ ਦਿੱਤਾ ਜਾ ਸਕੇ।

ਮਹਾਨ ਸ਼ਕਤੀਆਂ ਵਲੋਂ ਪ੍ਰਮਾਣੂ ਸ਼ਕਤੀ ਦੇ ਵਿਕਾਸ ਪ੍ਰਤੀ ਕੀਤੀਆਂ ਸਫ਼ਲ ਕੋਸ਼ਿਸ਼ਾਂ ਨੂੰ ਮੁੱਖ ਰਖਦੇ ਹੋਏ ਭਾਰਤੀ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਜੇ ਪ੍ਰਗਤੀਸ਼ੀਲ ਦੇਸ਼ਾਂ ਨੇ ਇਸ ਖੇਤਰ ਵਿਚ ਲੋੜੀਂਦੇ ਯਤਨ ਨਾਂ ਕੀਤੇ ਤਾਂ ਉਹ ਹਮੇਸ਼ਾਂ ਲਈ ਪੱਛੜੇ ਰਹਿਣਗੇ ਅਤੇ ਪ੍ਰਮਾਣੂ ਵਿਕਾਸ ਲਈ ਤਕਨੀਕੀ ਅਤੇ ਉਤਪਾਦਨ ਪੱਖੋਂ ਪ੍ਰਗਤੀਸ਼ੀਲ ਦੇਸ਼ਾਂ ਦੀਆਂ ਲੋੜਾਂ ਨੂੰ ਕਦੇ ਵੀ ਪੂਰਾ ਨਹੀਂ ਕਰ ਸਕਣਗੇ ਕਿਉਂਕਿ ਪ੍ਰਗਤੀਸ਼ੀਲ ਦੇਸ਼ਾਂ ਨੂੰ ਇਸ ਸ਼ਕਤੀ ਦੀ ਵਧੇਰੇ ਲੋੜ ਹੋਵੇਗੀ। ਇਸ ਲਈ ਭਾਰਤ ਨੇ ਇਸ ਸੰਬੰਧੀ ਆਪਣੀਆਂ ਸਵੈ-ਇਛਾਵਾਂ (Options) ਦਾ ਤਿਆਗ ਨਾਂ ਕੀਤਾ। ਪ੍ਰਮਾਣੂ ਖ਼ੇਤਰ ਵਿਚ ਸਵੈਦੇਸ਼ੀ ਤਕਨੀਕੀ ਆਧਾਰ ਕਾਇਮ ਕਰਨ ਦੀ ਦਿਸ਼ਾ ਵੱਲ ਯਤਨਾਂ ਦੀ ਸਫ਼ਲਤਾ ਦਾ ਆਰੰਭ 1956 ਵਿਚ ਭਾਰਤ ਵੱਲੋਂ ਪਹਿਲੇ ਹਲਕੇ ਪਾਣੀ ਦਾ ਆਧੁਨਿਕ ਸਵਿੰਮਿੰਗ ਪੂਲ ਟਾਈਪ ਰੀਐਕਟਰ ਅਪਸਰਾ (Apsara) ਕਾਇਮ ਕੀਤਾ ਗਿਆ ਜਿਹੜਾ ਪੂਰੀ ਤਰ੍ਹਾਂ ਭਾਰਤੀ ਤਕਨੀਕ ਨਾਲ ਕਾਇਮ ਕੀਤਾ ਗਿਆ ਸੀ। ਪਰੰਤੂ ਇਸਦੇ ਲਈ ਸੋਧਿਆ ਹੋਇਆ ਯੂਰੇਨੀਅਮ ਬਰਤਾਨੀਆ ਪਾਸੋਂ ਹਾਸਲ ਕੀਤਾ ਗਿਆ ਸੀ। ਇਸ ਕੇਂਦਰ ਦੀ ਸਥਾਪਨਾ ਨਾਲ ਭਾਰਤ ਪਾਸ ਅਜਿਹੇ ਪ੍ਰਮਾਣੂ ਖੇਤਰ ਪ੍ਰਤੀ ਤਕਨੀਕ ਉਪਲਬਧ ਹੋ ਗਈ।

ਇਸ ਤੋਂ ਬਾਅਦ ਭਾਰਤ ਵਲੋਂ ਪ੍ਰਮਾਣੂ ਤਕਨੀਕ ਅਤੇ ਖੋਜ ਸੰਬੰਧੀ ਕੈਨੇਡਾ ਨਾਲ ਸਮਝੌਤਾ ਕੀਤਾ ਗਿਆ ਜਿਸ ਨਾਲ ਭਾਰਤ ਇਸ ਖੇਤਰ ਵਿਚ ਅੰਤਰਰਾਸ਼ਟਰੀ ਪੱਧਰ ਤੇ ਖੋਜ ਪ੍ਰਯਤਨਾਂ ਵਿਚ ਸ਼ਾਮਲ ਹੋ ਗਿਆ। ਇਸ ਅਵਸਥਾ ਦੇ ਸਿੱਟੇ ਵਜੋਂ ਭਾਰਤ ਦੀ ਪ੍ਰਮਾਣੂ ਖੋਜ ਦੇ ਖੇਤਰ ਦੀਆਂ ਕੋਸ਼ਿਸ਼ਾਂ ਵਿਚ ਇੱਕ ਨਵਾਂ ਮੋੜ ਆ ਗਿਆ ਕਿਉਂਕਿ ਇਸ ਨਾਲ ਵਿਸ਼ਵ ਵਿਚ ਖਾਸ ਤੌਰ ਤੇ ਉਹਨਾਂ ਦੇਸ਼ਾਂ ਨੂੰ, ਇਸ ਗੱਲ ਦਾ ਯਕੀਨ ਹੋ ਗਿਆ ਕਿ ਭਾਰਤ ਕਿਸੇ ਵਿਸ਼ੇਸ਼ ਵਿਦੇਸ਼ੀ ਸਹਾਇਤਾ ਤੋਂ ਬਗੈਰ ਹੀ ਆਪਣੇ ਪ੍ਰਮਾਣੂ ਵਿਕਾਸ ਲਈ ਪ੍ਰਯਤਨ ਕਰ ਸਕਦਾ ਹੈ। ਇਸ ਨਾਲ ਭਾਰਤ ਦੇ ਪ੍ਰਮਾਣੂ ਵਿਕਾਸ ਯਤਨਾਂ ਨੂੰ ਅੰਤਰਰਾਸ਼ਟਰੀ ਹੁੰਗਾਰਾ ਵੀ ਮਿਲ ਗਿਆ ਜਿਸ ਨਾਲ ਭਾਰਤ ਦੀ ਭਵਿੱਖ ਨਾਲ ਬਣਨ ਵਾਲੀ ਪ੍ਰਮਾਣੂ ਨੀਤੀ ਨੂੰ ਮਾਰਗ ਦਰਸ਼ਨ ਹਾਸਲ ਹੋਣਾ ਸੀ।

ਵਿਸ਼ਵ ਹਥਿਆਰਾਂ ਦੇ ਵਿਕਾਸ ਸੰਬੰਧੀ ਹਥਿਆਰਾਂ ਪ੍ਰਤੀ ਕੰਟਰੋਲ ਅਤੇ ਨਿਸ਼ਸਤਰੀਕਰਣ ਪ੍ਰਤੀ ਭਾਰਤ ਦੇ ਰਵੱਈਏ ਤੋਂ ਭਾਰਤ ਦੀ ਪ੍ਰਮਾਣੂ ਨੀਤੀ ਮੂਲ ਰੂਪ ਵਿਚ ਪ੍ਰਮਾਣੂ ਸ਼ਕਤੀ ਦਾ ਸ਼ਾਂਤਮਈ ਕੰਮਾਂ ਲਈ ਵਰਤੋਂ ਲਈ ਵਚਨਬੱਧ ਰਹੀ ਹੈ। ਬੇਸ਼ੱਕ ਇਸ ਦੇ ਨਾਲ ਨਾਲ ਇਸ ਸ਼ਕਤੀ ਦੇ ਹਥਿਆਰਾਂ ਲਈ ਵਰਤੋਂ ਕਰ ਸਕਣ ਦੀ ਵਿਗਿਆਨਕ ਅਤੇ ਤਕਨੀਕੀ ਸਮਰਥਾ ਹਾਸਲ ਕਰਨ ਦਾ ਪ੍ਰਚਾਰ ਵੀ ਨਾਲ ਨਾਲ ਹੀ ਹੁੰਦਾ ਰਿਹਾ ਹੈ ਤਾਂ ਕਿ ਲੋੜ ਪੈਣ ਸਮੇਂ ਭਾਰਤੀ ਮਾਹਿਰਾਂ ਨੂੰ ਇਸ ਪ੍ਰਤੀ ਸ਼ਰਮਿੰਦਾ ਨਾ ਹੋਣਾ ਪਵੇ ਅਤੇ ਭਾਰਤ ਦੀ ਸੁਰੱਖਿਆ ਨੂੰ ਪੇਸ਼ ਖ਼ਤਰਿਆਂ ਦਾ ਸਾਹਮਣਾ ਕੀਤਾ ਜਾ ਸਕੇ।

ਭਾਰਤ ਦੀ ਵਿਸ਼ਵ ਸ਼ਾਂਤੀ, ਵਿਕਾਸ ਅਤੇ ਆਰਥਿਕ ਜਾਂ ਰਾਜਨੀਤਿਕ ਸਥਿਰਤਾ ਅਤੇ ਗਤੀਸ਼ੀਲਤਾ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਭਾਰਤ ਪ੍ਰਮਾਣੂ ਹਥਿਆਰ ਬਨਾਉਣ ਪ੍ਰਤੀ ਆਪਣੀ ਲੋੜ ਜਾਂ ਨੀਤੀ ਨੂੰ ਸੀਮਤ ਰੂਪ ਵਿਚ ਹੀ ਰੱਖੇ ਜਿਵੇਂ ਕਿ ਭਾਰਤ ਦੀ ਵਿਦੇਸ਼ੀ ਅਤੇ ਪ੍ਰਮਾਣੂ ਨੀਤੀ ਦੇ ਪ੍ਰਮੁੱਖ ਵਿਚਾਰਕ ਪੰਡਿਤ ਨਹਿਰੂ ਦੇ ਇਸ ਕਥਨ ਤੋਂ ਸਪੱਸ਼ਟ ਹੁੰਦਾ ਜਾਪਦਾ ਹੈ। ਉਨ੍ਹਾਂ ਨੇ 30 ਜਨਵਰੀ 1958 ਨੂੰ ਇਹ ਵਿਚਾਰ ਪ੍ਰਗਟ ਕੀਤੇ ਕਿ, "ਸਾਡੇ ਪਾਸ ਪ੍ਰਮਾਣੂ ਬੰਬ ਬਨਾਉਣ ਲਈ ਲੋੜੀਂਦੀ ਤਕਨੀਕੀ ਜਾਣਕਾਰੀ ਮੌਜੂਦ ਹੈ। ਅਸੀਂ ਇਸ ਦਿਸ਼ਾ ਵਿਚ ਤਿੰਨ ਜਾਂ ਚਾਰ ਸਾਲਾਂ ਦੇ ਸਮੇਂ ਵਿਚ ਲੋੜੀਂਦੇ ਸਾਧਨ ਅਤੇ ਸੋਮੇ ਇਸ ਮੰਤਵ ਲਈ ਜੁਟਾ ਕਦੇ ਹਾਂ। ਪਰੰਤੂ ਅਸੀਂ ਵਿਸ਼ਵ ਭਾਈਚਾਰੇ ਨੂੰ ਇਸ ਗੱਲ ਦਾ ਪੂਰਨ ਭਰੋਸਾ ਦਿਵਾ ਚੁੱਕੇ ਹਾਂ ਕਿ ਅਸੀਂ ਕਦੇ ਵੀ ਅਜਿਹਾ ਨਹੀਂ ਕਰਾਂਗੇ। ਅਸੀਂ ਕਦੇ ਵੀ ਪ੍ਰਮਾਣੂ ਖੇਤਰ ਵਿਚ ਹਾਸਲ ਕੀਤੀ ਵਿਗਿਆਨਿਕ ਅਤੇ ਤਕਨੀਕੀ ਜਾਣਕਾਰੀ ਨੂੰ ਯੁੱਧ ਲਈ ਵਰਤੋਂ ਵਿਚ ਨਹੀਂ ਲਿਆਵਾਂਗੇ। (G.G.Mirchandani- India's Nuclear Dilemma, New Delhi, 1963, p. 23).

1950 ਦੇ ਦਹਾਕੇ ਤੋਂ ਭਾਰਤ ਦੀ ਪ੍ਰਮਾਣੂ ਨੀਤੀ ਵਿਚ ਇਸ ਸ਼ਕਤੀ ਦਾ ਸ਼ਾਂਤਮਈ ਕੰਮਾਂ ਦੀ ਵਰਤੋਂ ਕਰਨ ਦੇ ਨਾਲ ਨਾਲ ਅੰਤਰ ਰਾਸ਼ਟਰੀ ਭਾਈਚਾਰੇ ਵਿਚ ਨਿਸ਼ਸ਼ਤਰੀਕਰਣ ਅਤੇ ਪ੍ਰਮਾਣੂ ਸ਼ਕਤੀ ਦੇ ਧਮਾਕੇ ਕਰਨ ਪ੍ਰਤੀ ਕਾਰਵਾਈਆਂ ਵਿਚ ਆਪਣੀ ਆਵਾਜ਼ ਬੁਲੰਦ ਕਰਨ ਦੇ ਆਸ਼ੇ ਨਾਲ ਭਾਰਤ ਨੇ 1960 ਦੇ ਦਹਾਕੇ ਦੌਰਾਨ ਇਸ ਸ਼ਕਤੀ ਦੀ ਸੈਨਿਕ ਵਰਤੋਂ ਪ੍ਰਤੀ ਆਪਣੀ ਛੋਟ ਆਪਣੇ ਪਾਸ ਰੱਖਣ ਦੇ ਆਸ਼ੇ ਨੂੰ ਤਿਆਗਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਇਸ ਸੰਬੰਧੀ ਖੋਜ ਜਾਰੀ ਰੱਖੀ। ਪਰੰਤੂ ਇਸ ਨੀਤੀ ਵਿਚ 1970 ਦੇ ਦਹਾਕੇ ਵਿਚ ਪ੍ਰਮਾਣੂ ਸ਼ਕਤੀ ਦੀ ਸ਼ਾਂਤਮਈ ਕੰਮਾਂ ਲਈ ਸਮਰੱਥਾ ਨੂੰ ਵਧੇਰੇ ਸੁਯੋਗ ਬਨਾਉਣ ਦੇ ਆਸ਼ੇ ਨਾਲ ਧਰਤੀ ਹੇਠ ਪ੍ਰਮਾਣੂ ਧਮਾਕਾ ਕਰਨ ਦਾ ਫੈਸਲਾ ਕਰਕੇ ਪ੍ਰਮਾਣੂ ਖੇਤਰ ਵਿਚ ਆਪਣੀ ਰਾਜਨੀਤਿਕ ਆਵਾਜ਼ ਬੁਲੰਦ ਕੀਤੀ ਜਿਸ ਨਾਲ ਵਿਸ਼ਵ ਦੇ ਦੇਸ਼ਾਂ ਖਾਸ ਤੌਰ ਤੇ ਖੇਤਰੀ ਦੇਸ਼ਾਂ ਵਿਚ ਇਸ ਪ੍ਰਤੀ ਵਧੇਰੇ ਚੇਤਨਤਾ ਪੈਦਾ ਕਰ ਦਿੱਤੀ।

ਭਾਰਤ ਦੀ ਪ੍ਰਮਾਣੂ ਨੀਤੀ ਅਤੇ ਵਿਕਾਸ ਵਿਚ ਸਭ ਤੋਂ ਵੱਡੀ ਔਕੜ ਅਮਰੀਕਾ ਦੁਆਰਾ ਆਪਣੀ ਪ੍ਰਮਾਣੂ ਸਮਰਥਾ ਦੇ ਵਿਕਾਸ ਅਤੇ ਪ੍ਰਭਾਵਿਤ ਖੇਤਰ ਵਿਚ ਪੂਰੇ ਵਿਸ਼ਵ ਨੂੰ ਸਮੋ ਲੈਣ ਨਾਲ ਇੱਕ ਬਹੁਤ ਮਹੱਤਵਪੂਰਨ ਰੁਕਾਵਟ ਪੈਦਾ ਹੋ ਗਈ ਕਿਉਂਕਿ ਵਿਸ਼ਵ ਦੀ ਇੱਕ ਮਹਾਨ ਸ਼ਕਤੀ ਦੁਆਰਾ ਅਜਿਹਾ ਕਰਨ ਦੇ ਨਾਲ ਇਹ ਗੱਲ ਲਗਭਗ ਯਕੀਨੀ ਹੀ ਸੀ ਕਿ ਦੂਜੀਆਂ ਵੱਡੀਆਂ ਸ਼ਕਤੀਆਂ ਵੀ ਇਸ ਦਿਸ਼ਾ ਵੱਲ ਆਪਣੀ ਖੋਜ ਅਤੇ ਪ੍ਰਯਤਨ ਜਾਰੀ ਰੱਖਣਗੀਆਂ। ਸਿੱਟੇ ਵਜੋਂ ਜਲਦੀ ਹੀ ਭਾਰਤ ਦੀਆਂ ਸੀਮਾਵਾਂ ਦੇ ਨੇੜੇ ਚੀਨ, ਰੂਸ ਅਤੇ ਪਾਕਿਸਤਾਨ ਵਲੋਂ ਪ੍ਰਮਾਣੂ ਸ਼ਕਤੀ ਦੇ ਸੈਨਿਕ ਪੱਖੋਂ ਵਿਕਾਸ ਅਤੇ ਅਮਰੀਕੀ ਪ੍ਰਮਾਣੂ ਸ਼ਕਤੀ ਦੀ ਹਿੰਦ ਮਹਾਂਸਾਗਰ ਦੇ ਖੇਤਰ ਵਿਚ ਮੌਜੂਦਗੀ ਭਾਰਤ ਲਈ ਲਗਾਤਾਰ ਚਿੰਤਾ ਦਾ ਵਿਸ਼ਾ ਬਣੇ ਰਹੇ। ਜਿਸ ਦੇ ਸਿੱਟੇ ਵਜੋਂ ਭਾਰਤ ਨੇ ਆਪਣੀ ਖੋਜ ਨੂੰ ਸੈਨਿਕ ਪੱਖੋਂ ਵਰਤੀ ਜਾਣ ਵਾਲੀ ਆਪਣੀ ਸਵੈ-ਇੱਛਾ (Option) ਨੂੰ ਤਿਆਗਣ ਤੋਂ ਇਨਕਾਰ ਕਰ ਦਿੱਤਾ। ਅਜਿਹੇ ਹਾਲਾਤਾਂ ਵਿਚ ਭਾਰਤ ਲਈ ਪ੍ਰਮਾਣੂ ਪਹਿਲੂ ਦੇ ਸਾਰੇ ਪੱਖਾਂ ਨੂੰ ਕੇਵਲ ਪਾਕਿਸਤਾਨ ਜਾਂ ਚੀਨ ਦੇ ਪ੍ਰਮਾਣੂ ਵਿਕਾਸ ਦੀ ਲੋਅ ਵਿਚ (ਖਾਸ ਤੌਰ ਤੇ 1962 ਦੀ ਚੀਨ ਭਾਰਤ ਸੀਮਾ ਲੜਾਈ ਅਤੇ 1971 ਦੀਆਂ ਭਾਰਤ ਪਾਕਿ ਜੰਗਾਂ ਨੂੰ ਸਾਹਮਣੇ ਰਖਦੇ ਹੋਏ) ਸੀਮਤ ਰੱਖ ਸਕਣਾ ਮੁਸ਼ਕਲ ਜਾਪਦਾ ਸੀ।

ਇਸ ਲਈ ਭਾਰਤ ਦੀ ਪ੍ਰਮਾਣੂ ਨੀਤੀ ਨੂੰ ਅਮਲੀ ਰੂਪ ਦੇਣ ਲੱਗਿਆਂ ਇਸ ਦੇ ਨਿਰਮਾਤਾਵਾਂ ਵਲੋਂ ਇਤਿਹਾਸਕ ਘਟਨਾਵਾਂ ਦੀ ਸਚਾਈ ਅਤੇ ਭਾਰਤ ਦੀਆਂ ਅਮਲੀ ਲੋੜਾਂ ਨੂੰ ਅੱਖੋਂ ਉਹਲੇ ਕਰ ਸਕਣਾ ਮੁਸ਼ਕਲ ਜਾਪਦਾ ਸੀ। ਇਨ੍ਹਾਂ ਸਾਰੇ ਹਾਲਾਤਾਂ ਦੇ

ਬਾਵਜੂਦ ਭਾਰਤ ਵਲੋਂ ਅਪਣਾਈ ਗਈ ਪ੍ਰਮਾਣੂ ਨੀਤੀ ਵਿਚ ਇਹ ਗੱਲ ਸਪੱਸ਼ਟ ਰੂਪ ਵਿਚ ਕਹੀ ਗਈ ਸੀ ਕਿ ਭਾਰਤ ਪ੍ਰਮਾਣੂ ਸ਼ਕਤੀ ਦੀ ਵਰਤੋਂ ਜੰਗਾਂ ਲਈ ਨਹੀਂ ਕਰੇਗਾ ਅਤੇ ਕਿਸੇ ਵੀ ਪ੍ਰਸਥਿਤੀ ਵਿਚ ਪ੍ਰਮਾਣੂ ਸੈਨਿਕ ਸ਼ਕਤੀ ਨਹੀਂ ਵਰਤੇਗਾ।

ਅਜਿਹੀ ਦੁਚਿਤੀ ਵਾਲੀ ਸਥਿੱਤੀ ਵਿਚ ਭਾਰਤ ਦੇ ਅੰਦਰ ਅਤੇ ਭਾਰਤ ਤੋਂ ਬਾਹਰ ਵੀ ਭਾਰਤ ਦੀ ਪ੍ਰਮਾਣੂ ਨੀਤੀ ਬਾਰੇ ਇੱਕ ਨਵਾਂ ਵਿਵਾਦ ਸ਼ੁਰੂ ਹੋ ਗਿਆ ਕਿ ਭਾਰਤ ਨੂੰ ਪ੍ਰਮਾਣੂ ਸੈਨਿਕ ਸ਼ਕਤੀ ਬਣਨਾ ਚਾਹੀਦਾ ਹੈ ਜਾਂ ਨਹੀਂ। ਖਾਸ ਤੌਰ ਤੇ ਅਕਤੂਬਰ 1964 ਵਿਚ ਚੀਨ ਵਲੋਂ ਕੀਤੇ ਗਏ ਪ੍ਰਮਾਣੂ ਬੰਬ ਧਮਾਕੇ ਦੇ ਪ੍ਰਯੋਗ ਤੋਂ ਬਾਅਦ ਇਹ ਮਸਲਾ ਹੋਰ ਵੀ ਗੁੰਝਲਦਾਰ ਬਣਦਾ ਗਿਆ।

ਪ੍ਰਮਾਣੂ ਸੈਨਿਕ ਸ਼ਕਤੀ ਵਿਕਾਸ ਦੇ ਸਮਰਥਕਾਂ ਵਲੋਂ ਭਾਰਤ ਦੀ ਨੀਤੀ ਦਾ ਮੁੜ ਵਿਚਾਰ ਕਰਨ ਦਾ ਸੁਝਾਓ ਅਤੇ ਗੁੱਟ-ਨਿਰਪੱਖਤਾ ਦੀ ਵਿਦੇਸ਼ ਨੀਤੀ ਦੀ ਵੀ ਆਲੋਚਨਾ ਆਰੰਭ ਹੋ ਗਈ। ਇਥੋਂ ਤੱਕ ਕਿ ਪ੍ਰਮਾਣੂ ਸ਼ਕਤੀ ਦੇ ਪ੍ਰਮੁੱਖ ਭਾਰਤੀ ਵਿਗਿਆਨੀ ਡਾ.ਹੋਮੀ ਭਾਬਾ ਨੇ ਵੀ ਇਹ ਸਪੱਸ਼ਟ ਸ਼ਬਦਾਂ ਵਿਚ ਐਲਾਨ ਕਰ ਦਿੱਤਾ ਕਿ, '' ਕਿਸੇ ਵੀ ਅਜਿਹੀ ਸਥਿਤੀ ਵਿਚ ਸੁਰੱਖਿਆ ਲਈ ਪ੍ਰਮਾਣੂ ਸੈਨਿਕ ਸ਼ਕਤੀ ਦੁਆਰਾ ਹੀ ਜੁਆਬੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।''

ਇਸ ਵਿਚਾਰ ਨੂੰ ਹੋਰ ਵੀ ਪ੍ਰੋੜ੍ਹਤਾ ਮਿਲੀ ਜਦੋਂ ਉਨ੍ਹਾਂ ਨੇ ਇਹ ਐਲਾਨ ਵੀ ਕੀਤਾ ਕਿ ਭਾਰਤ ਸਰਕਾਰ ਵਲੋਂ ਫੈਸਲਾ ਲੈਣ ਤੋਂ ਬਾਅਦ 18 ਮਹੀਨਿਆਂ ਦੇ ਅੰਦਰ ਪ੍ਰਮਾਣੂ ਬੰਬ ਬਣਾ ਸਕਦਾ ਹੈ। (L.P. Singh, India"s Foreign Policy, New Delhi 1980 p. 30)। ਇਸ ਸਾਰੇ ਵਾਦ-ਵਿਵਾਦ ਦੇ ਬਾਵਜੂਦ ਭਾਰਤ ਦੀ ਪ੍ਰਮਾਣੂ ਨੀਤੀ ਸ਼ਾਂਤਮਈ ਵਿਕਾਸ ਲਈ ਪ੍ਰਯਤਨਸ਼ੀਲ ਰਹੀ ਭਾਵੇਂ ਭਾਰਤ ਨੇ ਇਸ ਦੇ ਸੈਨਿਕ ਵਿਕਾਸ ਨਾ ਕਰਨ ਲਈ ਕਿਸੇ ਵੀ ਪ੍ਰਮਾਣੂ ਰਾਸ਼ਟਰੀ ਸੰਧੀ ਉਪਰ ਦਸਤਖ਼ਤ ਨਹੀਂ ਕੀਤੇ ਸਨ ਕਿਉਂਕਿ ਭਾਰਤ ਅਜਿਹੀ ਕਿਸੇ ਵੀ ਸੰਧੀ ਨੂੰ ਭਾਰਤ ਦੇ ਰਾਸ਼ਟਰੀ ਹਿੱਤ ਦੇ ਵਿਰੁੱਧ ਸਮਝਦਾ ਸੀ ਪਰੰਤੂ ਨਾਲ ਹੀ ਉਹ ਪ੍ਰਮਾਣੂ ਹਥਿਆਰਾਂ ਦੀ ਵਿਸ਼ਵ ਦੌੜ ਵਿਚ ਆਪਣੇ ਪਹਿਲਾਂ ਹੀ ਸੀਮਤ ਸਾਧਨਾਂ ਨੂੰ ਵਿਅਰਥ ਨਹੀਂ ਸੀ ਗੁਆਉਣਾ ਚਾਹੁੰਦਾ।

ਇਸ ਦੇ ਨਾਲ ਹੀ ਭਾਰਤ ਨੇ ਪ੍ਰਮਾਣੂ ਸ਼ਕਤੀਆਂ ਪਾਸੋਂ ਇਸ ਗੱਲ ਦੀ ਤਸੱਲੀ ਵੀ ਕਰਵਾ ਲਈ ਕਿ ਬਦਲੀਆਂ ਹੋਈਆਂ ਭੂ-ਰਾਜਨੀਤਿਕ, ਆਰਥਿਕ ਅਤੇ ਸੈਨਿਕ ਹਾਲਤਾਂ ਦੇ ਬਾਵਜੂਦ ਪ੍ਰਮਾਣੂ ਸ਼ਕਤੀ ਤੋਂ ਰਹਿਤ ਦੇਸ਼ਾਂ ਨੂੰ ਕਿਸੇ ਵੀ ਪ੍ਰਮਾਣੂ ਦਬਾਉ ਤੋਂ ਸੁਰੱਖਿਅਤ ਰੱਖਿਆ ਜਾਵੇਗਾ।

ਭਾਰਤ ਦੀ ਪ੍ਰਮਾਣੂ ਨੀਤੀ 17 ਫਰਵਰੀ 1965 ਨੂੰ ਭਾਰਤੀ ਪਾਰਲੀਆਮੈਂਟ ਸਾਹਮਣੇ ਸਪੱਸ਼ਟ ਸ਼ਬਦਾਂ ਵਿਚ ਪ੍ਰਵਾਨ ਕੀਤੀ ਗਈ ਸੀ ਜਿਸ ਅਨੁਸਾਰ ਇਹ ਐਲਾਨ ਕੀਤਾ ਗਿਆ ਸੀ ਕਿ ਭਾਰਤ ਪ੍ਰਮਾਣੂ ਹਥਿਆਰ ਬਨਾਉਣ ਦੀ ਬਜਾਏ ਬਿਹਤਰ ਰਾਸ਼ਟਰੀ ਆਪਸੀ ਸਮਝ ਮਿਲਵਰਤਨ ਦੁਆਰਾ ਪ੍ਰਮਾਣੂ ਯੁੱਧ ਦੇ ਭੈ ਨੂੰ ਦੂਰ ਕਰਨ ਲਈ ਪ੍ਰਯਤਨਸ਼ੀਲ ਰਹੇਗਾ। (India, Lok Sabha Debates, Third Series Vol. XXXV. New Delhi, February 17, 1965, Cols. 70-71).

ਭਾਵੇਂ ਇਸ ਤੋਂ ਬਾਅਦ ਦੀਆਂ ਘਟਨਾਵਾਂ ਇਸ ਫੈਸਲੇ ਦੇ ਬਹੁਤ ਅਨੁਕੂਲ ਨਹੀਂ ਸਨ ਇਸ ਦੇ ਬਾਵਜੂਦ ਇਸ ਐਲਾਨ ਵਿਚ ਭਾਰਤ ਦੀ ਪ੍ਰਮਾਣੂ ਨੀਤੀ ਪ੍ਰਤੀ ਦ੍ਰਿੜ੍ਹਤਾ ਅਤੇ ਸਾਫ਼ ਦਿਲੀ (sincerity) ਦਾ ਪ੍ਰਗਟਾਵਾ ਕਰਨ ਦੇ ਨਾਲ ਨਾਲ ਇਸ ਗੱਲ ਨੂੰ ਸਪਸ਼ਟ ਕਰਦੀ ਸੀ ਕਿ ਗੈਰ ਪ੍ਰਮਾਣੂ ਦੇਸ਼ਾਂ ਦੇ ਆਪਸੀ ਮਿਲਵਰਤਨ ਦੀ ਅਣਹੋਂਦ ਕਾਰਨ ਉਨ੍ਹਾਂ ਦੀ ਸੁਰੱਖਿਆ ਨੂੰ ਪੇਸ਼ ਖਤਰਿਆਂ ਵਿਚ ਵਾਧਾ ਹੋਵੇਗੀ। ਪਰੰਤੂ ਸਭ ਤੋਂ ਵਧੇਰੇ ਮਹੱਤਵਪੂਰਣ ਗੱਲ ਇਹ ਵੀ ਸੀ ਕਿ ਭਾਰਤ ਵਲੋਂ ਪ੍ਰਮਾਣੂ ਹਥਿਆਰਾਂ ਦੇ ਵਿਕਾਸ ਨੂੰ ਰੋਕਣ ਵਾਲੀ ਸੰਧੀ (Nuclear Non-Proliferation Treaty) ਉਪਰ ਦਸਤਖਤ ਕਰਨ ਤੋਂ ਇਨਕਾਰ ਕਾਰਨ ਇਸ ਉਪਰ ਕੋਈ ਅਜਿਹੀ ਰੋਕ ਨਹੀਂ ਸੀ ਜਿਸ ਕਾਰਨ ਉਹ ਸੈਨਿਕ ਪ੍ਰਮਾਣੂ ਹਥਿਆਰ ਨਾ ਬਣਾ ਸਕਦਾ ਹੋਵੇ।

ਭਾਰਤ ਦੀ ਪ੍ਰਮਾਣੂ ਨੀਤੀ ਦਾ ਪ੍ਰਮੁੱਖ ਉਦੇਸ਼ ਭਾਰਤੀ ਲੋਕਾਂ ਨੂੰ ਉਨ੍ਹਾਂ ਦਾ ਸਭਿਆਚਾਰਕ ਵਿਰਸਾ ਭੁਲਾਏ ਬਗੈਰ ਆਧੁਨਿਕ ਜੀਵਨ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਸੀ ਜਿਨ੍ਹਾਂ ਦਾ ਪ੍ਰਭਾਵ ਨਾ ਕੇਵਲ ਉਨ੍ਹਾਂ ਦੇ ਰਹਿਣ ਸਹਿਣ ਦੇ ਢੰਗਾਂ ਉਪਰ ਹੀ ਪਵੇ ਸਗੋਂ ਉਨ੍ਹਾਂ ਦੇ ਵਿਚਾਰਾਂ ਅਤੇ ਜੀਵਨ ਦੇ ਰਵੱਈਏ ਨੂੰ ਵੀ ਪ੍ਰਭਾਵਿਤ ਕਰ ਸਕੇ। ਇਸ ਆਸ਼ੇ ਦੀ ਪੂਰਤੀ ਲਈ ਭਾਰਤ ਨੇ ਪ੍ਰਮਾਣੂ ਖੇਤਰ ਦੇ ਵਿਕਾਸ ਪ੍ਰਤੀ ਅਜਿਹੇ ਢੰਗ ਅਤੇ ਖੋਜ ਕੇਂਦਰ ਸਥਾਪਤ ਕਰਨੇ ਸ਼ੁਰੂ ਕੀਤੇ ਜਿਨ੍ਹਾਂ ਨਾਲ ਭਾਰਤ ਆਪਣੇ ਬਹੁਮੁੱਲੇ ਸਾਧਨ ਵਿਦੇਸ਼ਾਂ ਉਪਰ ਨਿਰਭਰ ਕਰਨ ਦੀ ਥਾਂ ਪ੍ਰਮਾਣੂ ਖੇਤਰ ਵਿਚ ਆਪਣਾ ਸਵੈ-ਦੇਸ਼ੀ ਵਿਗਿਆਪਨ ਅਤੇ ਤਕਨੀਕੀ ਨਿਪੁੰਨਤਾ ਹਾਸਲ ਕਰ ਸਕੇ ਤਾਂ ਜੋ ਭਾਰਤ ਵਿਸ਼ਵ ਦੇ ਦੂਜੇ ਦੇਸ਼ਾਂ ਨਾਲੋਂ ਸ਼ਕਤੀ ਦੇ ਵੱਖ-ਵੱਖ ਸਾਧਨ ਇਕੱਠੇ ਕਰਨ ਸੰਬੰਧੀ ਕਿਸੇ ਵੀ ਖੇਤਰ ਵਿਚ ਪਿੱਛੇ ਨਾ ਰਹਿ ਜਾਵੇ। ਇਸ ਤਰ੍ਹਾਂ ਭਾਰਤ ਦੀ ਨੀਤੀ ਦੇ ਤਿੰਨ ਹੇਠ ਲਿਖੇ ਪ੍ਰਮੁੱਖ ਪਹਿਲੂ ਸਨ :-

1. ਦੇਸ਼ ਦੇ ਆਰਥਿਕ ਵਿਕਾਸ ਪ੍ਰਤੀ ਉਪਲਬੱਧ ਸਾਧਨਾਂ ਸੰਬੰਧੀ ਪ੍ਰਮਾਣੂ ਤਕਨੀਕ ਦੀ ਵਰਤੋਂ ਕਰਨ ਲਈ ਲੋੜੀਂਦੀ ਸਮਰੱਥਾ ਹਾਸਲ ਕਰਨਾ।

2. ਪ੍ਰਮਾਣੂ ਸ਼ਕਤੀ ਦੀ ਕੇਵਲ ਸ਼ਾਂਤਮਈ ਕੰਮ ਲਈ ਵਰਤੋਂ ਕਰਨਾ।

3. ਵਿਸ਼ਵ ਵਿਚ ਆਪਣੀ ਪ੍ਰਮਾਣੂ ਤਕਨੀਕ ਪ੍ਰਤੀ ਸਮਰੱਥਾ ਸਥਾਪਤ ਕਰਨ ਉਪਰੰਤ ਵਿਸ਼ਵ ਵਿਚ ਸੰਪੂਰਨ ਨਿਸ਼ਸ਼ਤਰੀਕਰਨ ਲਈ ਲਾਮਬੰਦ ਹੋਣਾ।

ਪਰੰਤੂ ਇਨ੍ਹਾਂ ਆਸ਼ਿਆਂ ਬਾਰੇ 1960 ਦੇ ਦਹਾਕੇ ਦੇ ਅੰਤਲੇ ਭਾਗ ਤੋਂ ਵਿਸ਼ਵ ਭਾਈਚਾਰੇ ਨੂੰ ਕੁਝ ਸ਼ੰਕੇ ਉਤਪੰਨ ਹੋਣੇ ਸ਼ੁਰੂ ਹੋ ਗਏ, ਜਿਹੜੇ 1970 ਦੇ ਦਹਾਕੇ ਦੇ ਮੱਧ 1974 ਦੇ ਭਾਰਤ ਵਲੋਂ ਕੀਤੇ ਗਏ ਪ੍ਰਮਾਣੂ ਧਮਾਕੇ ਕਾਰਨ ਸਿਖ਼ਰ ਤੇ ਪਹੁੰਚ ਗਏ। ਬੇਸ਼ੱਕ ਭਾਰਤ ਦੇ ਰਾਜਨੀਤਿਕ ਨੇਤਾਵਾਂ ਅਤੇ ਵਿਗਿਆਨੀਆਂ ਵਲੋਂ ਇਸ ਸੰਬੰਧੀ ਬਹੁਤ ਸਾਰੇ ਵਿਚਾਰ ਭਾਰਤੀ ਆਸ਼ੇ ਨੂੰ ਸਿੱਧ ਕਰਨ ਬਾਰੇ ਦਿੱਤੇ ਗਏ ਪਰੰਤੂ ਇਸ ਦੇ ਬਾਵਜੂਦ ਕੈਨੇਡਾ ਵਲੋਂ ਭਾਰਤ ਨੂੰ ਦਿੱਤੇ ਜਾਣ ਵਾਲੇ ਪ੍ਰਮਾਣੂ ਖੋਜ ਕੇਂਦਰਾਂ ਦੀ ਸਥਾਪਨਾ ਲਈ ਮਿਲਣ ਵਾਲੇ ਤਕਨੀਕੀ ਸਾਜ਼ੋ-ਸਮਾਨ ਉਪਰ ਰੋਕ ਲਗਾਉਣ ਤੋਂ ਇਲਾਵਾ ਅਮਰੀਕਾ ਵਲੋਂ ਭਾਰਤ ਨੂੰ ਦਿੱਤੇ ਜਾਣ ਵਾਲੇ ਪ੍ਰਮਾਣੂ ਸ਼ਕਤੀ ਲਈ ਲੋੜੀਂਦੇ ਕੱਚੇ ਮਾਲ ਉਪਰ ਵੀ ਰੋਕ ਲਗਾ ਦਿੱਤੀ ਗਈ ਕਿਉਂਕਿ ਉਨ੍ਹਾਂ ਵਲੋਂ ਅਜਿਹਾ ਮਹਿਸੂਸ ਕੀਤਾ ਗਿਆ ਕਿ ਅਜਿਹੇ ਧਮਾਕਿਆਂ ਰਾਹੀਂ ਭਾਰਤ ਪ੍ਰਮਾਣੂ ਬੰਬ ਬਨਾਉਣ ਦੀ ਸਮਰੱਥਾ ਹਾਸਲ ਕਰਨ ਪ੍ਰਤੀ ਯਤਨਸ਼ੀਲ ਹੈ।

ਪਰੰਤੂ ਅੰਤਰ-ਰਾਸ਼ਟਰੀ ਦਬਾਵਾਂ ਅਤੇ ਵਿਰੋਧਤਾ ਦੇ ਬਾਵਜੂਦ ਭਾਰਤ ਆਪਣੇ ਪਰੰਪਰਾਗਤ ਸ਼ਕਤੀ ਸਾਧਨਾਂ ਅਤੇ ਸੋਮਿਆਂ ਵਿਚ ਉਸ ਦੇ ਉਦਯੋਗੀਕਰਣ ਨੂੰ ਜਾਰੀ ਰੱਖ ਸਕਣ ਪ੍ਰਤੀ ਘਾਟ ਨੂੰ ਆਧੁਨਿਕ ਪ੍ਰਮਾਣੂ ਸ਼ਕਤੀ ਦੁਆਰਾ ਪੂਰੇ ਕਰਨ, ਨਿੱਜੀ ਸਮਰੱਥਾ ਹਾਸਲ ਕਰਨ ਦੇ ਉਪਰਾਲੇ ਲਗਾਤਾਰ ਕਰਦਾ ਰਿਹਾ। ਇਸ ਤੋਂ ਇਲਾਵਾ ਭਾਰਤੀ ਨੇਤਾ ਇਹ ਵੀ ਮਹਿਸੂਸ ਕਰਦੇ ਸਨ ਕਿ ਵਿਸ਼ਵ ਵਿਚ ਪ੍ਰਮਾਣੂ ਸ਼ਕਤੀ ਸਮਰੱਥਾ ਵਿਸ਼ਵ ਦੇ ਕੁਝ ਕੁ ਦੇਸ਼ਾਂ ਦੇ ਕਬਜ਼ੇ ਵਿਚ ਹੀ ਰਹਿਣੀ ਵਿਤਕਰੇ ਵਾਲੀ ਗੱਲ ਹੈ।

ਇਸ ਸਾਰੇ ਵਾਦ-ਵਿਵਾਦ ਦੇ ਬਾਵਜੂਦ ਭਾਰਤ ਇਹ ਫੈਸਲਾ ਨਹੀਂ ਕਰ ਸਕਿਆ ਕਿ ਉਸ ਨੇ ਪ੍ਰਮਾਣੂ ਸ਼ਕਤੀ ਦਾ ਵਿਕਾਸ ਕੇਵਲ ਸ਼ਾਂਤੀਪੂਰਨ ਕੰਮਾਂ ਲਈ ਹੀ ਕਰਨਾ ਹੈ ਜਾਂ ਇਸ ਨੂੰ ਸੈਨਿਕ ਪੱਖੋਂ ਵੀ ਪ੍ਰਫੁੱਲਤ ਕੀਤਾ ਜਾਣਾ ਚਾਹੀਦਾ ਹੈ। ਪ੍ਰਮਾਣੂ ਤਕਨੀਕੀ ਪੱਖੋਂ ਇਹ ਵਿਚਾਰ ਵੀ ਪੇਸ਼ ਕੀਤੇ ਜਾਂਦੇ ਰਹੇ ਹਨ ਕਿ ਸ਼ਾਂਤਮਈ ਕੰਮਾਂ ਲਈ ਪ੍ਰਮਾਣੂ ਸ਼ਕਤੀ ਦੇ ਪ੍ਰਯੋਗ ਦੀ ਤਕਨੀਕ ਸੈਨਿਕ ਕੰਮਾਂ ਲਈ ਵਰਤਣ ਲਈ ਜੁਟਾਣਾ ਬਹੁਤ ਹੀ ਕਠਿਨ ਕੰਮ ਹੈ। ਜਿਹੜਾ ਦੇਸ਼ ਇਹ ਤਕਨੀਕ ਸ਼ਾਂਤੀ ਵਰਤੋਂ ਲਈ ਨਿਯੰਤਰਣ ਵਿਚ ਲਿਆ ਜਾ ਸਕਦਾ ਹੈ ਉਸ ਲਈ ਇਸਦਾ ਸੈਨਿਕ ਪ੍ਰਯੋਗ ਆਪ-ਮੁਹਾਰੇ ਤਿਆਰ ਹੋ ਜਾਂਦਾ ਹੈ। ਪ੍ਰੰਤੂ ਦੋਹਾਂ ਸਥਿਤੀਆਂ ਵਿਚ ਕਿਸੇ ਵੀ ਵਿਕਾਸਸ਼ੀਲ ਦੇਸ਼ ਲਈ ਇਸ ਅਤੀ ਆਧਨਿਕ ਖਿੱਤੇ ਵਿਚ ਆਪਣੇ ਤੌਰ ਤੇ ਤਕਨੀਕੀ ਅਤੇ ਪ੍ਰਬੰਧਕ ਢਾਂਚੇ ਇਕ ਨਿਰਧਾਰਿਤ ਸਮੇਂ ਦੇ ਅੰਦਰ ਤਿਆਰ ਕਰ ਸਕਣਾ ਬਹੁਤ ਹੀ ਕਠਿਨ ਸਮੱਸਿਆ ਸੀ।

ਇਸ ਸੰਬੰਧੀ ਭਾਰਤੀ ਸਥਿੱਤੀ ਕਾਫ਼ੀ ਪ੍ਰਤੱਖ ਅਤੇ ਸਪੱਸ਼ਟ ਸੀ ਕਿ ਇਸ ਦੇ ਪ੍ਰਮਾਣੂ ਸ਼ਕਤੀ ਦੀ ਵਰਤੋਂ ਪ੍ਰਤੀ ਯਤਨ ਅਤੇ ਤਕਨੀਕੀ ਕੇਂਦਰ ਹੋਂਦ ਅਤੇ ਬਣਤਰ ਪੱਖੋਂ ਵਧੇਰੇ ਸ਼ਾਂਤੀ ਯਤਨਾਂ ਵੱਲ ਪ੍ਰੇਰਿਤ ਸਨ। ਪਰੰਤੂ ਭਾਰਤ ਦੇ ਗੁਆਂਢੀ ਦੇਸ਼ਾਂ ਖਾਸ ਤੌਰ ਤੇ ਚੀਨ ਅਤੇ ਪਾਕਿਸਤਾਨ ਵਲੋਂ ਇਸ ਦੇ ਉਲਟ ਪ੍ਰਮਾਣੂ ਸ਼ਕਤੀ ਦੇ ਸੈਨਿਕ ਪ੍ਰਯੋਗ ਲਈ ਯਤਨ ਭਾਰਤੀ ਨੀਤੀ ਨੂੰ ਫੈਸਲਾਕੁਨ ਰੂਪ ਵਿਚ ਸਾਹਮਣੇ ਆਉਣ ਵਿਚ ਰੁਕਾਵਟ ਪੈਦਾ ਕਰਦੇ ਸਨ। ਇਸਦਾ ਪ੍ਰਮੁੱਖ ਕਾਰਨ ਸ਼ਾਇਦ ਇਹ ਵੀ ਸੀ ਕਿ ਭਾਰਤ ਦੇ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਮਾਹਿਰ ਨਿਰਪੱਖ ਤੌਰ ਤੇ ਇਹ ਫੈਸਲਾ ਨਹੀਂ ਕਰ ਸਕਦੇ ਸਨ ਕਿ ਭਾਰਤ ਨੂੰ ਪ੍ਰਮਾਣੂ ਖਤਰਾ ਹੈ ਜਾਂ ਨਹੀਂ ਤਾਂ ਜੋ ਕਿਸੇ ਵੀ ਪ੍ਰਮਾਣੂ ਖ਼ਤਰੇ ਦਾ ਸਾਹਮਣਾ ਕਰਨ ਲਈ ਸੰਪੂਰਨ ਯੁੱਧ ਨੀਤੀ ਤੈਅ ਨਹੀਂ ਕੀਤੀ ਜਾ ਸਕਦੀ। ਇਸ ਲਈ ਕਿਸੇ ਵੀ ਖੇਤਰੀ ਅਤੇ ਖੇਤਰ ਤੋਂ ਬਾਹਰੋਂ ਪੇਸ਼ ਪ੍ਰਮਾਣੂ ਖਤਰੇ ਤੋਂ ਬਚਣ ਲਈ ਭਾਰਤ ਨੂੰ ਕੁਦਰਤ ਜਾਂ ਮਹਾਂ ਸ਼ਕਤੀਆਂ ਦੇ ਤਰਸ ਤੇ ਰਹਿਣਾ ਪਿਆ, ਨਾਲ ਹੀ ਭਾਰਤ ਦੀ ਗੁੱਟ-ਨਿਰਪੱਖ ਨੀਤੀ ਉਸ ਨੂੰ ਕਿਸੇ ਇਕ ਮਹਾਂ ਸ਼ਕਤੀ ਉਪਰ ਇਸ ਸਮੱਸਿਆ ਦੇ ਸਾਹਮਣੇ ਲਈ ਪੂਰਨ ਤੌਰ ਤੇ ਨਿਰਭਰ ਕਰਨ ਤੋਂ ਵਰਜਦੀ ਸੀ।

1971 ਦੇ ਭਾਰਤ ਪਾਕਿ ਯੁੱਧ ਵਿਚ ਮਿਲੀ ਸਫ਼ਲਤਾ ਤੋਂ ਬਾਅਦ ਏਸ਼ੀਆਈ ਖੇਤਰ ਵਿਚ ਭਾਰਤੀ ਵਕਾਰ ਅਤੇ ਹੌਸਲੇ ਨੂੰ ਚੰਗਾ ਹੁੰਗਾਰਾ ਮਿਲਣ ਤੋਂ ਬਾਅਦ ਭਾਰਤੀ ਨੀਤੀਵਾਨਾਂ ਨੇ 1974 ਵਿਚ ਪ੍ਰਮਾਣੂ ਧਮਾਕੇ ਕੀਤੇ ਜਾਣ ਨਾਲ ਇਸ ਦੇ ਰਾਜਨੀਤਿਕ ਪ੍ਰਭਾਵ ਨੂੰ ਹੋਰ ਵੀ ਚੰਗੇਰੇ ਹੋਣ ਅਤੇ ਕੁਝ ਕੁ ਖੇਤਰੀ ਦੇਸ਼ਾਂ ਵਿਸ਼ੇਸ਼ ਰੂਪ ਵਿਚ ਚੀਨ ਅਤੇ ਪਾਕਿਸਤਾਨ ਦੀਆਂ ਭਾਰਤ ਪ੍ਰਤੀ ਨੀਤੀਆਂ ਨੂੰ ਧੱਕਾ ਲੱਗਣਾ ਸੁਭਾਵਿਕ ਹੀ ਸੀ। ਇਸ ਤਰ੍ਹਾਂ ਭਾਰਤ ਦੇ ਵਕਾਰ ਨੂੰ ਅੰਤਰ-ਰਾਸ਼ਟਰੀ ਭਾਈਚਾਰੇ ਵਿਚ ਸਨਮਾਨਤਾ ਮਿਲਣ ਦੀ ਆਸ਼ਾ ਕੀਤੀ ਜਾ ਸਕਦੀ ਸੀ ਅਤੇ ਮਹਾਂ ਸ਼ਕਤੀਆਂ ਦਾ ਭਾਰਤ ਉਪਰ ਦਬਾਓ ਘਟਣਾ ਵੀ ਲਾਜ਼ਮੀ ਸੀ ਤਾਂ ਜੋ ਭਾਰਤ ਆਪਣੀਆਂ ਨੀਤੀਆਂ ਵਧੇਰੇ ਨਿੱਜੀ ਤੌਰ ਤੇ ਅਤੇ ਪ੍ਰਭੂਸੱਤਾ ਨਾਲ ਲਾਗੂ ਕਰ ਸਕੇ।

ਇਸ ਤਰ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਹੇਠ ਭਾਰਤੀ ਪ੍ਰਮਾਣੂ ਨੀਤੀ ਕਾਫੀ ਹੌਂਸਲੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧੀ। ਇਸ ਤੋਂ ਬਾਅਦ ਸ੍ਰੀ ਰਾਜੀਵ ਗਾਂਧੀ ਨੇ ਵੀ ਪ੍ਰਮਾਣੂ ਹਥਿਆਰਾਂ ਪ੍ਰਤੀ ਵੱਧ ਰਹੇ ਖਤਰਿਆਂ ਨੂੰ ਮੁੱਖ ਰੱਖਦੇ ਹੋਏ ਅੰਤਰ-ਰਾਸ਼ਟਰੀ ਪੱਧਰ ਤੇ ਵਧੇਰੇ ਵਿਚਾਰ-ਵਟਾਂਦਰੇ ਕਰਨ ਉੱਪਰ ਜ਼ੋਰ ਦਿੱਤਾ ਤਾਂ ਜੋ ਇਸ ਸਮੱਸਿਆ ਦਾਕੋਈ ਰਾਜਨੀਤਿਕ ਹੱਲ

ਲੱਭਿਆ ਜਾ ਸਕੇ। ਰਾਜੀਵ ਗਾਂਧੀ ਨੇ ਜੂਨ 1988 ਵਿਚ ਯੂ.ਐਨ.ਓ. ਨੂੰ ਇਕ ਤਿੰਨ ਕਦਮਾਂ ਵਾਲੀ ਨੀਤੀ ਰਾਹੀਂ ਪ੍ਰਮਾਣੂ ਹਥਿਆਰਾਂ ਨੂੰ 2010 ਤੱਕ ਦੁਨੀਆਂ ਤੋਂ ਖ਼ਤਮ ਕਰਨ ਦੀ ਇਕ ਪੇਸ਼ਕਸ਼ ਦਿੱਤੀ ਸੀ। ਭਾਰਤ ਨੇ ਬਹੁਤ ਸਾਰੇ ਦੇਸ਼ਾਂ ਦੇ ਵਿਰੋਧਾਂ ਦੀ ਪ੍ਰਵਾਹ ਨਾ ਕਰਦਿਆਂ ਆਪਣਾ ਪ੍ਰਮਾਣੂ ਅਤੇ ਮਿਸਾਈਲਾਂ ਸੰਬੰਧੀ ਪਲਾਨ ਨੂੰ ਅੱਗੇ ਵਧਾਉਣ ਦਾ ਨਿਸਚਾ ਕੀਤਾ।

ਇਸ ਤੋਂ ਬਾਅਦ ਵੀ ਭਾਰਤ ਦੀ ਪ੍ਰਮਾਣੂ ਨੀਤੀ ਮੂਲ ਰੂਪ ਵਿਚ ਲਗਭਗ ਸ਼ਾਂਤੀ ਤੇ ਆਧਾਰਿਤ ਵਿਕਾਸ ਵੱਲ ਹੀ ਕੇਂਦਰਿਤ ਰਹੀ ਤਾਂ ਜੋ ਭਾਰਤ ਦੀਆਂ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਵਿਚ ਇੱਕ ਸੰਤੁਲਨ ਕਾਇਮ ਰੱਖਿਆ ਜਾ ਸਕੇ। 1998 ਵਿਚ ਹੋਏ ਭਾਰਤੀ ਪ੍ਰਮਾਣੂ ਵਿਸਫੋਟ ਅਤੇ ਭਾਰਤੀ ਪ੍ਰਮਾਣੂ ਨੀਤੀ ਤੇ ਕਈ ਦੇਸ਼ਾਂ ਨੇ ਭਾਰਤ ਦੇ ਵਿਰੁੱਧ ਆਰਥਿਕ ਪ੍ਰਤਿਬਿੰਧ ਲਗਾ ਦਿੱਤੇ।ਭਾਰਤ ਨੇ ਬਹੁਤ ਸਾਰੇ ਦੇਸ਼ਾਂ ਦੇ ਵਿਰੋਧਾਂ ਦੀ ਪ੍ਰਵਾਹ ਨਾ ਕਰਦਿਆਂ ਆਪਣਾ ਪ੍ਰਮਾਣੂ ਅਤੇ ਮਿਸਾਈਲਾਂ ਸੰਬੰਧੀ ਪਲਾਨ ਨੂੰ ਅੱਗੇ ਵਧਾਉਣ ਦਾ ਨਿਸ਼ਚਾ ਕੀਤਾ।

ਇਸ ਤੋਂ ਬਾਅਦ ਪੱਛਮੀ ਦੇਸ਼ਾਂ ਨੇ ਭਾਰਤ ਉਤੇ CTBT ( Comprehensive Test Ban Treaty) ਉਤੇ ਦਸਤਖ਼ਤ ਕਰਨ ਲਈ ਦਬਾਓ ਪਾਇਆ ਹੋਇਆ ਹੈ।

ਭਾਰਤ ਦੀ ਬਦਲੀ ਹੋਈ ਰਾਜਨੀਤਿਕ ਸਰਕਾਰ ਨੇ ਆਪਣੀ ਪੁਰਾਣੀ ਪ੍ਰਮਾਣੂ ਨੀਤੀ ਵਿਚ ਬਦਲਾਅ ਲਿਆਉਂਦਿਆਂ 11 ਅਤੇ 13 ਮਈ 1998 ਨੂੰ ਰਾਜਸਥਾਨ ਦੇ ਪੋਖਰਾਨ ਇਲਾਕੇ ਵਿਚ ਪੰਜ ਪ੍ਰਮਾਣੂ ਵਿਸਫੋਟ ਕੀਤੇ ਅਤੇ ਆਪਣੇ ਆਪ ਨੂੰ ਪ੍ਰਮਾਣੂ ਸ਼ਕਤੀ ਘੋਸ਼ਿਤ ਕਰ ਦਿੱਤਾ ਭਾਵੇਂ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਭਾਰਤ ਜੰਗ ਦੀ ਸਥਿਤੀ ਵਿਚ ਪਹਿਲਾਂ ਪ੍ਰਮਾਣੂ ਹਥਿਆਰਾਂ ਦਾ ਇਸਤੇਮਾਲ ਨਹੀਂ ਕਰੇਗਾ ਪਰ ਨਾਲ ਹੀ ਇਹ ਵੀ ਕਿਹਾ ਗਿਆ ਕਿ ਭਾਰਤ ਹੁਣ ਅਜਿਹੇ ਭਿਆਨਕ ਸ਼ੇਰ ਵਰਗਾ ਹੈ ਜੋ ਸਿਰਫ਼ ਡਰਾਂਦਾ ਹੀ ਨਹੀਂ ਬਲਕਿ ਲੋੜ ਪੈਣ ਤੇ ਮਾਰ ਵੀ ਸਕਦਾ ਹੈ। ਇਹਨਾਂ ਪ੍ਰਮਾਣੂ ਵਿਸਫੋਟਾਂ ਨੇ ਚੀਨ, ਪਾਕਿਸਤਾਨ ਅਤੇ ਹੋਰ ਪੱਛਮੀ ਮੁਲਕਾਂ ਵਿਚ ਹਲਚਲ ਮਚਾ ਦਿੱਤੀ।

ਇਸ ਅਪ੍ਰੇਸ਼ਨ 'Budhha Smiled again' ਦੀ ਸਫ਼ਲਤਾ ਤੋਂ ਬਾਅਦ ਭਾਰਤੀ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਨੇ ਘੋਸ਼ਣਾ ਕੀਤੀ ਕਿ ਭਾਰਤ ਆਪਣੀ ਸੁਰੱਖਿਆ ਲਈ ਕੋਈ ਵੀ ਕਦਮ ਚੁੱਕ ਸਕਦਾ ਹੈ ਅਤੇ ਇਹ ਚੀਨ ਅਤੇ ਪਾਕਿਸਤਾਨ ਦੇ ਵੱਧਦੇ ਪ੍ਰਭਾਵ ਨੂੰ ਘੱਟ ਕਰਨ ਲਈ ਜ਼ਰੂਰੀ ਸੀ। ਇਸਦੇ ਨਾਲ ਹੀ ਉਹਨਾਂ ਨੇ ਭਾਰਤੀ ਵਿਗਿਆਨੀਆਂ ਨੂੰ ਵਧਾਈ ਵੀ ਦਿੱਤੀ।

ਜਿਵੇਂ ਕਿ ਉਮੀਦ ਸੀ ਪੱਛਮੀ ਦੇਸ਼ਾਂ ਨੇ ਭਾਰਤੀ ਪ੍ਰਮਾਣੂ ਧਮਾਕਿਆਂ ਦਾ ਵਿਰੋਧ ਕੀਤਾ ਤੇ ਕਿਹਾ ਕਿ ਇਸ ਨਾਲ ਦੱਖਣੀ ਏਸ਼ੀਆ ਦੇ ਖੇਤਰ ਵਿਚ ਪ੍ਰਮਾਣੂ ਹਥਿਆਰਾਂ ਦੀ ਅਜਿਹੀ ਦੌੜ ਸ਼ੁਰੂ ਹੋਵੇਗੀ ਜਿਸ ਉਤੇ ਕਾਬੂ ਕਰਨਾ ਮੁਸ਼ਕਿਲ ਹੋ ਜਾਵੇਗਾ।

## ਭਾਰਤ ਅਤੇ ਪ੍ਰਮਾਣੂ ਪ੍ਰਸਾਰ ਰੋਕ ਸੰਬੰਧੀ (India and Nuclear Non-Proliferation Treaty)

ਅਮਰੀਕਾ ਵਲੋਂ ਦੁਨੀਆਂ ਦੇ ਕੁਝ ਹੋਰ ਦੇਸ਼ਾਂ ਵਲੋਂ ਭਾਰਤ ਉਪਰ ਲਗਾਤਾਰ ਪ੍ਰਮਾਣੂ ਪ੍ਰਸਾਰ ਰੋਕ ਸੰਬੰਧੀ ਨੀਤੀ (NPT) ਉਪਰ ਦਸਤਖ਼ਤ ਕਰਨ ਲਈ ਦਬਾਓ ਪਾਇਆ ਜਾਂਦਾ ਰਿਹਾ ਹੈ। ਇਥੇ ਪ੍ਰਮਾਣੂ ਪ੍ਰਸਾਰ ਰੋਕ ਸੰਬੰਧੀ ਸੰਧੀ ਬਾਰੇ ਵੀ ਕੁਝ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੋਵੇਗੀ। ਪ੍ਰਮਾਣੂ ਪ੍ਰਸਾਰ ਰੋਕ ਸੰਧੀ 1 ਜੁਲਾਈ 1968 ਨੂੰ ਰੂਸ, ਅਮਰੀਕਾ ਅਤੇ ਇੰਗਲੈਂਡ ਵਿਚ ਦਸਤਖ਼ਤ ਕੀਤੀ ਗਈ ਸੀ ਅਤੇ 5 ਮਾਰਚ, 1970 ਨੂੰ ਲਾਗੂ ਹੋਈ। ਭਾਰਤ ਦਾ ਪ੍ਰਮਾਣੂ ਪ੍ਰਸਾਰ ਰੋਕ ਸੰਬੰਧੀ ਨੀਤੀ ਬਾਰੇ ਵਿਚਾਰ ਹੈ ਕਿ ਇਹ ਸੰਧੀ ਦਾ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਮਾਣੂ ਹਥਿਆਰਾਂ ਨੂੰ ਰੋਕਣ ਦਾ ਅਸਲ ਵਿਚ ਇਸ ਦਾ ਨਿਸ਼ਾਨਾ ਨਹੀਂ ਹੈ। ਇਸ ਸੰਧੀ ਬਾਰੇ ਭਾਰਤ ਨੇ ਹੇਠ ਲਿਖੇ ਵਿਚਾਰ ਪ੍ਰਗਟ ਕੀਤੇ ਹਨ :-

1. ਇਹ ਪ੍ਰਮਾਣੂ ਹਥਿਆਰਾਂ ਦੀ ਰੋਕ ਨੂੰ ਯਕੀਨੀ ਨਹੀਂ ਬਣਾਉਂਦੀ ਸਿਰਫ਼ ਉਨ੍ਹਾਂ ਰਾਜਾਂ ਵੱਲ ਫੈਲਣ ਤੋਂ ਰੋਕਦੀ ਹੈ ਜਿਨ੍ਹਾਂ ਨੇ ਅਜੇ ਪ੍ਰਮਾਣੂ ਹਥਿਆਰ ਪ੍ਰਾਪਤ ਨਹੀਂ ਕੀਤੇ।
2. ਇਹ ਸੰਧੀ ਪ੍ਰਮਾਣੂ ਹਥਿਆਰਾਂ ਵਾਲੇ ਦੇਸ਼ ਅਤੇ ਪ੍ਰਮਾਣੂ ਹਥਿਆਰਾਂ ਤੋਂ ਬਿਨ੍ਹਾਂ ਦੇਸ਼ ਦੀਆਂ ਜ਼ੁੰਮੇਵਾਰੀਆਂ ਅਤੇ ਫਰਜ਼ ਵਿਚ ਤਵਾਜ਼ਨ ਨਹੀਂ ਕਰਦੀ।
3. ਇਸ ਸੰਧੀ ਨੇ ਨਿਸ਼ਸ਼ਤਰੀਕਰਨ ਸੰਬੰਧੀ ਕਦਮ ਦਰ ਕਦਮ ਪਹੁੰਚ ਨਹੀਂ ਅਪਣਾਈ।
4. ਇਹ ਸ਼ਾਂਤੀਪੂਰਣ ਕੀਤੇ ਜਾਣ ਵਾਲੇ ਧਮਾਕਿਆਂ ਨਾਲ ਵੀ ਵਿਤਕਰਾ ਕਰਦੀ ਹੈ।

ਭਾਰਤ ਵਲੋਂ ਪ੍ਰਮਾਣੂ ਪ੍ਰਸਾਰ ਰੋਕ ਸੰਬੰਧੀ ਕੀਤੇ ਗਏ ਸ਼ੰਕੇ ਕੁਝ ਹੱਦ ਤੱਕ ਜਾਇਜ਼ ਵੀ ਲੱਗਦੇ ਹਨ । ਇਸ ਸੰਧੀ ਉਤੇ ਦਸਤਖ਼ਤ ਹੋਣ ਤੋਂ ਬਾਅਦ ਵੀ ਇਸ ਸੰਧੀ ਤੇ ਦਸਤਖ਼ਤ ਕਰਨ ਵਾਲਿਆਂ ਦੇਸ਼ਾਂ ਨੇ ਆਪਣੇ ਹਥਿਆਰਾਂ ਦੀ ਗਿਣਤੀ ਅਤੇ ਮਾਰ ਸ਼ਕਤੀ ਵਿਚ ਚੋਖਾ ਵਾਧਾ ਕੀਤਾ ਹੈ। ਜੇ ਅਸੀਂ ਅਮਰੀਕਾ ਅਤੇ ਰੂਸ ਦੇ ਪ੍ਰਮਾਣੂ ਹਥਿਆਰਾਂ ਦੇ ਅੰਕੜਿਆਂ ਵੱਲ ਦੇਖੀਏ

ਤਾਂ ਇਨ੍ਹਾਂ ਹਥਿਆਰਾਂ ਵਿਚ ਹਰ ਸਾਲ ਵਾਧਾ ਹੁੰਦਾ ਹੈ। ਦੂਜੇ ਪਾਸੇ ਪਿਛਲੇ 20 ਸਾਲਾਂ ਵਿਚ ਦੁਨੀਆਂ ਵਿਚ ਕੋਈ ਵੀ ਦੇਸ਼ ਪ੍ਰਮਾਣੂ ਹਥਿਆਰਾਂ ਵਾਲੀ ਸ਼ਕਤੀ ਨਹੀਂ ਬਣਿਆ। ਪਰ ਇਸ ਸੰਬੰਧ ਵਿਚ ਇਸਰਾਈਲ, ਦੱਖਣੀ ਅਫ਼ਰੀਕਾ ਅਤੇ ਪਾਕਿਸਤਾਨ ਦੀ ਹਾਲਤ ਕੁਝ ਵੱਖਰੀ ਹੈ। ਭਾਰਤ ਵਲੋਂ ਅਜਿਹਾ ਨਾ ਮੰਨਣ ਉਤੇ ਭਾਰਤ ਅਤੇ ਪਾਕਿਸਤਾਨ ਨੂੰ ਦੱਖਣ ਏਸ਼ੀਆ ਪ੍ਰਮਾਣੂ ਹਥਿਆਰਾਂ ਰਹਿਤ ਖੇਤਰ ਮੰਨਣ ਦੇ ਸੁਝਾਅ ਵੀ ਦਿੱਤੇ ਜਾਂਦੇ ਰਹੇ ਹਨ। ਪਰ ਇਸ ਪੇਸ਼ਕਸ਼ ਨੂੰ ਵੀ ਭਾਰਤ ਨੇ ਕੋਈ ਖਾਸ ਹੁੰਗਾਰਾ ਨਹੀਂ ਦਿੱਤਾ।

ਇਰਾਕ ਦੇ ਵਿਰੁੱਧ ਅਮਰੀਕੀ ਜੰਗ ਦੌਰਾਨ, ਪਾਕਿਸਤਾਨ ਵਿਚ ਇਰਾਕ ਦੇ ਹੱਕ ਵਿਚ ਜਨਮਤ ਤੋਂ ਪ੍ਰਭਾਵਿਤ ਹੋ ਕੇ ਪਾਕਿਸਤਾਨ ਨੇ ਆਪਣੀ ਪ੍ਰਮਾਣੂ ਨੀਤੀ ਨੂੰ ਵਧੇਰੇ ਉਤਸ਼ਾਹ ਨਾਲ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਸਿੱਟੇ ਵਜੋਂ ਅਮਰੀਕਾ ਵਲੋਂ ਪਾਕਿਸਤਾਨ ਨੂੰ ਮਿਲਣ ਵਾਲੀ 2 ਬਿਲੀਅਨ ਡਾਲਰ ਦੀ ਅਮਰੀਕੀ ਸਹਾਇਤਾ ਉਪਰ ਰੋਕ ਲਗਾ ਦਿੱਤੀ ਗਈ ਹੈ। ਦੂਜੇ ਪਾਸੇ ਸੋਵੀਅਤ ਯੂਨੀਅਨ ਦੇ ਮਹਾਂਸ਼ਕਤੀ ਵਜੋਂ ਟੁੱਟ ਜਾਣ ਤੋਂ ਬਾਅਦ ਅਮਰੀਕਾ ਦਾ ਪਾਕਿਸਤਾਨ ਪ੍ਰਤੀ ਵਤੀਰਾ ਵੀ ਬਦਲ ਗਿਆ ਹੈ ਕਿਉਂਕਿ ਉਸ ਨੂੰ ਪਾਕਿਸਤਾਨ ਨੂੰ ਕਿਸੇ ਵੀ ਰੂਸ ਜਾਂ ਚੀਨ ਵਿਰੋਧੀ ਕਾਰਵਾਈ ਲਈ ਪਾਕਿਸਤਾਨੀ ਅੱਡਿਆਂ ਦੀ ਲੋੜ ਨਹੀਂ ਰਹੀ।

ਭਵਿੱਖ ਵਿਚ ਭਾਰਤ ਦੀ ਪ੍ਰਮਾਣੂ ਨੀਤੀ ਕੀ ਕਰਵਟ ਬਦਲਦੀ ਹੈ ਇਹ ਗੱਲ ਬਦਲਦੀਆਂ ਅੰਤਰ-ਰਾਸ਼ਟਰੀ ਪ੍ਰਸਥਿੱਤੀਆਂ, ਖੇਤਰੀ ਪ੍ਰਸਥਿਤੀਆਂ, ਭਾਰਤ ਦੇ ਵਿਦੇਸ਼ਾਂ ਨਾਲ ਸੰਬੰਧ ਅਤੇ ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਸੰਬੰਧਾਂ ਤੇ ਨਿਰਭਰ ਕਰਦੀ ਹੈ।

## SUGGESTED BOOKS


1 K.K. Pathak : Nuclear Policy of India

2 Shyam Bhatia : India's Nuclear Bomb

3 Ashok Kapur : India's Nuclear Option



Type Setting :
Department of Distance Education, Punjabi University, Patiala.